@Qpatrika | @qaumipatrika punjabi | instagram.com/ qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Saturday, 31 October 2026

Punjabi National Daily — **Qaumi Patrika** — **NO.1**

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 31 ਅਕਤੂਬਰ 2026, 17 ਕੱਤਕ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 358, qpatrika@gmail.com ਫੋਨ : 9971359517 www.qaumipatrika.org

ਪੰਜਾਬ 'ਚ ਨਸ਼ਿਆਂ ਤੇ ਕਾਨੂੰਨ-ਵਿਵਸਥਾ ਦੇ ਮੁੱਦੇ 'ਤੇ ਚੋਣ ਲੜੇਗੀ ਕਾਂਗਰਸ: ਵੇਣੂਗੋਪਾਲ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਚੰਡੀਗੜ੍ਹ 30 ਅਕਤੂਬਰ। ਕਾਂਗਰਸ ਭਵਨ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਆਲ ਇੰਡੀਆ ਕਾਂਗਰਸ ਕਮੇਟੀ (ਏ.ਆਈ.ਸੀ.ਸੀ.) ਦੇ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ ਨੇ ਕਿਹਾ ਕਿ ਪੰਜਾਬ ਦੇ ਬਿਹਤਰ ਕੱਲ੍ਹ ਲਈ ਕਾਂਗਰਸ ਹੀ ਇੱਕੋ ਇੱਕ ਵਿਕਲਪ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇਸ਼ ਦਾ ਇੱਕੋ ਇੱਕ ਸੂਬਾ ਹੈ ਜਿਸ ਨੇ ਹਮੇਸ਼ਾ ਦੂਜੇ ਸੂਬਿਆਂ ਲਈ ਇੱਕ ਚੰਗੀ ਉਦਾਹਰਣ ਪੇਸ਼ ਕੀਤੀ ਹੈ। ਵੇਣੂਗੋਪਾਲ ਨੇ ਕਿਹਾ ਕਿ ਅੱਜ ਪੰਜਾਬ ਦਾ ਹਰ ਵਰਗ ਦੁਖੀ ਹੈ। ਨਸ਼ਿਆਂ ਨੇ ਪੰਜਾਬ ਨੂੰ ਪੂਰੀ ਤਰ੍ਹਾਂ ਕਮਜ਼ੋਰ ਕਰ ਦਿੱਤਾ ਹੈ ਤੇ ਕਾਂਗਰਸ ਇਸ ਸਥਿਤੀ ਨੂੰ ਦੂਰ ਕਰਨ 'ਚ ਮਹੱਤਵਪੂਰਨ ਭੂਮਿਕਾ ਨਿਭਾਅ ਸਕਦੀ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਕਾਂਗਰਸ ਨੇ ਪੰਜਾਬ ਨੂੰ ਅੱਤਵਾਦ ਤੋਂ ਮੁਕਤ ਕੀਤਾ, ਉਸੇ ਤਰ੍ਹਾਂ ਕਾਂਗਰਸ ਪੰਜਾਬ ਨੂੰ ਨਸ਼ਿਆਂ ਤੋਂ ਮੁਕਤ ਕਰਨ 'ਚ ਸ਼ਲਾਘਾਯੋਗ ਭੂਮਿਕਾ ਨਿਭਾਵੇਗੀ। ਵੇਣੂਗੋਪਾਲ ਨੇ ਇਹ ਵੀ ਕਿਹਾ ਕਿ

ਪਿਛਲੇ 13 ਸਾਲਾਂ 'ਚ ਭਾਜਪਾ ਪੰਜਾਬ 'ਚ ਫੈਲ ਰਹੇ ਨਸ਼ਿਆਂ ਦੇ ਕਾਰੋਬਾਰ ਨੂੰ ਰੋਕਣ 'ਚ ਅਸਫਲ ਰਹੀ ਹੈ, ਪਰ ਜਿਵੇਂ-ਜਿਵੇਂ ਚੋਣਾਂ ਨੇੜੇ ਆ ਰਹੀਆਂ ਹਨ, ਭਾਜਪਾ ਨੂੰ ਪੰਜਾਬ 'ਚੋਂ ਨਸ਼ਿਆਂ ਨੂੰ ਖ਼ਤਮ ਕਰਨਾ ਯਾਦ ਆ ਰਿਹਾ ਹੈ। ਪੰਜਾਬ ਇਕ ਸਰਹੱਦੀ ਸੂਬਾ ਹੈ ਤੇ ਉੱਥੇ ਬੀ.ਐੱਸ.ਐੱਫ. ਤਾਇਨਾਤ ਹੈ। ਭਾਜਪਾ ਨੂੰ ਸਰਹੱਦ ਤੋਂ 50 ਕਿਲੋਮੀਟਰ ਤੱਕ ਦਾ ਖੇਤਰ ਦੇਣ ਦੇ ਬਾਵਜੂਦ, ਇਹ ਪੰਜਾਬ 'ਚ ਫੈਲ ਰਹੇ ਨਸ਼ਿਆਂ ਦੇ ਕਾਰੋਬਾਰ ਨੂੰ ਰੋਕਣ 'ਚ ਅਸਫਲ ਰਹੀ ਹੈ ਤੇ ਹੁਣ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦੇ ਵਾਅਦੇ ਨਾਲ ਨਵੀਆਂ ਤਰੀਕਾਂ ਦਾ ਐਲਾਨ ਕਰ ਰਹੀ ਹੈ। ਵੇਣੂਗੋਪਾਲ ਨੇ ਦਾਅਵਾ ਕੀਤਾ ਕਿ ਕਾਂਗਰਸ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਪੰਜਾਬ 'ਚ ਸੱਤਾ ਹਾਸਲ ਕਰੇਗੀ ਤੇ ਪੰਜਾਬ ਨੂੰ ਵਿਕਾਸ ਦੀਆਂ ਨਵੀਆਂ ਉਚਾਈਆਂ 'ਤੇ ਲੈ ਜਾਵੇਗੀ। ਆਪਣੀ ਪੰਜਾਬ ਫੇਰੀ ਦੌਰਾਨ ਉਨ੍ਹਾਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਦੇ ਨਾਲ-ਨਾਲ ਰਾਹੁਲ ਗਾਂਧੀ ਦੀ 4 ਨਵੰਬਰ ਨੂੰ ਪੰਜਾਬ ਫੇਰੀ ਸਬੰਧੀ ਮਹੱਤਵਪੂਰਨ ਮੀਟਿੰਗਾਂ ਕੀਤੀਆਂ। 'ਆਪ' ਦੀ ਰਾਜਧਾਨੀ ਮੰਨੇ ਜਾਣ ਵਾਲੇ ਸੰਗਰੂਰ ਜ਼ਿਲ੍ਹੇ ਨੂੰ ਰਾਹੁਲ ਗਾਂਧੀ ਦੀ ਰੈਲੀ ਲਈ ਚੁਣਿਆ ਗਿਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਆਪਣਾ ਚੋਣ ਬਿਗਲ ਉਥੋਂ ਵਜਾਏਗੀ। ਉਨ੍ਹਾਂ ਕਿਹਾ ਕਿ ਕਾਂਗਰਸ ਇਸ ਚੋਣ ਨੂੰ ਪੰਜਾਬ 'ਚ ਨਸ਼ਿਆਂ ਦੀ ਦੁਰਵਰਤੋਂ ਅਤੇ ਮਾੜੀ ਕਾਨੂੰਨ ਵਿਵਸਥਾ ਦੇ ਮੁੱਦਿਆਂ 'ਤੇ ਲੜੇਗੀ। ਕਾਂਗਰਸ ਪੰਜਾਬ ਨੂੰ ਨਸ਼ਿਆਂ ਅਤੇ ਗੈਂਗਸਟਰਵਾਦ ਤੋਂ ਪੂਰੀ ਤਰ੍ਹਾਂ ਮੁਕਤ ਕਰਨ ਦਾ ਵਾਅਦਾ ਕਰੇਗੀ। ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਸਚਿਨ ਪਾਇਲਟ ਨੇ ਕਿਹਾ ਕਿ ਪੰਜਾਬ ਕਾਂਗਰਸ ਅੱਜ ਪੂਰੀ ਤਰ੍ਹਾਂ ਇਕਜੁੱਟ ਹੈ। ਇਸ ਉਦਾਹਰਣ ਦਾ ਹਵਾਲਾ ਦਿੰਦਿਆਂ ਪਾਇਲਟ ਨੇ ਕਿਹਾ ਕਿ ਅੱਜ ਉਨ੍ਹਾਂ ਨੂੰ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਵੱਲੋਂ ਦੁਪਹਿਰ ਦੇ ਖਾਣੇ ਦਾ ਸੱਦਾ ਮਿਲਿਆ। ਉਹ ਖ਼ੁਦ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਗਟ ਸਿੰਘ ਦੀ ਕਾਰ ਚਲਾ ਰਹੇ ਸਨ ਅਤੇ ਕਾਰ ਵਿਚ ਕਾਂਗਰਸ ਸੰਗਠਨ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ, ਸਾਬਕਾ ਮੁੱਖ ਮੰਤਰੀ ਅਤੇ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ, ਪੰਜਾਬ ਪ੍ਰਧਾਨ ਪ੍ਰਗਟ ਸਿੰਘ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਸਨ।

ਲੱਦਾਖ ਦੇਸ਼ ਦਾ ਪਹਿਲਾ 100 ਫੀਸਦੀ ਜੈਵਿਕ ਕੇਂਦਰ ਸ਼ਾਸਿਤ ਪ੍ਰਦੇਸ਼ ਕਰਾਰ

ਕੌਮੀ ਪਤ੍ਰਿਕਾ

ਜੰਮੂ 30 ਅਕਤੂਬਰ। ਕੇਂਦਰ ਸ਼ਾਸਿਤ ਪ੍ਰਦੇਸ਼ ਲੱਦਾਖ ਨੂੰ ਭਾਰਤ ਦਾ ਪਹਿਲਾ 100 ਫੀਸਦੀ ਜੈਵਿਕ ਕੇਂਦਰ ਸ਼ਾਸਿਤ ਪ੍ਰਦੇਸ਼ ਕਰਾਰ ਦਿੱਤਾ ਗਿਆ ਹੈ। ਇਹ ਐਲਾਨ ਕਰਦੇ ਹੋਏ ਉਪ ਰਾਜਪਾਲ ਵਿਨੇ ਕੁਮਾਰ ਸਕਸੈਨਾ ਨੇ ਕਿਸਾਨਾਂ ਦੇ ਸਮਰਪਣ ਤੇ ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਕੇਂਦਰ ਸ਼ਾਸਿਤ ਪ੍ਰਦੇਸ਼ ਪ੍ਰਸ਼ਾਸਨ ਦੇ ਲਗਾਤਾਰ ਯਤਨਾਂ ਦੀ ਸ਼ਲਾਘਾ ਕੀਤੀ। ਇਸ ਪ੍ਰਾਪਤੀ ਨੂੰ ਲੱਦਾਖ ਦੇ ਨਾਜ਼ੁਕ ਹਿਮਾਲੀਅਨ ਈਕੋ-ਸਿਸਟਮ ਨੂੰ ਸੰਭਾਲਣ, ਮਿੱਟੀ ਤੇ ਪਾਣੀ ਦੀ ਗੁਣਵੱਤਾ 'ਚ ਸੁਧਾਰ ਕਰਨ ਤੇ ਕਿਸਾਨਾਂ ਦੀ ਆਮਦਨ ਵਧਾਉਣ ਲਈ ਅਹਿਮ ਮੰਨਿਆ ਜਾਂਦਾ ਹੈ। ਰਵਾਇਤੀ ਖੇਤੀਬਾੜੀ ਅਭਿਆਸਾਂ ਤੇ ਢੁੱਕਵੇਂ ਕੁਦਰਤੀ ਹਾਲਾਤ ਦੇ ਆਧਾਰ 'ਤੇ ਲੱਦਾਖ ਨੂੰ ਟਿਕਾਊ ਤੇ ਵਾਤਾਵਰਣ ਮੁਤਾਬਕ ਖੇਤੀ ਦੇ ਮਾਡਲ ਵਜੋਂ ਵਿਕਸਤ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਲੈਫਟੀਨੈਂਟ ਗਵਰਨਰ ਨੇ ਕਿਹਾ ਕਿ ਇਹ ਲੱਦਾਖ ਤੇ ਪੂਰੇ ਦੇਸ਼ ਲਈ ਮਾਣ ਵਾਲੀ ਗੱਲ ਹੈ। ਕਿਸਾਨਾਂ ਨੇ ਸਾਬਤ ਕਰ ਦਿੱਤਾ ਹੈ ਕਿ ਮੁਸ਼ਕਲ ਭੂਗੋਲਿਕ ਹਾਲਾਤ 'ਚ ਵੀ ਵਾਤਾਵਰਣ ਅਨੁਕੂਲ ਖੇਤੀ ਸਫਲਤਾਪੂਰਵਕ ਕੀਤੀ ਜਾ ਸਕਦੀ ਹੈ। ਜੈਵਿਕ ਦਰਜਾ ਹਾਸਲ ਕਰਨਾ ਸਿਰਫ਼ ਇਕ ਪ੍ਰਾਪਤੀ ਨਹੀਂ ਸਗੋਂ ਹਿਮਾਲੀਅਨ ਵਾਤਾਵਰਣ ਦੀ ਰੱਖਿਆ,

ਰਵਾਇਤੀ ਖੇਤੀਬਾੜੀ ਅਭਿਆਸਾਂ ਨੂੰ ਸੁਰੱਖਿਅਤ ਰੱਖਣ ਤੇ ਕਿਸਾਨਾਂ ਦੀ ਰੋਜ਼ੀ-ਰੋਟੀ ਨੂੰ ਬਿਹਤਰ ਬਣਾਉਣ ਲਈ ਵਚਨਬੱਧਤਾ ਵੀ ਹੈ।

ਪਰਾਲੀ ਪ੍ਰਬੰਧਨ ਨੂੰ ਲੈ ਕੇ ਸਰਕਾਰ ਗੰਭੀਰ, ਕਿਸਾਨਾਂ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ ਮਸ਼ੀਨਾਂ: ਸ਼ਿਆਮ ਸਿੰਘ ਰਾਣਾ

ਚੰਡੀਗੜ੍ਹ, 30 ਅਕਤੂਬਰ: ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਕਰਨਾਲ ਵਿੱਚ ਕਿਹਾ ਕਿ ਹਰਿਆਣਾ ਸਰਕਾਰ ਵੱਲੋਂ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਅਤੇ ਫ਼ਸਲਾਂ ਦੀ ਵੇਸਟ ਦੇ ਢੁਕਵੇਂ ਪ੍ਰਬੰਧਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਪ੍ਰਤੀ ਜਾਗਰੂਕ ਕਰਨ ਦੇ ਨਾਲ-ਨਾਲ ਆਧੁਨਿਕ ਖੇਤੀਬਾੜੀ ਮਸ਼ੀਨਾਂ ਦੀ ਵਰਤੋਂ ਲਈ ਵੀ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਪਰਾਲੀ ਪ੍ਰਬੰਧਨ ਲਈ ਕਿਸਾਨਾਂ ਨੂੰ ਇੱਕ ਲੱਖ 882 ਮਸ਼ੀਨਾਂ ਮੁਹੱਈਆ ਕਰਵਾਈਆਂ ਗਈਆਂ ਹਨ। ਜਿਸ ਕਾਰਨ ਇਸ ਵਾਰ ਪਰਾਲੀ ਸਾੜਨ ਦੀਆਂ ਘਟਨਾਵਾਂ ਨਾਮਾਤਰ ਹੀ ਹੋਈਆਂ ਹਨ। ਉਨ੍ਹਾਂ ਕਿਹਾ ਕਿ ਫ਼ਸਲਾਂ ਦੀ ਵੇਸਟ ਦੇ ਢੁਕਵੇਂ ਨਿਪਟਾਰੇ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਪਰਾਲੀ ਸਾੜਨ ਦੀਆਂ ਘਟਨਾਵਾਂ 'ਤੇ ਨਿਗਰਾਨੀ ਰੱਖੀ ਜਾ ਰਹੀ ਹੈ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਖੇਤਾਂ ਵਿੱਚ ਪਰਾਲੀ ਨਾ ਸਾੜਨ ਅਤੇ ਉਪਲਬਧ ਖੇਤੀਬਾੜੀ ਮਸ਼ੀਨਾਂ ਅਤੇ ਵਿਗਿਆਨਕ ਤਕਨੀਕਾਂ ਦੀ ਵਰਤੋਂ ਕਰਕੇ ਵਾਤਾਵਰਣ ਦੀ ਸੰਭਾਲ ਵਿੱਚ ਆਪਣਾ ਯੋਗਦਾਨ ਪਾਉਣ। ਪਰਾਲੀ ਦਾ ਢੁਕਵਾਂ ਪ੍ਰਬੰਧਨ ਮਿੱਟੀ ਦੀ ਉਪਜਾਊ ਸ਼ਕਤੀ ਬਣਾਈ ਰੱਖਣ ਅਤੇ ਹਵਾ ਪ੍ਰਦੂਸ਼ਣ ਘਟਾਉਣ ਵਿੱਚ ਸਹਾਇਕ ਹੈ।

ਦਿੱਲੀ ਦੀ ਕੋਰਟ ਨੇ ਯਾਸੀਨ ਮਲਿਕ, ਇੰਜੀਨੀਅਰ ਰਾਸ਼ਿਦ ਤੇ 5 ਹੋਰ ਖ਼ਿਲਾਫ਼ ਮੁਕੱਦਮਾ ਚਲਾਉਣ ਦਾ ਦਿੱਤਾ ਆਦੇਸ਼

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਨਵੀਂ ਦਿੱਲੀ 30 ਅਕਤੂਬਰ। ਦਿੱਲੀ ਦੀ ਇਕ ਅਦਾਲਤ ਨੇ ਜੇਲ੍ਹ 'ਚ ਬੰਦ ਵੱਖਵਾਦੀ ਨੇਤਾ ਯਾਸੀਨ ਮਲਿਕ, ਬਾਰਾਮੂਲਾ ਦੇ ਸੰਸਦ ਮੈਂਬਰ ਸ਼ੇਖ ਅਬਦੁੱਲ ਰਾਸ਼ਿਦ ਉਰਫ਼ ਇੰਜੀਨੀਅਰ ਰਾਸ਼ਿਦ ਅਤੇ 5 ਹੋਰ ਦੋਸ਼ੀਆਂ ਖ਼?ਲਾਫ਼ ਮੁਕੱਦਮਾ ਚਲਾਉਣ ਦਾ ਆਦੇਸ਼ ਦਿੱਤਾ ਹੈ। ਇਹ ਆਦੇਸ਼ ਜੰਮੂ ਕਸ਼ਮੀਰ 'ਚ ਵੱਖਵਾਦੀ ਗਤੀਵਿਧੀਆਂ ਲਈ ਹਵਾਲਾ ਰਾਹੀਂ ਪਾਕਿਸਤਾਨ ਤੋਂ ਫੰਡ ਪ੍ਰਾਪਤ ਕਰਨ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ 'ਚ ਦਿੱਤਾ ਗਿਆ ਹੈ। ਵਿਸ਼ੇਸ਼ ਜੱਜ ਪ੍ਰਸ਼ਾਂਤ ਸ਼ਰਮਾ ਨੇ ਦੋਸ਼ੀਆਂ ਦੇ ਅਪਰਾਧ 'ਚ ਸ਼ਾਮਲ ਹੋਣ ਦਾ ਮਜ਼ਬੂਤ ਸ਼ੱਕ ਜ਼ਾਹਰ ਕਰਨ ਲਈ ਰਿਕਾਰਡ 'ਤੇ ਪ੍ਰਾਪਤ ਸਮੱਗਰੀ ਪਾਉਂਦੇ ਹੋਏ 7 ਦੋਸ਼ੀਆਂ ਖ਼?ਲਾਫ਼ ਮਨੀ ਲਾਂਡਰਿੰਗ ਰੋਕਥਾਮ ਐਕਟ (ਪੀਐੱਮਐੱਲਏ) ਦੇ ਅਧੀਨ ਦੋਸ਼ ਤੈਅ ਕਰਨ ਦਾ ਆਦੇਸ਼ ਦਿੱਤਾ। ਇਨਫਰੋਸਮੈਂਟ ਡਾਇਰੈਕਟੋਰੇਟ (ਈਡੀ) ਦਾ ਦੋਸ਼ ਹੈ ਕਿ ਦੋਸ਼ੀਆਂ ਨੇ ਵੱਖ-ਵੱਖ ਮਾਧਿਅਮਾਂ ਰਾਹੀਂ 8.94 ਕਰੋੜ ਰੁਪਏ ਦੀ ਅਪਰਾਧ ਤੋਂ ਕਮਾਈ ਕੀਤੀ, ਪ੍ਰਾਪਤ ਕੀਤੀ, ਟਰਾਂਸਫਰ ਕੀਤੀ, ਲੁਕਾਈ, ਆਪਣੇ ਅਧਿਕਾਰ 'ਚ ਰੱਖੀ ਅਤੇ ਉਸ ਦਾ ਇਸਤੇਮਾਲ ਕੀਤਾ। ਦੋਸ਼ੀਆਂ 'ਚ ਪਾਬੰਦੀਸ਼ੁਦਾ ਜੰਮੂ ਕਸ਼ਮੀਰ ਲਿਬਰੇਸ਼ਨ ਫਰੰਟ

(ਜੇਕੇਐੱਲਐੱਫ) ਦੇ ਮੁਖੀ ਯਾਸੀਨ ਮਲਿਕ, ਵੱਖਵਾਦੀ ਨੇਤਾ ਸ਼ਬੀਰ ਅਹਿਮਦ ਸ਼ਾਹ, ਬਾਰਾਮੂਲਾ ਦੇ ਸੰਸਦ ਮੈਂਬਰ ਸ਼ੇਖ ਅਬਦੁੱਲ ਰਾਸ਼ਿਦ, ਮਸਰਤ ਆਲਮ, ਜ਼ਹੂਰ ਅਹਿਮਦ ਸ਼ਾਹ ਵਟਾਲੀ, ਨਵਲ ਕਿਸ਼ੋਰ ਕਪੂਰ ਅਤੇ ਮੈਸਰਸ ਟ੍ਰਿਸਨ ਫਾਰਮਜ਼ ਐਂਡ ਕੰਸਟ?ਰਕਸ਼ਨਜ਼ ਪ੍ਰਾਈਵੇਟ ਲਿਮਟਿਡ ਸ਼ਾਮਲ ਹਨ। ਈਡੀ ਦਾ ਮਾਮਲਾ ਰਾਸ਼ਟਰੀ ਜਾਂਚ ਏਜੰਸੀ (ਐੱਨਆਈਏ) ਵਲੋਂ 2017 'ਚ ਦਰਜ ਇਕ ਮਾਮਲੇ ਨਾਲ ਜੁੜਿਆ ਹੈ। ਉਸ ਮਾਮਲੇ 'ਚ ਭਾਰਤੀ ਨਿਆਂ ਸੰਹਿਤਾ (ਆਈਪੀਸੀ) ਅਤੇ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ (ਯੂਏਪੀਏ) ਦੀਆਂ ਵੱਖ-ਵੱਖ ਧਾਰਾਵਾਂ ਦੇ ਅਧੀਨ ਦੋਸ਼ ਲਗਾਏ ਗਏ ਹਨ। ਇਸਤਗਾਸਾ ਪੱਖ ਦਾ ਦੋਸ਼ ਹੈ ਕਿ ਦੋਸ਼ੀਆਂ ਨੇ ਵੱਖਵਾਦੀ ਗਤੀਵਿਧੀਆਂ ਨੂੰ ਉਤਸ਼ਾਹ ਦੇਣ ਅਤੇ ਦੇਸ਼ ਦੇ ਕਾਨੂੰਨਾਂ ਦੇ ਵਿਰੁੱਧ ਕੰਮ ਕਰਨ ਲਈ ਹਵਾਨਾ ਅਤੇ ਹੋਰ ਮਾਧਿਅਮਾਂ ਨਾਲ 'ਪਾਕਿਸਤਾਨੀ ਤੰਤਰ' ਤੋਂ ਪੈਸੇ ਪ੍ਰਾਪਤ ਕੀਤੇ। ਈਡੀ ਅਨੁਸਾਰ, ਇਹ ਪੈਸੇ ਨਕਦੀ ਲਿਆਉਣ-ਲਿਜਾਉਣ ਵਾਲਿਆਂ ਅਤੇ ਵਿਚੋਲਿਆਂ ਦੇ ਇਕ ਜਟਿਲ ਤੰਤਰ ਰਾਹੀਂ ਭੇਜਿਆ ਗਿਆ ਹੈ। ਦੋਸ਼ ਹੈ ਕਿ ਇਨ੍ਹਾਂ ਵਿਚੋਲਿਆਂ ਨੇ ਨਵੀਂ ਦਿੱਲੀ 'ਚ ਪਾਕਿਸਤਾਨ ਹਾਈ ਕਮਿਸ਼ਨ ਤੋਂ ਫੰਡ ਇਕੱਠੇ ਕੀਤੇ ਅਤੇ ਉਨ੍ਹਾਂ ਨੂੰ ਯਾਸੀਨ ਮਲਿਕ ਸਮੇਤ ਵੱਖਵਾਦੀ ਨੇਤਾਵਾਂ ਨੂੰ ਵਿਨਾਸ਼ਕਾਰੀ ਗਤੀਵਿਧੀਆਂ ਲਈ ਭੇਜਿਆ। ਜਾਂਚ ਏਜੰਸੀ ਦਾ ਦੋਸ਼ ਹੈ ਕਿ ਮਲਿਕ ਨੇ 3 ਕਰੋੜ ਰੁਪਏ ਤੋਂ ਵੱਧ ਦੇ ਵਿਦੇਸ਼ੀ ਫੰਡ ਪ੍ਰਾਪਤ ਕੀਤੇ ਅਤੇ ਅਪਰਾਧ ਤੋਂ ਪ੍ਰਾਪਤ ਇਨ੍ਹਾਂ ਕਮਾਈਆਂ ਨੂੰ ਟਿਕਾਣੇ ਲਗਾਇਆ।

ਦੁਸ਼ਮਣ ਟੈਂਕਾਂ ਦੀ ਨਹੀਂ ਹੋਵੇਗੀ ਖ਼ੈਰ ! ਭਾਰਤੀ ਫ਼ੌਜ ਨੂੰ ਮਿਲਿਆ 'ਨਾਗਾਸਤਰ-2'

ਨਵੀਂ ਦਿੱਲੀ 30 ਅਕਤੂਬਰ। ਭਾਰਤੀ ਫੌਜ ਦੀ ਤਾਕਤ ਵਧਾਉਣ ਲਈ ਸਵਦੇਸ਼ੀ ਰੱਖਿਆ ਤਕਨਾਲੋਜੀ ਦੇ ਖੇਤਰ 'ਚ ਇਕ ਹੋਰ ਅਹਿਮ ਕਦਮ ਚੁੱਕਿਆ ਗਿਆ ਹੈ। ਨਾਗਪੁਰ ਸਥਿਤ ਸੋਲਰ ਡਿਫੈਂਸ ਐਂਡ ਏਅਰੋਸਪੇਸ ਲਿਮਟਿਡ ਨੇ ਭਾਰਤੀ ਫੌਜ ਨੂੰ ਆਪਣਾ ਸਵਦੇਸ਼ੀ ਐਂਟੀ-ਟੈਂਕ ਲੋਇਟਰਿੰਗ ਮਿਊਨੀਸ਼ਨ ਸਿਸਟਮ 'ਨਾਗਾਸਤਰ-2' ਸੌਂਪਿਆ ਹੈ। ਕੰਪਨੀ ਮੁਤਾਬਕ, ਇਹ ਸਿਸਟਮ ਆਧੁਨਿਕ ਨਿਗਰਾਨੀ ਤਕਨਾਲੋਜੀ ਅਤੇ ਸਟੀਕ ਨਿਸ਼ਾਨਾ ਲਾਉਣ ਦੀ ਸਮਰੱਥਾ ਨਾਲ ਲੈਸ ਹੈ। ਕੰਪਨੀ ਅਨੁਸਾਰ 'ਨਾਗਾਸਤਰ-2' 'ਚ ਦਿਨ ਅਤੇ ਰਾਤ ਦੋਵਾਂ ਸਮਿਆਂ 'ਚ ਨਿਗਰਾਨੀ ਕਰਨ ਵਾਲੇ ਕੈਮਰੇ ਲੱਗੇ ਹਨ। ਇਸ 'ਚ 4 ਕਿਲੋ ਦਾ 'ਟੈਂਡਮ ਸ਼ੇਪਡ-ਚਾਰਜ ਵਾਰਹੈੱਡ' ਦਿੱਤਾ ਗਿਆ ਹੈ। ਇਹ ਸਿਸਟਮ 2 ਮੋਡਜ਼ 'ਚ ਕੰਮ ਕਰਦਾ ਹੈ। ਰਿਕਵਰ ਕਰ ਕੇ ਦੁਬਾਰਾ ਵਰਤੋਂ ਕਰਨ ਵਾਲੇ ਮੋਡ 'ਚ ਇਸ ਦੀ ਆਪ੍ਰੇਸ਼ਨਲ ਰੇਂਜ 25 ਕਿਲੋਮੀਟਰ ਹੈ

ਭਾਰਤ ਤੇ ਚੀਨ ਸਰਹੱਦ 'ਤੇ ਮੁੜ ਹੋਈਆਂ ਜਵਾਨਾਂ ਦੀਆਂ ਝੜਪਾਂ !

ਨੈਸ਼ਨਲ ਡੈਸਕ 30 ਅਕਤੂਬਰ। ਅਰੁਣਾਚਲ ਪ੍ਰਦੇਸ਼ ਤੋਂ ਇਕ ਵੱਡੀ ਖ਼ਬਰ ਸਾਹਮਣੇ ਆਈ ਹੈ, ਜਿੱਥੇ ਅਸਲ ਕੰਟਰੋਲ ਰੇਖਾ 'ਤੇ ਭਾਰਤੀ ਅਤੇ ਚੀਨੀ ਜਵਾਨਾਂ ਵਿਚਾਲੇ ਨਵੀਂਆਂ ਝੜਪਾਂ ਦੀਆਂ ਖ਼ਬਰਾਂ ਸਾਹਮਣੇ ਆਈਆਂ ਹਨ। ਇਨ੍ਹਾਂ ਖ਼ਬਰਾਂ 'ਤੇ ਚੀਨੀ ਵਿਦੇਸ਼ ਮੰਤਰਾਲੇ ਨੇ ਸੋਮਵਾਰ ਨੂੰ ਆਪਣਾ ਪੱਖ ਰੱਖਿਆ ਹੈ। ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਗੁਓ ਜਿਆਕੁਨ ਨੇ ਦਾਅਵਾ ਕੀਤਾ ਹੈ ਕਿ ਚੀਨ ਨੇ ਦੋਵਾਂ ਦੇਸ਼ਾਂ ਦਰਮਿਆਨ ਹੋਏ ਸਮਝੌਤਿਆਂ ਅਤੇ ਸਹਿਮਤੀਆਂ ਦਾ ਸਖ਼ਤੀ ਨਾਲ ਪਾਲਣ ਕੀਤਾ ਹੈ। ਚੀਨ ਦਾ ਇਹ ਬਿਆਨ ਭਾਰਤ ਦੇ 'ਇੰਡੋ-ਤਿੱਬਤਨ ਬਾਰਡਰ ਪੁਲਿਸ' ਦੇ ਡਾਇਰੈਕਟਰ ਜਨਰਲ ਵੱਲੋਂ ਅਰੁਣਾਚਲ ਪ੍ਰਦੇਸ਼ 'ਚ ਚੀਨੀ ਫੌਜ ਨਾਲ ਝੜਪਾਂ ਦੀ ਪੁਸ਼ਟੀ ਕਰਨ ਅਤੇ ਭਾਰਤੀ ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਕੀਤੀ ਗਈ ਪ੍ਰਤੀਕਿਰਿਆ ਤੋਂ ਬਾਅਦ ਆਇਆ ਹੈ। ਚੀਨੀ ਬੁਲਾਰੇ ਗੁਓ ਜਿਆਕੁਨ ਨੇ ਬੀਜਿੰਗ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਚੀਨੀ ਫੌਜ ਆਪਣੀ ਖੇਤਰੀ ਪ੍ਰਭੂਸੱਤਾ ਅਤੇ ਸਰਹੱਦੀ ਸਥਿਰਤਾ ਦੀ ਰਾਖੀ ਲਈ ਨਿਯਮਿਤ ਤੌਰ 'ਤੇ ਗਸ਼ਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਦੋਵੇਂ ਦੇਸ਼ ਕੂਟਨੀਤਕ ਅਤੇ ਆਰਮੀ ਚੈਨਲਾਂ ਰਾਹੀਂ ਸੰਪਰਕ 'ਚ ਹਨ ਅਤੇ ਚੀਨ ਨੂੰ ਉਮੀਦ ਹੈ ਕਿ ਭਾਰਤ ਵੀ ਸਰਹੱਦੀ ਖੇਤਰਾਂ 'ਚ ਸ਼ਾਂਤੀ ਬਣਾਏ ਰੱਖਣ ਲਈ ਠੋਸ ਕਦਮ ਚੁੱਕੇਗਾ। ਇਸ ਤੋਂ ਪਹਿਲਾਂ ਸ਼ੁੱਕਰਵਾਰ ਨੂੰ ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ ਵੀ ਸਪੱਸ਼ਟ ਕੀਤਾ ਸੀ ਕਿ ਜਦੋਂ ਚੀਨੀ ਜਵਾਨ ਤੈਅ ਗਸ਼ਤ ਦੇ ਰਸਤਿਆਂ ਤੋਂ ਭਟਕਦੇ ਹਨ, ਤਾਂ ਸਰਹੱਦ 'ਤੇ ਸਥਿਤੀ ਖ਼ਰਾਬ ਹੁੰਦੀ ਹੈ।

ਰਾਜੀਵ ਦੀ ਕੋਮਲਤਾ ਨੇ ਮੈਨੂੰ ਪਹਿਲੀ ਮੁਲਾਕਾਤ 'ਚ ਹੀ ਪ੍ਰਭਾਵਿਤ ਕੀਤਾ ਸੀ : ਸੋਨੀਆ ਗਾਂਧੀ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਨਵੀਂ ਦਿੱਲੀ, 30 ਅਕਤੂਬਰ। ਕਾਂਗਰਸ ਸੰਸਦੀ ਦਲ ਦੀ ਮੁਖੀ ਸੋਨੀਆ ਗਾਂਧੀ ਨੇ ਆਪਣੇ ਸਵਰਗੀ ਪਤੀ ਅਤੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ ਪਹਿਲੀ ਮੁਲਾਕਾਤ ਅਤੇ ਉਨ੍ਹਾਂ ਦੇ ਪ੍ਰੇਮ ਸਬੰਧਾਂ ਦੀ ਸ਼ੁਰੂਆਤ ਦੇ ਦਿਨਾਂ ਨੂੰ ਯਾਦ ਕਰਦਿਆਂ ਕਿਹਾ ਕਿ ਰਾਜੀਵ ਬੇਹੱਦ ਕੋਮਲ ਅਤੇ ਆਕਰਸ਼ਕ ਸਨ ਅਤੇ ਉਨ੍ਹਾਂ ਦੀ ਕੋਮਲਤਾ ਨੇ ਉਨ੍ਹਾਂ ਨੂੰ ਪਹਿਲੀ ਮੁਲਾਕਾਤ 'ਚ ਹੀ ਪ੍ਰਭਾਵਿਤ ਕਰ ਦਿੱਤਾ ਸੀ। ਸੋਨੀਆ ਗਾਂਧੀ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਆਪਣੀ ਆਉਣ ਵਾਲੀ ਸਵੈ-ਜੀਵਨੀ ਨਾਲ ਜੁੜੀ ਇਕ ਵੀਡੀਓ ਸਾਂਝੀ ਕੀਤੀ, ਜਿਸ 'ਚ ਉਨ੍ਹਾਂ ਨੇ ਕੈਂਬਰਿਜ 'ਚ ਰਾਜੀਵ ਗਾਂਧੀ ਨਾਲ ਪਹਿਲੀ ਮੁਲਾਕਾਤ ਅਤੇ ਉਨ੍ਹਾਂ ਦੇ ਪ੍ਰੇਮ ਸਬੰਧਾਂ ਦੀ ਸ਼ੁਰੂਆਤ ਦੇ ਦਿਨਾਂ ਨੂੰ ਯਾਦ ਕੀਤਾ। ਇੰਸਟਾਗ੍ਰਾਮ ਤੋਂ ਬਾਅਦ ਸੋਨੀਆ ਗਾਂਧੀ ਹੁਣ 'ਐਕਸ' 'ਤੇ ਵੀ ਆ ਗਈ ਹੈ ਅਤੇ ਇਹ ਇਸ ਮੰਚ 'ਤੇ ਉਨ੍ਹਾਂ ਦੀ ਪਹਿਲੀ ਪੋਸਟ ਹੈ। ਉਨ੍ਹਾਂ ਨੇ 'ਐਕਸ' 'ਤੇ ਲਿਖਿਆ, "ਕੈਂਬਰਿਜ ਦੇ ਇਕ ਛੋਟੇ ਜਿਹੇ ਯੂਨਾਨੀ ਰੈਸਟੋਰੈਂਟ 'ਚ ਮੇਰੀ ਪ੍ਰੇਮ ਕਹਾਣੀ ਸ਼ੁਰੂ ਹੋਈ।" ਸੋਨੀਆ ਗਾਂਧੀ ਨੇ ਕਿਹਾ, "ਰਾਜੀਵ ਅਤੇ ਮੈਂ ?ਪਆਰ, ਖ਼ੁਸ਼ੀ

ਅਤੇ ਯਾਦਾਂ ਨਾਲ ਭਰੀ ਆਪਣੀ ਇਕ ਦੁਨੀਆ ਬਣਾਈ। ਮੈਂ 10 ਨਵੰਬਰ ਨੂੰ ਉਸ ਦੁਨੀਆ ਨੂੰ ਤੁਹਾਡੇ ਸਾਰਿਆਂ ਨਾਲ ਸਾਂਝਾ ਕਰਾਂਗੀ।" ਉਨ੍ਹਾਂ ਦੀ ਸਵੈ-ਜੀਵਨੀ 'ਬਿਲੌਂਗਿੰਗ : ਏ ਜਰਨੀ ਆਫ਼ ਲਵ' 10 ਨਵੰਬਰ ਨੂੰ ਪ੍ਰਕਾਸ਼ਿਤ ਹੋਵੇਗੀ। ਵੀਡੀਓ 'ਚ ਸੋਨੀਆ ਗਾਂਧੀ ਨੇ ਇੰਗਲੈਂਡ 'ਚ ਆਪਣੇ ਸ਼ੁਰੂਆਤੀ ਦਿਨਾਂ ਨੂੰ ਯਾਦ ਕਰਦਿਆਂ ਕਿਹਾ ਕਿ ਉਸ ਸਮੇਂ ਉੱਥੋਂ ਦਾ ਖਾਣਾ ਉਨ੍ਹਾਂ ਨੂੰ ਪਸੰਦ ਨਹੀਂ ਸੀ ਅਤੇ ਅੱਜ ਵਾਂਗ ਇੰਨੇ ਜ਼ਿਆਦਾ ਰੈਸਟੋਰੈਂਟ ਵੀ ਨਹੀਂ ਹੋਇਆ ਕਰਦੇ ਸਨ। ਉਨ੍ਹਾਂ ਕਿਹਾ ਕਿ ਉਹ ਲਗਾਤਾਰ ਅਜਿਹੇ ਰੈਸਟੋਰੈਂਟਾਂ ਦੀ ਭਾਲ 'ਚ ਰਹਿੰਦੀ ਸੀ, ਜਿੱਥੇ ਉਨ੍ਹਾਂ ਨੂੰ ਆਪਣੀ ਪਸੰਦ ਦਾ, ਖਾਸ ਕਰ ਕੇ ਇਤਾਲਵੀ ਖਾਣਾ ਮਿਲ ਸਕੇ। ਸੋਨੀਆ ਗਾਂਧੀ ਨੇ ਕਿਹਾ ਕਿ ਇਸੇ ਭਾਲ ਦੌਰਾਨ ਉਨ੍ਹਾਂ ਨੂੰ ਕੈਂਬਰਿਜ 'ਚ ਇਕ ਯੂਨਾਨੀ ਰੈਸਟੋਰੈਂਟ ਮਿਲਿਆ, ਜਿੱਥੇ ਕਈ ਵਿਦਿਆਰਥੀ ਭੋਜਨ ਕਰਨ ਆਇਆ ਕਰਦੇ ਸਨ। ਉਨ੍ਹਾਂ ਕਿਹਾ ਕਿ ਉੱਥੇ ਯੂਰਪੀਅਨ ਵਿਦਿਆਰਥੀਆਂ ਤੋਂ ਇਲਾਵਾ ਵੱਡੀ ਗਿਣਤੀ 'ਚ ਭਾਰਤੀ ਵਿਦਿਆਰਥੀ ਵੀ ਆਉਂਦੇ ਸਨ ਅਤੇ ਇਸੇ ਰੈਸਟੋਰੈਂਟ 'ਚ ਉਨ੍ਹਾਂ ਦੀ ਪਹਿਲੀ ਮੁਲਾਕਾਤ ਰਾਜੀਵ ਗਾਂਧੀ ਨਾਲ ਹੋਈ ਸੀ। ਸੋਨੀਆ ਗਾਂਧੀ ਨੇ ਕਿਹਾ, "ਜਦੋਂ ਮੈਂ ਉਨ੍ਹਾਂ ਨੂੰ ਪਹਿਲੀ ਵਾਰ ਮਿਲੀ ਤਾਂ ਮੈਨੂੰ ਉਸੇ ਸਮੇਂ ਮਹਿਸੂਸ ਹੋਇਆ ਕਿ ਉਹ ਅਜਿਹੇ ਵਿਅਕਤੀ ਹਨ, ਜਿਨ੍ਹਾਂ ਨਾਲ ਮੈਂ ਜ਼ਿੰਦਗੀ ਹੰਢਾਉਣਾ ਚਾਹਾਂਗੀ। ਬਾਅਦ 'ਚ ਮੈਨੂੰ ਪਤਾ ਲੱਗਾ ਕਿ ਉਨ੍ਹਾਂ ਦੀ ਵੀ ਮੇਰੇ ਪ੍ਰਤੀ ਇਹੋ ਭਾਵਨਾ ਸੀ।"

ਦਿੱਲੀ ਪੁਲਿਸ
ਸ਼ਾਂਤੀ ਸੇਵਾ ਨਿਆਂ

ਯਾਤਾਯਾਤ ਨਿਰਦੇਸ਼ਿਕਾ
ਕਾਨੂੰਨ ਵਿਵਸਥਾ ਦਾ ਪ੍ਰਬੰਧ

ਸਫ਼ਰ ਤੋਂ ਪਹਿਲਾ ਯੋਜਨਾ ਬਣਾਓ, ਯਾਤਾਯਾਤ ਨਿਰਦੇਸ਼ਿਕਾ ਜ਼ਰੂਰ ਦੇਖੋ

01.11.2026 ਨੂੰ ਕਾਨੂੰਨ ਵਿਵਸਥਾ ਦੇ ਕਾਰਨ ਯਾਤਾਯਾਤ ਵਯਵਸਥਾ ਅਤੇ ਮਾਰਗ ਨਿਰਦੇਸ਼ਿਕਾ

01.11.2026 ਨੂੰ ਨਵੀਂ ਦਿੱਲੀ ਦੇ ਰਾਮਲੀਲਾ ਮੈਦਾਨ ਵਿੱਚ ਪ੍ਰਸਤਾਵਿਤ ਰੈਲੀ ਦੇ ਮੱਦੇਨਜ਼ਰ, ਉੱਥੇ ਵੱਡੀ ਭੀੜ ਦੇ ਇਕੱਠੇ ਹੋਣ ਦੀ ਉਮੀਦ ਹੈ। ਇਸ ਨਾਲ ਆਲੇ ਦੁਆਲੇ ਦੀਆਂ ਸੜਕਾਂ ਅਤੇ ਖੇਤਰਾਂ 'ਤੇ ਆਵਾਜਾਈ ਪ੍ਰਭਾਵਿਤ ਹੋ ਸਕਦੀ ਹੈ। ਲੋੜ ਅਨੁਸਾਰ ਆਵਾਜਾਈ ਨੂੰ ਨਿਯੰਤਰਿਤ ਅਤੇ ਡਾਇਵਰਟ ਕਿਤਾ ਜਾਵੇਗਾ।

ਡਾਇਵਰਸ਼ਨ ਪੁਆਇੰਟ

ਟਰੈਫਿਕ ਸਥਿਤੀ ਦੇ ਆਧਾਰ 'ਤੇ, ਵਾਹਨਾਂ ਨੂੰ ਸਵੇਰੇ 10:00 ਵਜੇ ਤੋਂ ਸ਼ਾਮ 05:00 ਵਜੇ ਤੱਕ ਹੇਠ ਲਿਖੇ ਬਿੰਦੂਆਂ ਤੋਂ ਮੋੜਿਆ ਜਾ ਸਕਦਾ ਹੈ-

1. ਨੇਤਾਜੀ ਸੁਭਾਸ਼ ਮਾਰਗ ਟੀ-ਪੁਆਇੰਟ।
2. ਰਾਜਘਾਟ।
3. ਦਿੱਲੀ ਗੇਟ।
4. ਆਈਟੀਓ ਏ-ਪੁਆਇੰਟ।
5. ਅਜਮੇਰੀ ਗੇਟ ਰੈੱਡ ਲਾਈਟ।
6. ਬਾਰਾਖੰਭਾ ਰੋਡ 'ਤੇ ਰਣਜੀਤ ਸਿੰਘ ਫਲਾਈਓਵਰ।
7. ਭਵਭੂਤੀ ਮਾਰਗ-ਡੀਡੀਯੂ ਮਾਰਗ ਰੈੱਡ ਲਾਈਟ।
8. ਝੰਡੇਵਾਲਾਨ ਗੋਲ ਚੱਕਰ।
9. ਤੁਰਕਮਾਨ ਗੇਟ।
10. ਮੀਰਦਰਦ ਚੌਕ।

ਸੜਕਾਂ ਜੋ ਪ੍ਰਭਾਵਿਤ ਹੋ ਸਕਦੀਆਂ ਹਨ

ਹੇਠ ਲਿਖੇ ਰੂਟਾਂ ਅਤੇ ਉਨ੍ਹਾਂ ਦੇ ਆਲੇ-ਦੁਆਲੇ ਦੇ ਖੇਤਰਾਂ 'ਤੇ ਆਵਾਜਾਈ ਪ੍ਰਭਾਵਿਤ ਹੋ ਸਕਦੀ ਹੈ:

1. ਬੀਐਸਜ਼ੈੱਡ ਮਾਰਗ, ਆਈਟੀਓ ਤੋਂ ਦਿੱਲੀ ਗੇਟ ਤੱਕ।
2. ਜੇਐਲਐਨ ਮਾਰਗ (ਰਾਜਘਾਟ ਤੋਂ ਦਿੱਲੀ ਗੇਟ, ਗੁਰੂ ਨਾਨਕ ਚੌਕ ਹੁੰਦੇ ਹੋਏ ਅਜਮੇਰੀ ਗੇਟ ਤਕ)
3. ਅਰੁਣਾ ਆਸਫ ਅਲੀ ਰੋਡ (ਅਜਮੇਰੀ ਗੇਟ ਤੋਂ ਹਮਦਰਦ ਚੌਕ, ਤੁਰਕਮਾਨ ਗੇਟ ਹੁੰਦੇ ਹੋਏ ਦਿੱਲੀ ਗੇਟ ਤਕ)
4. ਮਿੰਟੋ ਰੋਡ - ਕਮਲਾ ਮਾਰਕੀਟ ਚੌਕ ਗੋਲਚੱਕਰ- ਹਮਦਰਦ ਚੌਕ।
5. ਰਣਜੀਤ ਸਿੰਘ ਫਲਾਈਓਵਰ ਤੋਂ ਤੁਰਕਮਾਨ ਗੇਟ ਤੱਕ।
6. ਡੀਜੀਬੀ ਰੋਡ (ਝੰਡੇਵਾਲ ਗੋਲਚੱਕਰ ਤੋਂ ਅਜਮੇਰੀ ਗੇਟ ਚੌਕ ਵੱਲ)
7. ਡਬਲਯੂ ਪੁਆਇੰਟ (ਬੀਐਸਜ਼ੈਡ ਮਾਰਗ)
8. ਬਾਰਾਖੰਭਾ ਰੋਡ ਮੰਡੀ ਹਾਊਸ ਗੋਲਚੱਕਰ ਤੋਂ ਸਿਕੰਦਰਾ ਰੋਡ ਵੱਲ
9. ਕੇਜੀ ਮਾਰਗ-ਫਿਰੋਜ਼ਸ਼ਾਹ ਰੋਡ
10. ਚੈਮਸਫੋਰਡ ਰੋਡ
11. ਮਿੰਟੋ ਰੋਡ

ਨਿਯੰਤਰਿਤ ਯਾਤਾਯਾਤ ਆਵਾਜਾਈ

ਹੇਠ ਲਿਖੇ ਰੂਟਾਂ 'ਤੇ ਵਾਹਨਾਂ ਦੀ ਆਵਾਜਾਈ ਨੂੰ ਮੌਜੂਦਾ ਟਰੈਫਿਕ ਸਥਿਤੀਆਂ ਅਤੇ ਸੰਚਾਲਨ ਜ਼ਰੂਰਤਾਂ ਦੇ ਅਨੁਸਾਰ ਨਿਯੰਤਰਿਤ ਅਤੇ ਆਗਿਆ ਦਿੱਤੀ ਜਾਵੇਗੀ:

1. ਗੁਰੂ ਨਾਨਕ ਚੌਕ ਤੋਂ ਕਮਲਾ ਮਾਰਕੀਟ ਗੋਲਚੱਕਰ ਤੱਕ।
2. ਕਮਲਾ ਮਾਰਕੀਟ ਗੋਲਚੱਕਰ ਤੋਂ ਹਮਦਰਦ ਚੌਕ ਤੱਕ।
3. ਹਮਦਰਦ ਚੌਕ ਤੋਂ ਤੁਰਕਮਾਨ ਗੇਟ ਤੱਕ।
4. ਤੁਰਕਮਾਨ ਗੇਟ ਤੋਂ ਗੁਰੂ ਨਾਨਕ ਚੌਕ ਤੱਕ।

ਡੀਟੀਸੀ ਬੱਸਾਂ 'ਤੇ ਪਾਬੰਦੀ

ਹੇਠ ਲਿਖੀਆਂ ਸੜਕਾਂ/ਰਾਸਤਾਂ 'ਤੇ ਡੀਟੀਸੀ ਬੱਸਾਂ ਦੀ ਆਵਾਜਾਈ ਨੂੰ ਮੌਜੂਦਾ ਟਰੈਫਿਕ ਸਥਿਤੀ ਦੇ ਆਧਾਰ 'ਤੇ ਨਿਯੰਤ੍ਰਿਤ ਅਤੇ ਆਗਿਆ ਦਿੱਤੀ ਜਾਵੇਗੀ:
1. ਬੀਏਸਜੇਡ ਮਾਰਗ।
2. ਰਾਜਘਾਟ ਤੋਂ ਜੇਐਲਐਨ ਮਾਰਗ ਤੱਕ-ਪੂਰਾ ਰਸਤਾ।
3. ਡੀਬੀਜੀ ਰੋਡ।
4. ਮਿੰਟੋ ਰੋਡ।

ਨਵੀਂ ਦਿੱਲੀ ਰੇਲਵੇ ਸਟੇਸ਼ਨ ਜਾਨ ਵਾਲੇ ਯਾਤਰੀਆਂ ਲਈ ਸਲਾਹ:

- **ਡੀਬੀਜੀ ਰੋਡ ਵਾਲੇ ਪਾਸੇ ਤੋਂ:** ਯਾਤਰੀਆਂ ਨੂੰ ਸਲਾਹ ਦਿੱਤੀ ਜਾਂਦੀ ਕਿ ਚੈਮਸਫੋਰਡ ਰੋਡ → ਆਊਟਰ ਸਰਕਲ, ਕਨਾਟ ਪਲੇਸ → ਮਿੰਟੋ ਰੋਡ ਭਵਭੂਤੀ ਮਾਰਗ ਰਾਹੀਂ ਹੁੰਦੇ ਹੋਏ ਜਾਣ।
- **ਪੂਰਬੀ ਦਿੱਲੀ ਵਾਲੇ ਪਾਸੇ ਤੋਂ:** ਯਾਤਰੀਆਂ ਨੂੰ ਸਲਾਹ ਦਿੱਤੀ ਜਾਂਦੀ ਕਿ ਉਹ ਸਟੇਸ਼ਨ ਦੇ ਅਜਮੇਰੀ ਗੇਟ ਵਾਲੇ ਪਾਸੇ ਪਹੁੰਚਣ ਲਈ ਆਈਟੀਓ→ ਡੀਡੀਯੂ → ਮਾਰਗ ਰਾਹੀਂ ਹੁੰਦੇ ਹੋਏ ਜਾਣ।
- ਯਾਤਰੀਆਂ ਨੂੰ ਆਪਣੀ ਯਾਤਰਾ ਦੀ ਯੋਜਨਾ ਪਹਿਲਾਂ ਤੋਂ ਬਣਾਉਣੀ ਚਾਹੀਦੀ ਹੈ ਅਤੇ ਸਟੇਸ਼ਨ 'ਤੇ ਪਹੁੰਚਣ ਲਈ ਕਾਫ਼ੀ ਸਮਾਂ ਛੱਡਣਾ ਚਾਹੀਦਾ ਹੈ।

ਆਮ ਜਨਤਾ ਨੂੰ ਅਪੀਲ

ਯਾਤਰੀਆਂ ਨੂੰ ਬੇਨਤੀ ਹੈ ਕਿ:
- ਜਿੰਨਾ ਹੋ ਸਕੇ, ਜਨਤਕ ਆਵਾਜਾਈ (ਖਾਸ ਕਰਕੇ ਮੈਟਰੋ) ਦੀ ਵਰਤੋਂ ਕਰੋ।
- ਵਾਹਨ ਸਿਰਫ਼ ਨਿਰਧਾਰਤ ਪਾਰਕਿੰਗ ਥਾਵਾਂ 'ਤੇ ਹੀ ਪਾਰਕ ਕਰੋ।
- ਸੜਕ ਕਿਨਾਰੇ ਪਾਰਕਿੰਗ ਤੋਂ ਬਚੋ ਅਤੇ ਸੜਕ ਨੂੰ ਟਰੈਫਿਕ ਅਤੇ ਐਮਰਜੈਂਸੀ ਵਾਹਨਾਂ (ਮੌਮਤਹਮਦਬਲ ਅਮੀਪਬਸਮ) ਦੀ ਆਵਾਜਾਹੀ ਲਈ ਖਾਲੀ ਰੱਖੋ।
- ਮੌਕੇ 'ਤੇ ਤਾਇਨਾਤ ਟਰੈਫਿਕ ਪੁਲਿਸਕਰਮਿਆਂ ਦੇ ਹਦਾਇਤਾਂ ਦੀ ਪਾਲਣਾ ਕਰੋ।
- ਕਿਸੇ ਵੀ ਸ਼ੱਕੀ ਵਿਅਕਤੀ ਜਾਂ ਲਾਵਾਰਿਸ ਵਸਤੂ ਬਾਰੇ ਪੁਲਿਸ ਨੂੰ ਸੂਚਿਤ ਕਰੋ।

TRAFFIC ADVISORY
LAW & ORDER AT RAMLILA GROUND
01- 11- 2026
— AFFECTED ROADS
— DIVERSION POINTS (AS & WHEN REQUIRED)

ਦਿੱਲੀ ਟਰੈਫਿਕ ਪੁਲਿਸ, ਸੁਰੱਖਿਅਤ ਅਤੇ ਸੁਚਾਰੂ ਆਵਾਜਾਈ ਨੂੰ ਯਕੀਨੀ ਬਣਾਉਣ ਲਈ ਸੜਕ ਦਾ ਉਪਯੋਗ ਕਰਨੇ ਵਾਲੇ ਸੋਰ ਲੋਕਾਂ ਤੋਂ ਸਹਿਯੋਗ ਦੀ ਮੰਗ ਕਰਦੀ ਹੈ।

https://facebook.com/dtptraffic https://twitter.com/dtptraffic https://instagram.com/dtptraffic 8750871493 Website: traffic.delhipolice.gov.in

24 ਘੰਟੇ ਟ੍ਰੈਫਿਕ ਹੇਲਪਲਾਈਨ: 011-25844444/1095 — ਤੁਰੰਤ ਪੁਲਿਸ ਸਹਾਇਤਾ ਪਾਉਣ ਦੇ ਲਈ 112 'ਤੇ ਕੱਲ ਕਰੋ

ਅੱਤਵਾਦੀ ਗਤਿਵਿਧੀਆਂ ਦੀ ਸੁਚਨਾ ਦੇਣ ਦੇ ਲਈ 14547 'ਤੇ ਕੱਲ ਕਰੋ — ਟ੍ਰੈਫਿਕ ਪ੍ਰਹਰੀ ਬਣੋ ਤੇਂ ਐਪ ਡਾਊਨਲੋਡ ਕਰੋ — GET IT ON Google Play — Download on the App Store

(DP/9928/2026)

ਫੂਡ ਸੇਫਟੀ ਵਿਭਾਗ ਦੀ ਵੱਡੀ ਕਾਰਵਾਈ, 400 ਕਿਲੋ ਮਠਿਆਈ ਤੇ ਸਮੱਗਰੀ ਕਰਵਾਈ ਨਸ਼ਟ

ਕੌਮੀ ਪਤ੍ਰਿਕਾ

ਅੰਮ੍ਰਿਤਸਰ 30 ਅਕਤੂਬਰ। ਤਿਉਹਾਰਾਂ ਦੇ ਸੀਜ਼ਨ ਦੌਰਾਨ ਖਾਣ-ਪੀਣ ਦੀਆਂ ਵਸਤਾਂ ਦੀ ਗੁਣਵੱਤਾ ਅਤੇ ਸਫ਼ਾਈ ਯਕੀਨੀ ਬਣਾਉਣ ਲਈ ਫੂਡ ਸੇਫਟੀ ਵਿਭਾਗ ਨੇ ਜਾਂਚ ਮੁਹੱਈਆ ਤਹਿਤ ਮਠਿਆਈ ਬਣਾਉਣ ਵਾਲੀ ਇਕਾਈ ਸਮੇਤ ਇਕ ਮਿਠਾਈ ਦੀ ਦੁਕਾਨ ਅਤੇ ਢਾਬੇ ਦਾ ਨਿਰੀਖਣ ਕੀਤਾ। ਇਸ ਦੌਰਾਨ ਮਠਿਆਈ ਬਣਾਉਣ ਵਾਲੀ ਇਕਾਈ ’ਚੋਂ 150 ਕਿਲੋ ਪੁਰਾਣਾ ਮਠਿਆਈ ਮਿਸ਼ਰਣ, 50 ਕਿਲੋ ਛੈਣਾ ਅਤੇ 200 ਕਿਲੋ ਗੁਲਾਬੀ ਰੰਗ ਦੀ ਚਮ-ਚਮ, ਕੁੱਲ 400 ਕਿਲੋ ਮਠਿਆਈ ਅਤੇ ਸਮੱਗਰੀ ਮੌਕੇ ’ਤੇ ਨਸ਼ਟ ਕਰਵਾਈ ਗਈ। ਜ਼ਿਲਾ ਸਿਹਤ ਅਧਿਕਾਰੀ ਅਤੇ ਡੈਜ਼ੀਗਨੇਟਿਡ ਅਫ਼ਸਰ ਫੂਡ ਸੇਫਟੀ ਡਾ. ਮਨਜੀਤ ਸਿੰਘ ਰਟੌਲ ਨੇ ਦੱਸਿਆ ਕਿ ਉਨ੍ਹਾਂ ਦੀ ਅਗਵਾਈ ਹੇਠ ਫੂਡ ਸੇਫਟੀ ਟੀਮ ਨੇ ਮਠਿਆਈ ਬਣਾਉਣ ਵਾਲੀ ਇਕਾਈ ਦਾ ਨਿਰੀਖਣ ਕੀਤਾ। ਟੀਮ ’ਚ ਫੂਡ ਸੇਫਟੀ ਅਫ਼ਸਰ ਸਿਮਰਨਜੀਤ ਸਿੰਘ ਗਿੱਲ

ਅੰਮ੍ਰਿਤਸਰ-2 ਵੀ ਸ਼ਾਮਲ ਸਨ। ਨਿਰੀਖਣ ਦੌਰਾਨ ਮਠਿਆਈਆਂ ਦੀ ਗੁਣਵੱਤਾ ਦੀ ਜਾਂਚ ਲਈ ਛੈਣਾ, ਰਸਗੁੱਲੇ, ਗੁਲਾਬ ਜਾਮਨ ਅਤੇ ਗੁਲਾਬੀ ਚਮ-ਚਮ ਦੇ ਚਾਰ ਨਮੂਨੇ ਲਏ ਗਏ। ਡਾ. ਰਟੌਲ ਅਨੁਸਾਰ ਇਕਾਈ ਦੇ ਸੰਚਾਲਕ ਵੱਲੋਂ ਫੂਡ ਸੇਫਟੀ ਲਾਇਸੈਂਸ ਪੇਸ਼ ਨਾ ਕਰਨ ਕਾਰਨ ਕਾਰਨ ਦੱਸੋ ਨੋਟਿਸ ਜਾਰੀ ਕੀਤਾ ਗਿਆ। ਇਸ ਦੇ ਨਾਲ ਹੀ ਇਕਾਈ ’ਚ ਸਫ਼ਾਈ ਦੀ ਘਾਟ ਪਾਏ ਜਾਣ ’ਤੇ ਚਲਾਨ ਕੱਟਿਆ ਗਿਆ। ਵਿਭਾਗ ਦੀ ਦੂਜੀ ਕਾਰਵਾਈ ਦੌਰਾਨ ਡਾ. ਮਨਜੀਤ ਸਿੰਘ ਰਟੌਲ ਦੀ ਅਗਵਾਈ ਹੇਠ ਫੂਡ ਸੇਫਟੀ ਅਫ਼ਸਰ ਸਤਨਾਮ ਸਿੰਘ ਦੀ ਟੀਮ ਨੇ ਇਕ ਮਠਿਆਈ ਦੀ ਦੁਕਾਨ ਅਤੇ ਢਾਬੇ ਦਾ ਨਿਰੀਖਣ ਕੀਤਾ। ਇਸ ਦੌਰਾਨ ਮਿਲਕ ਕੇਕ ਅਤੇ ਹਰੀ ਚਟਣੀ ਦੇ ਦੋ ਨਮੂਨੇ ਜਾਂਚ ਲਈ ਲਏ ਗਏ। ਟੀਮ ਨੇ ਖਾਣ-ਪੀਣ ਦੀਆਂ ਵਸਤੂਆਂ ਤਿਆਰ ਕਰਨ ਅਤੇ ਪਰੋਸਣ ਵਾਲੇ ਕਾਰੋਬਾਰੀਆਂ ਨੂੰ ਦੁਕਾਨਾਂ ਅਤੇ ਰਸੋਈਆਂ ’ਚ ਸਫ਼ਾਈ ਬਣਾਈ ਰੱਖਣ ਅਤੇ ਨਿਰਧਾਰਤ ਨਿਯਮਾਂ ਦੀ ਪਾਲਨਾ ਕਰਨ ਦੀ ਹਦਾਇਤ ਕੀਤੀ। ਵਿਭਾਗ ਵੱਲੋਂ ਲਏ ਗਏ ਸਾਰੇ ਛੇ ਨਮੂਨਿਆਂ ਦੀ ਜਾਂਚ ਰਿਪੋਰਟ ਆਉਣ ਤੋਂ ਬਾਅਦ ਹੀ ਉਨ੍ਹਾਂ ਦੀ ਗੁਣਵੱਤਾ ਬਾਰੇ ਸਥਿਤੀ ਸਪੱਸ਼ਟ ਹੋਵੇਗੀ। ਜੇਕਰ ਜਾਂਚ ’ਚ ਨਿਰਧਾਰਤ ਮਾਪਦੰਡਾਂ ਦੀ ਉਲੰਘਣਾ ਸਾਹਮਣੇ ਆਉਂਦੀ ਹੈ ਤਾਂ ਨਿਯਮਾਂ ਅਨੁਸਾਰ ਅਗਲੀ ਕਾਰਵਾਈ ਕੀਤੀ ਜਾ ਸਕਦੀ ਹੈ। ਸਿਵਲ ਸਰਜਨ ਡਾ. ਭਾਰਤੀ ਧਵਨ ਨੇ ਕਿਹਾ ਕਿ ਲੋਕਾਂ ਨੂੰ ਸਾਫ਼-ਸੁਥਰੀਆਂ ਅਤੇ ਮਿਆਰੀ ਖਾਣ-ਪੀਣ ਦੀਆਂ ਵਸਤਾਂ ਮੁਹੱਈਆ ਕਰਵਾਉਣਾ ਬੇਹੱਦ ਜ਼ਰੂਰੀ ਹੈ। ਖਾਣ-ਪੀਣ ਦੀਆਂ ਵਸਤਾਂ ਤਿਆਰ ਕਰਨ, ਸਟੋਰ ਕਰਨ ਅਤੇ ਵੇਚਣ ਵਾਲੇ ਕਾਰੋਬਾਰੀਆਂ ਨੂੰ ਸਫ਼ਾਈ ਦੇ ਨਿਯਮਾਂ ਅਤੇ ਲਾਇਸੈਂਸ ਸਬੰਧੀ ਸ਼ਰਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਫੂਡ ਸੇਫਟੀ ਟੀਮਾਂ ਨੂੰ ਨਿਯਮਾਂ ਅਨੁਸਾਰ ਜਾਂਚ ਅਤੇ ਲੋੜੀਂਦੀ ਕਾਰਵਾਈ ਜਾਰੀ ਰੱਖਣ ਲਈ ਕਿਹਾ ਗਿਆ ਹੈ ਤਾਂ ਜੋ ਲੋਕਾਂ ਦੀ ਸਿਹਤ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ।

ਫਗਵਾੜਾ ਗੇਟ ’ਚ ਫਰਜ਼ੀ ਲਾਟਰੀ ਦੇ ਧੰਦੇ ’ਤੇ ਪੁਲਸ ਦੀ ਰੇਡ, ਸਕੇ ਭਰਾਵਾਂ ਸਣੇ 5 ਗ੍ਰਿਫ਼ਤਾਰ

ਕੌਮੀ ਪਤ੍ਰਿਕਾ

ਜਲੰਧਰ 30 ਅਕਤੂਬਰ। ਥਾਣਾ ਨੰਬਰ 3 ਦੀ ਪੁਲਸ ਨੇ ਸ਼ਹਿਰ ਵਿਚ ਚੱਲ ਰਹੇ ਫਰਜ਼ੀ ਸਰਕਾਰੀ ਲਾਟਰੀ ਦੇ ਧੰਦੇ ਦਾ ਪਰਦਾਫਾਸ਼ ਕਰਦਿਆਂ ਮਾਸਟਰਮਾਈਂਡ ਹਰਵਿੰਦਰ ਸਿੰਘ ਮੋਨੂੰ, ਉਸ ਦੇ ਭਰਾ ਹਰਜੀਤ ?ਸੰਘ ਸਮੇਤ 5 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਦੋਵੇਂ ਭਰਾ ਲੰਮੇ ਸਮੇਂ ਤੋਂ ਫਰਜ਼ੀ ਲਾਟਰੀ ਅਤੇ ਦੜੇ-ਸੱਟੇ ਦਾ ਧੰਦਾ ਕਰ ਰਹੇ ਸਨ। ਪੁਲਸ ਨੇ ਸਾਰਿਆਂ ਖ਼?ਲਾਫ਼ ਕੇਸ ਦਰਜ ਕਰ ਕੇ ਉਨ੍ਹਾਂ ਦੀ ਗ੍ਰਿਫ਼ਤਾਰੀ ਦਿਖਾ ਦਿੱਤੀ ਹੈ। ਥਾਣਾ ਨੰਬਰ 3 ਦੇ ਮੁਖੀ ਜਗਦੀਸ਼ ਲਾਲ ਨੇ ਦੱਸਿਆ ਕਿ ਉਨ੍ਹਾਂ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਫਗਵਾੜਾ ਗੇਟ ਵਿਚ ਦੋ ਸਕੇ ਭਰਾ ਪੰਜਾਬ ਸਰਕਾਰ ਦੀ ਨਕਲੀ ਲਾਟਰੀ ਦਾ ਧੰਦਾ ਕਰ ਰਹੇ ਹਨ ਅਤੇ ਭੋਲੇ-ਭਾਲੇ ਲੋਕਾਂ ਨਾਲ ਠੱਗੀ ਕਰ ਰਹੇ ਹਨ। ਪੁਲਸ ਟੀਮ ਨੇ ਤੁਰੰਤ ਐਕਸ਼ਨ ਲੈਂਦਿਆਂ ਫਗਵਾੜਾ ਗੇਟ ?ਵਚ ਗਲੀ ਦੇ ਅੰਦਰ ਚਲਾਏ ਜਾ ਰਹੇ ਇਸ ਫਰਜ਼ੀਵਾੜੇ ਦੇ ਧੰਦੇ ’ਤੇ ਰੇਡ ਕੀਤੀ। ਜਿਸ ਸਮੇਂ ਪੁਲਸ ਨੇ ਰੇਡ ਕੀਤੀ, ਉਦੋਂ ਦੁਕਾਨ ਵਿਚ ਗਾਹਕਾਂ ਦੀ ਭੀੜ ਸੀ। ਪੁਲਸ ਨੇ ਮੌਕੇ ਤੋਂ ਹਰਵਿੰਦਰ ਸਿੰਘ ਮੋਨੂੰ, ਉਸ

ਦੇ ਭਰਾ ਹਰਜੀਤ ਸਿੰਘ, ਨੌਕਰ ਵਿਪਨ ਦੁਆ, ਰਵੀ ਅਤੇ ਸੰਜੇ ਨੂੰ ਗ੍ਰਿਫ਼ਤਾਰ ਕਰ ਲਿਆ, ਹਾਲਾਂਕਿ ਪੁਲਸ ਨੇ ਗਾਹਕਾਂ ਨੂੰ ਚਿਤਾਵਨੀ ਦੇ ਕੇ ਛੱਡ ਦਿੱਤਾ ਸੀ। ਥਾਣਾ ਮੁਖੀ ਜਗਦੀਸ਼ ਲਾਲ ਨੇ ਕਿਹਾ ਕਿ ਮੌਕੇ ਤੋਂ ਲੈਪਟਾਪ, ਪ੍ਰਿੰਟਰ, ਰਿਕਾਰਡ ਅਤੇ 42 ਹਜ਼ਾਰ ਰੁਪਏ ਬਰਾਮਦ ਹੋਏ ਹਨ। ਪੁਲਸ ਨੇ ਸਾਰਿਆਂ ਖ਼?ਲਾਫ਼ ਕੇਸ ਦਰਜ ਕਰ ਲਿਆ ਹੈ। ਸਥਾਨਕ ਲੋਕਾਂ ਨੇ ਦੱਸਿਆ ਕਿ ਮੋਨੂੰ ਪਿਛਲੇ ਲੰਮੇ ਸਮੇਂ ਤੋਂ ਲਾਟਰੀ ਅਤੇ ਦੜੇ-ਸੱਟੇ ਦਾ ਧੰਦਾ ਕਰ ਰਿਹਾ ਹੈ।

ਅਵਾਰਾ ਕੁੱਤਿਆਂ ਨੂੰ ਰੋਟੀ ਖੁਆਉਣ ਵਾਲੀਆਂ ਔਰਤਾਂ ਖ਼ਿਲਾਫ਼ ਮਾਮਲਾ ਦਰਜ

ਬਠਿੰਡਾ 30 ਅਕਤੂਬਰ। ਕੁੱਤਿਆਂ ਵਲੋਂ ਔਰਤ ਨੂੰ ਕੱਟਣ ਦੇ ਮਾਮਲੇ ਵਿਚ, ਸਿਵਲ ਲਾਈਨ ਪੁਲਸ ਵਲੋਂ ਅਵਾਰਾ ਕੁੱਤਿਆਂ ਨੂੰ ਰੋਟੀ ਆਦਿ ਖੁਆਉਣ ਵਾਲੀਆਂ ਦੋ ਔਰਤਾਂ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਅਨੁਸਾਰ ਗੁਰਪ੍ਰੀਤ ਸਿੰਘ ਵਾਸੀ ਮਾਡਲ ਟਾਊਨ ਫੇਜ਼-1 ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਹੈ ਕਿ ਉਸਦੀ ਪਤਨੀ ਗਲੀ ਵਿੱਚੋਂ ਲੰਘ ਰਹੀ ਸੀ ਤਾਂ ਕੁੱਝ ਅਵਾਰਾ ਕੁੱਤਿਆਂ ਨੇ ਉਸ ’ਤੇ ਹਮਲਾ ਕਰਕੇ ਉਸ ਨੂੰ ਜ਼ਖਮੀ ਕਰ ਦਿੱਤਾ। ਉਸ ਨੇ ਦੱਸਿਆ ਕਿ ਉਕਤ ਗਲੀ ਵਿਚ ਇਹ ਕੁੱਤੇ ਅਜਲ ਅਤੇ ਅੰਜੂ ਨਾਮ ਦੀਆਂ ਦੋ ਔਰਤਾਂ ਦੇ ਘਰਾਂ ਦੇ ਬਾਹਰ ਬੈਠਦੇ ਹਨ ਅਤੇ ਦੋਵੇਂ ਔਰਤਾਂ ਉਨ੍ਹਾਂ ਨੂੰ ਰੋਟੀ ਆਦਿ ਖੁਆਉਂਦੀਆਂ ਹਨ। ਹਾਲ ਹੀ ਵਿਚ ਸੁਪਰੀਮ ਕੋਰਟ ਵਲੋਂ ਹੁਕਮ ਜਾਰੀ ਕੀਤੇ ਗਏ ਸਨ ਕਿ ਜੇਕਰ ਅਵਾਰਾ ਕੁੱਤੇ ਆਵਾਰਾ ਹੋ ਜਾਂਦੇ ਹਨ, ਤਾਂ ਉਨ੍ਹਾਂ ਨੂੰ ਖਾਣਾ ਆਦਿ ਖੁਆਉਣ ਵਾਲੇ ਲੋਕਾਂ ਖ਼?ਲਾਫ਼ ਮਾਮਲਾ ਦਰਜ ਕੀਤਾ ਜਾਵੇਗਾ। ਇਨ੍ਹਾਂ ਹੁਕਮਾਂ ਦੀ ਪਾਲਣਾ ਕਰਦਿਆਂ, ਪੁਲਸ ਨੇ ਦੋਵਾਂ ਔਰਤਾਂ ਖ਼?ਲਾਫ਼ ਮਾਮਲਾ ਦਰਜ ਕਰ ਲਿਆ ਹੈ

ਔਰਤ ਦੀਆਂ ਸੋਨੇ ਦੀਆਂ ਵਾਲੀਆਂ ਖੋਹ ਕੇ ਫ਼ਰਾਰ ਹੋਏ ਲੁਟੇਰੇ

ਧਾਰੀਵਾਲ 30 ਅਕਤੂਬਰ। ਸ਼ਹਿਰ ਧਾਰੀਵਾਲ ਅਤੇ ਇਸ ਦੇ ਆਸ-ਪਾਸ ਦੇ ਇਲਾਕਿਆਂ ਵਿੱਚ ਲੁੱਟਾਂ-ਖੋਹਾਂ ਅਤੇ ਚੋਰੀ ਦੀਆਂ ਵਾਰਦਾਤਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ, ਜਿਸ ਕਾਰਨ ਸਥਾਨਕ ਨਿਵਾਸੀਆਂ ਵਿੱਚ ਅੰਦਰ ਡਰ ਅਤੇ ਰੋਸ ਦਾ ਮਾਹੌਲ ਹੈ। ਤਾਜ਼ਾ ਮਾਮਲੇ ਵਿੱਚ ਬੇਖੌਫ਼ ਅਣਪਛਾਤੇ ਲੁਟੇਰਿਆਂ ਵੱਲੋਂ ਇੱਕ ਔਰਤ ਨੂੰ ਨਿਸ਼ਾਨਾ ਬਣਾਉਂਦੇ ਹੋਏ ਉਸ ਦੇ ਕੰਨਾਂ ਦੀਆਂ ਸੋਨੇ ਦੀਆਂ ਵਾਲੀਆਂ ਖੋਹ ਕੇ ਫ਼ਰਾਰ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਪੀੜਤ ਰਾਜ ਰਾਣੀ ਪਤਨੀ ਲੇਟ ਰਾਮਦਾਸ ਵਾਸੀ ਕ੍ਰਿਸ਼ਨਾ ਗਲੀ ਨੰਬਰ 1 ਨੇ ਦੱਸਿਆ ਕਿ ਉਹ ਆਪਣੇ ਘਰ ਤੋਂ ਨਜ਼ਦੀਕ ਹੀ ਪੰਡਿਤ ਰਾਮ ਸ਼ਰਨ ਦਾਸ ਪਾਰਕ ਦੇ ਨਜਦੀਕ ਦਵਾਈ ਤੇ ਕੁਝ ਘਰੇਲੂ ਸਾਮਾਨ ਲੈ ਕੇ ਘਰ ਨੂੰ ਵਾਪਸ ਆ ਰਹੀ ਸੀ ਤਾਂ ਪਹਿਲਾਂ ਹੀ ਪਾਰਕ ਦੇ ਇਰਦ ਗਿਰਦ ਘੁੰਮ ਰਹੇ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਵਿਚੋਂ ਇੱਕ ਨੌਜਵਾਨ ਨੇ ਪਿੱਛੋਂ ਦੀ ਆ ਕੇ ਗਲੀ ’ਚ ਵੜਦੇ ਸਾਰ ਹੀ ਉਸਦੀਆਂ ਵਾਲੀਆਂ ਖੋਹ ਲਈਆਂ ਤੇ ਕੁਝ ਹੀ ਦੂਰੀ ਤੇ ਖੜੇ ਦੂਸਰੇ ਮੋਟਰਸਾਈਕਲ ਸਵਾਰ ਦੇ ਨਾਲ



ਬੈਠ ਕੇ ਦੋਨੋਂ ਲੁਟੇਰੇ ਬਿਜਲੀ ਘਰ ਵਾਲੀ ਗਲੀ ਰਾਹੀ ਫਰਾਰ ਹੋ ਗਏ। ਪੀੜਤ ਔਰਤ ਨੇ ਇਸ ਘਟਨਾਂ ਸਬੰਧੀ ਥਾਣਾ ਧਾਰੀਵਾਲ ਦੀ ਪੁਲਸ ਨੂੰ ਸੂਚਨਾ ਦੇ ਦਿੱਤੀ ਹੈ। ਸ਼ਹਿਰ ਵਾਸੀਆਂ ਨੇ ਰੋਸ ਪ੍ਰਗਟਾਉਂਦਿਆਂ ਕਿਹਾ ਕਿ ਧਾਰੀਵਾਲ ਵਿੱਚ ਦਿਨ-ਦਿਹਾੜੇ ਅਜਿਹੀਆਂ ਘਟਨਾਵਾਂ ਦਾ ਵਾਪਰਨਾ ਪੁਲਸ ਪ੍ਰਸ਼ਾਸਨ ਦੀ ਕਾਰਗੁਜ਼ਾਰੀ ’ਤੇ ਵੱਡੇ ਸਵਾਲੀਆ ਨਿਸ਼ਾਨ ਖੜ੍ਹੇ ਕਰਦਾ ਹੈ। ਅਪਰਾਧੀਆਂ ਦੇ ਹੌਸਲੇ ਇੰਨੇ ਬੁਲੰਦ ਹੋ ਚੁੱਕੇ ਹਨ ਕਿ ਹੁਣ ਔਰਤਾਂ ਦਾ ਘਰਾਂ ਤੋਂ ਬਾਹਰ ਨਿਕਲਣਾ ਵੀ ਅਸੁਰੱਖਿਅਤ ਹੋ ਗਿਆ ਹੈ। ਇਲਾਕਾ ਨਿਵਾਸੀਆਂ ਨੇ ਪੁਲਸ ਦੇ ਉੱਚ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਸ਼ਹਿਰ ਵਿੱਚ ਗਸ਼ਤ ਵਧਾਈ ਜਾਵੇ।

ਤਰਨਤਾਰਨ; ਇਟਲੀ ਭੇਜਣ ਦੇ ਨਾਂ ’ਤੇ ਅਰਮਾਨੀਆ ਭੇਜੀ ਕੁੜੀ ਦੀ ਮੌਤ, ਫਿਰ ਪਿਓ ਨੇ ਵੀ ਕਰ ਲਈ ਖੁਦਕੁਸ਼ੀ

ਕੌਮੀ ਪਤ੍ਰਿਕਾ

ਤਰਨਤਾਰਨ 30 ਅਕਤੂਬਰ। ਜ਼ਿਲਾ ਤਰਨਤਾਰਨ ਦੇ ਅਧੀਨ ਆਉਂਦੇ ਪਿੰਡ ਲੌਹਕਾ ਵਿਖੇ ਫਰੂਟ ਦਾ ਕੰਮ ਕਰਦੇ ਇਕ ਵਿਅਕਤੀ ਨੇ ਆਪਣੀ ਬੇਟੀ ਨੂੰ ਵਿਦੇਸ਼ ਭੇਜਣ ਲਈ ਏਜੰਟਾਂ ਨੂੰ ਦਿੱਤੇ ਪੈਸੇ ਵਾਪਸ ਨਾ ਕਰਨ ’ਤੇ ਜ਼ਹਿਰੀਲੀ ਦਵਾਈ ਪੀ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ। ਘਟਨਾ ਸਬੰਧੀ ਥਾਣਾ ਸਿਟੀ ਪੱਟੀ ਦੀ ਪੁਲਸ ਨੇ ਤਿੰਨ ਲੋਕਾਂ ਦੇ ਵਿਰੁੱਧ ਕੇਸ ਦਰਜ ਕਰਕੇ ਜਾਂਚ ਆਰੰਭ ਕਰ ਦਿੱਤੀ ਹੈ। ਪੁਲਸ ਨੂੰ ਦਰਜ ਕਰਵਾਏ ਬਿਆਨ ’ਚ ਸਰਬਜੀਤ ਕੌਰ ਪਤਨੀ ਕੁਲਵੰਤ ਸਿੰਘ ਵਾਸੀ ਪਿੰਡ ਲੌਹਕਾ ਨੇ ਦੱਸਿਆ ਕਿ ਉਸ ਦਾ ਪਤੀ ਕੁਲਵੰਤ ਸਿੰਘ ਫਰੂਟ ਦੀ ਦੁਕਾਨ ਕਰਦਾ ਸੀ। ਉਨ੍ਹਾਂ ਦੇ ਗੁਆਂਢੀਆਂ ਦੀ ਕੁੜੀ ਮਨਪ੍ਰੀਤ ਕੌਰ ਪਿੰਡ ਕਿਰਤੋਵਾਲ ਕਲਾਂ ਨਿਵਾਸੀ ਰੇਸ਼ਮ ਸਿੰਘ ਨਾਲ ਵਿਆਹੀ ਹੋਈ ਹੈ। ਜਿਸ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਲੋਕਾਂ ਨੂੰ ਵਿਦੇਸ਼

ਭੇਜਦੇ ਹਨ, ਜਿਸ ਨੇ ਉਸ ਦੀ ਕੁੜੀ ਨਗੀਤਾ ਨੂੰ ਇਟਲੀ ਭੇਜਣ ਦੇ ਝਾਂਸੇ ਵਿਚ ਫਸਾ ਲਿਆ ਅਤੇ 3 ਲੱਖ 50 ਹਜ਼ਾਰ ਰੁਪਏ ਵਸੂਲ ਕਰਨ ਤੋਂ ਬਾਅਦ ਉਸ ਦੀ ਕੁੜੀ ਨਗੀਤਾ ਨੂੰ ਇਟਲੀ ਭੇਜਣ ਦੀ ਬਜਾਏ ਅਰਮਾਨੀਆ ਭੇਜ ਦਿੱਤਾ, ਜਿੱਥੇ ਉਸ ਦੀ ਕੁੜੀ ਬੀਮਾਰ ਹੋ ਗਈ ਅਤੇ ਉਸ ਦੀ ਮੌਤ ਹੋ ਗਈ। ਜਿਸ ਤੋਂ ਬਾਅਦ ਮੋਹਤਬਰ ਵਿਅਕਤੀਆਂ ਦੀ ਹਾਜ਼ਰੀ ਵਿਚ ਮਨਪ੍ਰੀਤ ਕੌਰ ਨੇ 1 ਲੱਖ 90 ਹਜ਼ਾਰ ਰੁਪਏ ਵਾਪਸ ਕਰਨ ਦਾ ਇਕਰਾਰ ਕੀਤਾ, ਜਿਸ ਵਿਚੋਂ 55 ਹਜ਼ਾਰ ਰੁਪਏ ਵਾਪਸ ਕਰ ਦਿੱਤੇ ਪਰ ਬਾਕੀ ਰਕਮ ਦੇਣ ਤੋਂ ਟਾਲ-ਮਟੋਲ ਕਰਦੇ ਰਹੇ । ਕਰੀਬ 4-5 ਦਿਨ ਪਹਿਲਾਂ ਮਨਪ੍ਰੀਤ ਕੌਰ ਪਿੰਡ ਆਈ, ਜਿਸ ਨੇ ਉਨ੍ਹਾਂ ਨੂੰ ਪੈਸੇ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ ਅਤੇ ਮਨਪ੍ਰੀਤ ਕੌਰ ਦੇ ਪਤੀ ਰੇਸ਼ਮ ਸਿੰਘ ਨੇ ਵੀ ਫ਼ੋਨ ’ਤੇ ਮਾੜਾ-ਚੰਗਾ ਬੋਲਿਆ, ਜਿਸ ਕਰਕੇ ਉਸ ਦਾ ਪਤੀ ਕੁਲਵੰਤ ਸਿੰਘ ਪ੍ਰੇਸ਼ਾਨ ਰਹਿਣ ਲੱਗ ਪਿਆ ਅਤੇ 5 ਅਕਤੂਬਰ ਨੂੰ ਉਸ ਦੇ ਪਤੀ ਨੇ ਅਚਾਨਕ ਕੋਈ ਜ਼ਹਿਰੀਲੀ ਦਵਾਈ ਪੀ ਲਈ, ਜਿਸ ਕਰਕੇ ਉਸ ਦੇ ਪਤੀ ਦੀ ਹਾਲਤ ਖਰਾਬ ਹੋ ਗਈ ਅਤੇ ਉਸ ਦੇ ਪਤੀ ਦੀ ਮੌਤ ਹੋ ਗਈ। ਇਸ ਸਬੰਧੀ ਏ.ਐੱਸ.ਆਈ ਪਰਮਜੀਤ ਸਿੰਘ ਨੇ ਦੱਸਿਆ ਕਿ ਮੁਦਈਆ ਦੀ ਸ਼ਿਕਾਇਤ ’ਤੇ ਮਨਪ੍ਰੀਤ ਕੌਰ, ਰੇਸ਼ਮ ਸਿੰਘ ਅਤੇ ਸੁਖਦੇਵ ਸਿੰਘ ਉਰਫ਼ ਮਨੀ ਵਾਸੀਆਨ ਕਿਰਤੋਵਾਲ ਕਲਾਂ ਦੇ ਖ਼ਿਲਾਫ਼ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਗੁੰਡਾ ਟੈਕਸ ਪਿੱਛੇ ਪੈ ਗਿਆ ਰੌਲ?ਾ! ਪ੍ਰਾਈਵੇਟ ਬੱਸ ਦੇ ਡਰਾਈਵਰ ਅਤੇ ਕੰਡਕਟਰ ’ਤੇ ਜਾਨਲੇਵਾ ਹਮਲਾ

ਡੇਰਾਬੱਸੀ 30 ਅਕਤੂਬਰ। ਡੇਰਾਬੱਸੀ ਫਲਾਈਓਵਰ ਨੇੜੇ ਗੁੰਡਾ ਟੈਕਸ ਮੰਗਣ ਅਤੇ ਸਵਾਰੀਆਂ ਚੁੱਕਣ ਦੇ ਵਿਰੋਧ ’ਚ ਇਕ ਪ੍ਰਾਈਵੇਟ ਬੱਸ ਦੇ ਡਰਾਈਵਰ ਅਤੇ ਕੰਡਕਟਰ ’ਤੇ ਡੰਡਿਆਂ, ਲੋਹੇ ਦੀਆਂ ਰਾਡਾਂ ਅਤੇ ਤਲਵਾਰਾਂ ਨਾਲ ਜਾਨਲੇਵਾ ਹਮਲਾ ਕਰਨ ਦਾ ਮਾਮਲਾ ਸਾਹਮਣੇ ਆਇਆ ਸੀ। ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ ਦੇ ਆਧਾਰ ’ਤੇ ਛੇ ਨਾਮਜ਼ਦ ਦੋਸ਼ੀਆਂ ਅਤੇ 6-7 ਅਣਪਛਾਤੇ ਵਿਅਕਤੀਆਂ ਵਿਰੁੱਧ ਵੱਖ-ਵੱਖ ਧਾਰਾਵਾਂ ਹੇਠ ਮੁਕੱਦਮਾ ਦਰਜ ਕਰ ਲਿਆ ਹੈ। ਮਾਮਲੇ ਬਾਰੇ ਜਾਣਕਾਰੀ ਦਿੰਦੇ ਹੋਏ ਡੀ.ਐੱਸ.ਪੀ. ਡੇਰਾਬੱਸੀ ਰਾਜੇਸ਼ ਹਸਤੀਰ ਨੇ ਦੱਸਿਆ ਕਿ ਹੈਲਪਲਾਇਨ 112 ’ਤੇ ਪ੍ਰਾਪਤ ਸੂਚਨਾ ਤੋਂ ਬਾਅਦ ਏ.ਯਐੱਸਆਈ ਦਿਲਬਾਗ ਸਿੰਘ ਪੁਲਿਸ ਪਾਰਟੀ ਸਮੇਤ ਮੌਕੇ ’ਤੇ ਪੁੱਜੇ। ਪੁਲਸ ਨੂੰ ਦੇਖ ਕੇ ਹਮਲਾਵਰ ਆਪਣੀ ਬੱਸ ਨੰਬਰ ਯੂ.ਪੀ.-15 ਜੇ.ਟੀ.-8055 ਵਿਚ ਸਵਾਰ ਹੋ ਕੇ ਮੌਕੇ ਤੋਂ ਫਰਾਰ ਹੋ ਗਏ। ਉਨ੍ਹਾਂ ਦੱਸਿਆ ਕਿ ਬੱਸ ਦੇ ਕੰਡਕਟਰ ਨਿਖਿਲ ਵਾਸੀ ਪਿੰਡ ਖਿਜ਼ਰਗੜ੍ਹ (ਜੀਰਕਪੁਰ) ਅਨੁਸਾਰ 25 ਅਕਤੂਬਰ ਨੂੰ ਰਾਤ ਕਰੀਬ 8:30 ਵਜੇ ਉਹ ਅਤੇ ਡਰਾਈਵਰ ਅਨਸ, ਬੱਸ ਨੰਬਰ ਯੂਪੀ-22ਏਟੀ-0875 ਵਿੱਚ ਖਰੜ ਤੋਂ ਸਵਾਰੀਆਂ ਲੈ ਕੇ ਰਾਮਪੁਰ ਬਰੇਲੀ (ਯੂ.ਪੀ.) ਲਈ ਜਾ ਰਹੇ ਸਨ। ਜਦੋਂ ਉਹ ਡੇਰਾਬੱਸੀ ਫਲਾਈਓਵਰ ਹੇਠਾਂ ਗਿੰਨੀ ਟੈਂਟ ਹਾਊਸ ਨੇੜੇ ਬੁੱਕ ਕੀਤੀਆਂ ਸਵਾਰੀਆਂ ਚੁੱਕਣ ਲਈ ਰੁਕੇ, ਤਾਂ ਉੱਥੇ ਪਹਿਲਾਂ ਤੋਂ ਖੜ੍ਹੀ ‘ਸਾਹਿਲ ਮਾਰਕਾ’ ਬੱਸ ’ਚੋਂ ਤਾਰੀਕ ਨੇਤਾ, ਯੂਸਫ਼, ਉਜੇਰ, ਕਾਦਿਰ, ਵਾਹਿਦ ਅਤੇ ਮੁੱਲਾ ਜੀ ਹੇਠਾਂ ਉਤਰੇ। ਮੁਲਜ਼ਮਾਂ ਨੇ ਸਵਾਰੀਆਂ ਚੁੱਕਣ ਦੇ ਬਦਲੇ ਗੁੰਡਾ ਟੈਕਸ ਦੀ ਮੰਗ ਕੀਤੀ। ਜਦੋਂ ਨਿਖਿਲ ਅਤੇ ਅਨਸ ਨੇ ਇਸ ਦਾ ਵਿਰੋਧ ਕੀਤਾ ਤਾਂ ਦੋਸ਼ੀਆਂ ਨੇ ਤਲਵਾਰਾਂ, ਰਾਡਾਂ ਅਤੇ ਡੰਡਿਆਂ ਨਾਲ ਉਨ੍ਹਾਂ ’ਤੇ ਹਮਲਾ ਕਰ ਦਿੱਤਾ, ਬੱਸ ਦੀ ਭੰਨ-ਤੋੜ ਕੀਤੀ ਅਤੇ ਸਵਾਰੀਆਂ ਨਾਲ ਵੀ ਬਦਸਲੂਕੀ ਕੀਤੀ।

ਲੁਧਿਆਣਾ ’ਚ ਰੇਡ ਦੌਰਾਨ ਵੱਡੀ ਕਾਰਵਾਈ, ਇੰਸਪੈਕਟਰ ਗ੍ਰਿਫ਼ਤਾਰ

ਲੁਧਿਆਣਾ 30 ਅਕਤੂਬਰ। ਪੰਜਾਬ ਵਿਜੀਲੈਂਸ ਬਿਊਰੋ ਨੇ ਨਗਰ ਨਿਗਮ ਜ਼ੋਨ-ਬੀ ਲੁਧਿਆਣਾ ਵਿਖੇ ਤਾਇਨਾਤ ਇੰਸਪੈਕਟਰ ਸ਼ੁਭਮ ਨੂੰ 25,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਲੁਧਿਆਣਾ ਦੇ ਅਜੀਤ ਨਗਰ ਦੇ ਵਸਨੀਕ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ ’ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਦੋਸ਼ ਲਾਇਆ ਕਿ ਉਸ ਦੇ ਪਿਤਾ ਦੀ ਮੌਤ ਤੋਂ ਬਾਅਦ ਜੱਦੀ ਜਾਇਦਾਦ ਨੂੰ ਉਸ ਦੇ ਅਤੇ ਉਸ ਦੇ ਭਰਾਵਾਂ ਦੇ ਨਾਮ ਤਬਦੀਲ ਕਰਵਾਉਣ ਲਈ ਉਨ੍ਹਾਂ ਵੱਲੋਂ ਲੋੜੀਂਦੇ ਦਸਤਾਵੇਜ਼ ਨਗਰ ਨਿਗਮ ਜ਼ੋਨ-ਬੀ, ਲੁਧਿਆਣਾ ਵਿਖੇ ਜਮ?ਹਾਂ ਕਰਵਾਏ ਗਏ ਸਨ, ਜੋ ਸਬੰਧਤ ਇੰਸਪੈਕਟਰ ਸ਼ੁਭਮ, ਨਗਰ ਨਿਗਮ ਜ਼ੋਨ-ਬੀ, ਲੁਧਿਆਣਾ ਨੂੰ ਮਾਰਕ ਕੀਤੇ ਗਏ ਸਨ। ਸ਼ਿਕਾਇਤਕਰਤਾ ਅਤੇ ਉਸ ਦੇ ਭਰਾਵਾਂ ਦੇ ਨਾਮ ਜੱਦੀ ਜਾਇਦਾਦ ਤਬਦੀਲ ਕਰਨ ਬਦਲੇ ਉਕਤ ਇੰਸਪੈਕਟਰ ਸ਼ੁਭਮ ਉਨ੍ਹਾਂ ਤੋਂ 25,000 ਰੁਪਏ ਰਿਸ਼ਵਤ ਮੰਗ ਰਿਹਾ ਸੀ। ਰਿਸ਼ਵਤ ਦੇਣ ਲਈ ਰਾਜ਼ੀ ਨਾ ਹੋਣ ਕਰਕੇ ਸ਼ਿਕਾਇਤਕਰਤਾ ਨੇ ਇਸ ਸਬੰਧੀ ਵਿਜੀਲੈਂਸ ਬਿਊਰੋ ਰੇਂਜ ਲੁਧਿਆਣਾ ਨਾਲ ਸੰਪਰਕ ਕੀਤਾ। ਉਸ ਦੀ ਸ਼ਿਕਾਇਤ ’ਤੇ ਕਾਰਵਾਈ ਕਰਦਿਆਂ ਵਿਜੀਲੈਂਸ ਟੀਮ ਨੇ ਜਾਲ ਵਿਛਾਇਆ, ਜਿਸ ਦੌਰਾਨ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿਚ ਮੁਲਜ਼ਮ ਇੰਸਪੈਕਟਰ ਸ਼ੁਭਮ ਨੂੰ ਸ਼ਿਕਾਇਤਕਰਤਾ ਤੋਂ 25,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਸਬੰਧੀ ਮੁਲਜ਼ਮ ਖ਼?ਲਾਫ਼ ਵਿਜੀਲੈਂਸ ਬਿਊਰੋ ਦੇ ਥਾਣਾ ਲੁਧਿਆਣਾ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

ਨਸ਼ੇ ਕਾਰਨ ਹੋਈ ਲੜਾਈ ਮਗਰੋਂ 20 ਸਾਲਾ ਕੁੜੀ ਨੇ ਦੇ ਦਿੱਤੀ ਜਾਨ

ਫ਼ਤਿਹਗੜ੍ਹ ਸਾਹਿਬ 30 ਅਕਤੂਬਰ। ਸਰਹਿੰਦ ਦੀ ਮਦਰਾਸੀ ਕਾਲੋਨੀ ਦੀ ਰਹਿਣ ਵਾਲੀ 20 ਸਾਲਾ ਲੜਕੀ ਪ੍ਰੀਤੀ ਦੀ ਇਲਾਜ ਦੌਰਾਨ ਮੌਤ ਹੋ ਗਈ ਹੈ। ਉਹ ਪਿੰਡ ਮਾਜਰੀ ਸੋਢੀਆਂ ਦੇ ਰਹਿਣ ਵਾਲੇ ਪਰਮਿੰਦਰ ਸਿੰਘ ਨਾਲ ਲਿਵ-ਇਨ ਰਿਲੇਸ਼ਨਸ਼ਿਪ ਵਿੱਚ ਰਹਿ ਰਹੀ ਸੀ। ਜ਼ਿਕਰਯੋਗ ਹੈ ਕਿ ਮ੍ਰਿਤਕ ਪ੍ਰੀਤੀ ਨੇ ਇਲਾਜ ਦੌਰਾਨ ਇੱਕ ਵੀਡੀਓ ਵੀ ਬਣਾਈ ਸੀ, ਜਿਸ ਵਿੱਚ ਉਸ ਨੇ ਆਪਣੀ ਮੌਤ ਲਈ ਜ਼ਿੰਮੇਵਾਰ ਵਿਅਕਤੀਆਂ ਦੇ ਨਾਵਾਂ ਦਾ ਖੁਲਾਸਾ ਕੀਤਾ ਹੈ। ਥਾਣਾ ਸਰਹਿੰਦ ਦੇ ਸਬ-ਇੰਸਪੈਕਟਰ ਜਸਪਾਲ ਸਿੰਘ

ਨੇ ਦੱਸਿਆ ਕਿ ਪਰਮਿੰਦਰ ਸਿੰਘ ਨਸ਼ਾ ਕਰਨ ਦਾ ਆਦੀ ਸੀ ਅਤੇ ਪ੍ਰੀਤੀ ਉਸ ਨੂੰ ਨਸ਼ਾ ਕਰਨੋਂ ਰੋਕਦੀ ਸੀ, ਜਿਸ ਕਾਰਨ ਉਨ੍ਹਾਂ ਵਿਚਕਾਰ ਅਕਸਰ ਝਗੜਾ ਰਹਿੰਦਾ ਸੀ। ਇਸੇ ਰੰਜਿਸ਼ ਅਤੇ ਪ੍ਰੇਸ਼ਾਨੀ ਕਾਰਨ ਪ੍ਰੀਤੀ ਨੇ ਬੀਤੀ 28 ਤਾਰੀਖ਼ ਨੂੰ ਕੋਈ ਜ਼ਹਿਰੀਲੀ ਚੀਜ਼ ਨਿਗਲ ਲਈ। ਸਿਹਤ ਵਿਗੜਨ ’ਤੇ ਉਸ ਨੂੰ ਪਹਿਲਾਂ ਫ਼ਤਹਿਗੜ੍ਹ ਸਾਹਿਬ ਹਸਪਤਾਲ ਦਾਖ਼ਲ ਕਰਵਾਇਆ ਗਿਆ। ਹਾਲਤ ਗੰਭੀਰ ਦੇਖਦਿਆਂ ਡਾਕਟਰਾਂ ਨੇ ਉਸ ਨੂੰ ਚੰਡੀਗੜ੍ਹ ਸੈਕਟਰ-32 ਹਸਪਤਾਲ, ਫਿਰ ਪੀ.ਜੀ.ਆਈ. ਅਤੇ ਬਾਅਦ ਵਿਚ ਰਾਜਿੰਦਰਾ ਹਸਪਤਾਲ ਪਟਿਆਲਾ ਰੈਫ਼ਰ ਕਰ ਦਿੱਤਾ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਪੁਲਸ ਨੇ ਮ੍ਰਿਤਕਾ ਦੇ ਭਰਾ ਅਨਿਲ ਦੇ ਬਿਆਨਾਂ ਦੇ ਆਧਾਰ ’ਤੇ ਪਰਮਿੰਦਰ ਸਿੰਘ, ਰਾਣੀ ਅਤੇ ਪਰਮਿੰਦਰ ਦੇ ਇਕ ਦੋਸਤ ਖ਼?ਲਾਫ਼ ਮਾਮਲਾ ਦਰਜ ਕਰਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

ਨੀਲਾ ਡਰੰਮ ਭਰ ਕੇ ਰੱਖੀ ਲਾਹਣ ਸਣੇ ਵਿਅਕਤੀ ਨੂੰ ਤਪਾ ਪੁਲਸ ਕੀਤਾ ਗ੍ਰਿਫ਼ਤਾਰ

ਤਪਾ ਮੰਡੀ 30 ਅਕਤੂਬਰ। ਤਪਾ ਪੁਲਸ ਨੇ ਨਾਜਾਇਜ਼ ਸ਼ਰਾਬ ਬਣਾਉਣ ਲਈ ਵਰਤੀ ਜਾਂਦੀ ਲਾਹਣ ਬਰਾਮਦ ਕਰਦਿਆਂ ਇਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਸ ਨੇ ਮੁਲਜ਼ਮ ਦੇ ਕਬਜ਼ੇ ਵਿਚੋਂ 50 ਲੀਟਰ ਲਾਹਣ ਬਰਾਮਦ ਕਰਕੇ ਉਸ ਵਿਰੁੱਧ ਮਾਮਲਾ ਦਰਜ ਕਰ ਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਅਮਰੀਕ ਸਿੰਘ

ਗਰੇਵਾਲ ਨੇ ਦੱਸਿਆ ਕਿ ਜ਼ਿਲ੍ਹਾ ਪੁਲਸ ਮੁਖੀ ਮੁਹੰਮਦ ਸਰਫ਼ਰਾਜ਼ ਆਲਮ ਦੇ ਦਿਸ਼ਾ-ਨਿਰਦੇਸ਼ਾਂ ਅਤੇ ਡੀ.ਐੱਸ.ਪੀ. ਤਪਾ ਜਸਕਰਨ ਸਿੰਘ ਬਰਾੜ ਦੀ ਅਗਵਾਈ ਹੇਠ ਪੁਲਸ ਵੱਲੋਂ ਨਾਜਾਇਜ਼ ਸ਼ਰਾਬ ਦੇ ਕਾਰੋਬਾਰ ਨੂੰ ਰੋਕਣ ਲਈ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸਹਾਇਕ ਥਾਣੇਦਾਰ ਜਗਦੇਵ ਸਿੰਘ ਪੁਲਸ ਪਾਰਟੀ ਸਮੇਤ ਸ਼ੱਕੀ ਵਿਅਕਤੀਆਂ ਦੀ ਜਾਂਚ ਲਈ ਤਪਾ ਦੇ ਹਾਈਟੈਕ ਨਾਕੇ ’ਤੇ ਮੌਜੂਦ ਸਨ। ਇਸ ਦੌਰਾਨ ਪੁਲਸ ਨੂੰ ਇਕ ਮੁਖ਼ਬਰ ਰਾਹੀਂ ਸੂਚਨਾ ਮਿਲੀ ਕਿ ਜਗਸੀਰ ਸਿੰਘ ਉਰਫ਼ ਬੱਬੋ ਪੁੱਤਰ ਕਾਲਾ ਸਿੰਘ, ਵਾਸੀ ਦਾਣਾ ਮੰਡੀ ਨੇੜੇ ਮਹਿਤਾ,ਕਥਿਤ ਤੌਰ ’ਤੇ ਨਾਜਾਇਜ਼ ਸ਼ਰਾਬ ਤਿਆਰ ਕਰਨ ਅਤੇ ਲਾਹਣ ਰੱਖਣ ਦਾ ਕੰਮ ਕਰਦਾ ਹੈ। ਸੂਚਨਾ ਦੇ ਆਧਾਰ ’ਤੇ ਪੁਲਸ ਪਾਰਟੀ ਨੇ ਤੁਰੰਤ ਕਾਰਵਾਈ ਕਰਦਿਆਂ ਦੱਸੇ ਗਏ ਮਕਾਨ ’ਤੇ ਛਾਪਾ ਮਾਰਿਆ। ਇਸ ਦੌਰਾਨ ਪੁਲਸ ਨੂੰ ਉੱਥੋਂ 50 ਲੀਟਰ ਲਾਹਣ ਬਰਾਮਦ ਹੋਈ ਅਤੇ ਜਗਸੀਰ ਸਿੰਘ ਨੂੰ ਮੌਕੇ ’ਤੇ ਹੀ ਕਾਬੂ ਕਰ ਲਿਆ ਗਿਆ। ਥਾਣਾ ਮੁਖੀ ਅਨੁਸਾਰ ਪੁਲਸ ਨੇ ਮੁਲਜ਼ਮ ਵਿਰੁੱਧ ਮਾਮਲਾ ਦਰਜ ਕਰਕੇ ਅਗਲੇਰੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਪਤੀ ਤੇ 3 ਬੱਚਿਆਂ ਨੂੰ ਛੱਡ ਪ੍ਰੇਮੀ ਕੋਲ ਗਈ ਪਿੰਕੀ ਦਾ ਖ਼ੌਫ਼ਨਾਕ ਅੰਤ, ਪ੍ਰੇਮੀ ਨੇ ਜੀਜੇ ਨਾਲ ਮਿਲ ਕੇ ਕੀਤਾ ਕਤਲ

ਕੌਮੀ ਪਤ੍ਰਿਕਾ

ਖੁਰਜਾ 30 ਅਕਤੂਬਰ। ਖੁਰਜਾ ਦੇਹਾਤ ਥਾਣਾ ਖੇਤਰ ਦੇ ਪਿੰਡ ਸ਼ਹਿਬਾਜ਼ਪੁਰ ਭਾਲ ਦੀ ਰਹਿਣ ਵਾਲੀ ਪਿੰਕੀ ਨੇ ਪ੍ਰੇਮੀ ਦੀ ਖ਼ਾਤਰ ਆਪਣੇ ਪਤੀ ਨਾਲ ਬੇਵਫ਼ਾਈ ਕੀਤੀ। ਇਸ ਤੋਂ ਬਾਅਦ ਉਸੇ ਪ੍ਰੇਮੀ ਨੇ ਆਪਣੇ ਸਾਢੂ ਨਾਲ ਮਿਲ ਕੇ ਉਸ ਦਾ ਕਤਲ ਕਰ ਦਿੱਤਾ। ਪਿੰਕੀ ਨੂੰ ਨਾ ਤਾਂ ਪਤੀ ਦਾ ਭਰੋਸਾ ਮਿਲਿਆ ਅਤੇ ਨਾ ਹੀ ਪ੍ਰੇਮੀ ਦਾ ਪਿਆਰ। ਉਹ ਆਪਣੇ ਤਿੰਨ ਬੱਚਿਆਂ ਨੂੰ ਛੱਡ ਕੇ ਪ੍ਰੇਮੀ ਨਾਲ ਰਹਿਣ ਚਲੀ ਗਈ ਸੀ। 30 ਸਾਲਾ ਪਿੰਕੀ ਦਾ ਵਿਆਹ ਸਾਲ 2013 ’ਚ ਦੇਹਾਤ ਥਾਣਾ ਖੇਤਰ ਦੇ ਪਿੰਡ ਸ਼ਹਿਬਾਜ਼ਪੁਰ ਭਾਲ ਦੇ ਰਹਿਣ ਵਾਲੇ ਰਾਮਕੁਮਾਰ ਨਾਲ ਹੋਇਆ ਸੀ। ਕਰੀਬ ਇੱਕ ਸਾਲ ਪਹਿਲਾਂ ਉਸ ਦਾ ਪਿੰਡ ਦੇ ਹੀ ਰਹਿਣ ਵਾਲੇ ਨੌਜਵਾਨ ਰਿੰਕੂ ਨਾਲ ਪ੍ਰੇਮ ਸਬੰਧ ਬਣ ਗਿਆ ਸੀ। ਵਿਆਹ ਤੋਂ ਬਾਅਦ ਰਾਮਕੁਮਾਰ ਅਤੇ ਪਿੰਕੀ ਦੇ

ਤਿੰਨ ਬੱਚੇ ਹੋਏ, ਜਿਨ੍ਹਾਂ ’ਚ ਅੱਠ ਸਾਲ ਦੀ ਧੀ ਮਾਧੁਰੀ, ਪੰਜ ਸਾਲ ਦਾ ਪੁੱਤਰ ਵੰਸ਼ ਅਤੇ ਤਿੰਨ ਸਾਲ ਦਾ ਪੁੱਤਰ ਚਿੰਟੂ ਸ਼ਾਮਲ ਹਨ। ਬੀਤੀ 25 ਸਤੰਬਰ ਨੂੰ ਪਿੰਕੀ ਅਚਾਨਕ ਲਾਪਤਾ ਹੋ ਗਈ ਸੀ। ਪੁਲਿਸ ਨੇ ਰਿੰਕੂ ਅਤੇ ਉਸ ਦੇ ਸਾਢੂ ਰਾਜੇਸ਼ ਨੂੰ ਮੁਕਾਬਲੇ ਦੌਰਾਨ ਜ਼ਖ਼ਮੀ ਹਾਲਤ ’ਚ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਦਿੱਤਾ। ਮੁਲਜ਼ਮਾਂ ਦੀ ਨਿਸ਼ਾਨਦੇਹੀ ’ਤੇ ਅਲੀਗੜ੍ਹ ਜ਼ਿਲ੍ਹੇ ਦੇ ਅਕਰਾਬਾਦ ਥਾਣਾ ਖੇਤਰ ਅਧੀਨ ਪਿੰਡ ਰਾਮਪੁਰ ਲਧੌਵਾ ’ਚ ਇੱਕ ਨਲਕੂਪ ਦੇ ਨੇੜੇ ਟੋਏ ’ਚੋਂ ਪਿੰਕੀ ਦੀ ਲਾਸ਼ ਬਰਾਮਦ ਕੀਤੀ ਗਈ। ਪੁਲਿਸ ਨੇ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ। ਜਿਸ ਕਿਸੇ ਨੇ ਵੀ ਇਹ ਖ਼ਬਰ ਸੁਣੀ, ਉਹ ਪਿੰਕੀ ਦੇ ਫ਼ੈਸਲੇ ’ਤੇ ਅਫ਼ਸੋਸ ਪ੍ਰਗਟਾਉਂਦਾ ਨਜ਼ਰ ਆਇਆ। ਲੋਕਾਂ ਦਾ ਕਹਿਣਾ ਸੀ ਕਿ ਉਸ ਨੇ ਦੋ ਪਰਿਵਾਰਾਂ ਨੂੰ ਬਰਬਾਦ ਕਰ ਦਿੱਤਾ। ਲੋਕਾਂ ਦੀ ਪ੍ਰਤੀਕਿਰਿਆ ਸੀ, ’ਤੈਨੂੰ ਨਾ ਤਾਂ ਪਤੀ ਦਾ ਭਰੋਸਾ ਮਿਲਿਆ ਅਤੇ ਨਾ ਹੀ ਰਿੰਕੂ ਦਾ ਪਿਆਰ। ਜਿਸ ਦੇ ਲਈ ਤੂੰ ਆਪਣੇ ਹੱਸਦੇ-ਖੇਡਦੇ ਪਰਿਵਾਰ ਨੂੰ ਉਜਾੜ ਦਿੱਤਾ, ਉਸੇ ਨੇ ਤੇਰੀ ਜਾਨ ਲੈ ਲਈ। ਹੁਣ ਤੇਰੇ ਬੱਚਿਆਂ ਦਾ ਕੀ ਹੋਵੇਗਾ? ਤੂੰ ਇੱਕ ਵਾਰ ਵੀ ਆਪਣੇ ਬੱਚਿਆਂ ਅਤੇ ਪਤੀ ਰਾਮਕੁਮਾਰ ਬਾਰੇ ਨਹੀਂ ਸੋਚਿਆ।’

ਬੀਬਾ ਹਰਸਿਮਰਤ ਕੌਰ ਬਾਦਲ ਦੀ ਤਪਾ ਆਮਦ ਨੂੰ ਲੈ ਕੇ ਅਕਾਲੀ ਦਲ ਪੱਬਾਂ ਭਾਰ

ਤਪਾ ਮੰਡੀ 30 ਅਕਤੂਬਰ। ਸੰਸਦ ਮੈਂਬਰ ਬੀਬਾ ਹਰਸਿਮਰਤ ਕੌਰ ਬਾਦਲ ਦੀ 31 ਅਕਤੂਬਰ ਨੂੰ ਤਪਾ ਵਿਖੇ ਹੋਣ ਵਾਲੀ ਫੇਰੀ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵੱਲੋਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ। ਪਾਰਟੀ ਵੱਲੋਂ ਮੀਟਿੰਗਾਂ ਕਰਕੇ ਵੱਖ-ਵੱਖ ਪਿੰਡਾਂ ਅਤੇ ਬਸਤੀਆਂ ਵਿੱਚ ਲੋਕਾਂ ਨੂੰ ਇਕੱਠੇ ਕਰਨ ਦੇ ਨਾਲ-ਨਾਲ ਔਰਤਾਂ ਅਤੇ ਨੌਜਵਾਨਾਂ ਨੂੰ ਪਾਰਟੀ ਨਾਲ ਜੋੜਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਇਸ ਸਬੰਧੀ ਗੱਲਬਾਤ ਕਰਦਿਆਂ ਨਗਰ ਕੌਂਸਲ ਤਪਾ ਦੇ ਸਾਬਕਾ ਪ੍ਰਧਾਨ ਅਤੇ ਸੀਨੀਅਰ ਅਕਾਲੀ ਆਗੂ ਤਰਲੋਚਨ ਬਾਂਸਲ ਨੇ ਕਿਹਾ ਕਿ ਬੀਬਾ ਹਰਸਿਮਰਤ ਕੌਰ ਬਾਦਲ ਦੀ ਆਮਦ ਮੌਕੇ ਵੱਡਾ ਇਕੱਠ ਕਰਕੇ ਪਾਰਟੀ ਦੀ ਮਜ਼ਬੂਤੀ ਦਾ ਪ੍ਰਦਰਸ਼ਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਫੇਰੀ ਰਾਹੀਂ ਪਾਰਟੀ ਦੀਆਂ ਨੀਤੀਆਂ ਨੂੰ ਲੋਕਾਂ ਤੱਕ ਪਹੁੰਚਾਉਣ ਅਤੇ ਨਵੇਂ ਵਰਗਾਂ ਨੂੰ ਜਥੇਬੰਦੀ ਨਾਲ ਜੋੜਨ ਉੱਤੇ ਜ਼ੋਰ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਅਮਨ-ਕਾਨੂੰਨ ਦੀ ਸਥਿਤੀ, ਕਿਸਾਨਾਂ ਨੂੰ ਦਰਪੇਸ਼ ਸਮੱਸਿਆਵਾਂ ਅਤੇ ਭ੍ਰਿਸ਼ਟਾਚਾਰ ਵਰਗੇ ਮੁੱਦਿਆਂ ਨੂੰ ਲੈ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ। ਸਾਲ 2027 ਦੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਪਾਰਟੀ ਦੇ ਜਥੇਬੰਦਕ ਢਾਂਚੇ ਨੂੰ ਪਿੰਡ ਅਤੇ ਬਲਾਕ ਪੱਧਰ ’ਤੇ ਮਜ਼ਬੂਤ ਕਰਨ ਲਈ ਵੀ ਯਤਨ ਕੀਤੇ ਜਾ ਰਹੇ ਹਨ। ਇਸ ਮੌਕੇ ਸਾਬਕਾ ਜ਼ਿਲ੍ਹਾ ਪਰਿਸ਼ਦ ਮੈਂਬਰ ਭਗਵਾਨ ਸਿੰਘ ਭਾਨਾ, ਸਾਬਕਾ ਬਲਾਕ ਸੰਮਤੀ ਵਾਈਸ ਚੇਅਰਮੈਨ ਡੋਗਰ ਸਿੰਘ, ਜ਼ਿਲ੍ਹਾ ਪਰਿਸ਼ਦ ਮੈਂਬਰ ਸਰਪੰਚ ਗਗਨ ਨੈਨੀਅਲ, ਸੀਨੀਅਰ ਅਕਾਲੀ ਆਗੂ ਭਗਵੰਤ ਸਿੰਘ ਚੱਠਾ, ਪਰਮਜੀਤ ਸਿੰਘ ਪੰਮਾ ਅਤੇ ਆਈ. ਟੀ. ਸੈੱਲ ਦੇ ਪ੍ਰਧਾਨ ਜਤਿੰਦਰ ਸਿੰਘ ਗੋਲੂ ਸਮੇਤ ਹੋਰ ਆਗੂ ਮੌਜੂਦ ਸਨ।

300 ਦੇ ਲਾਲਚ ’ਚ ਬੱਚਿਆਂ ਤੋਂ ਕਰਵਾਉਂਦੇ ਸੀ ਇਹ ਕੰਮ, ਦਿੱਲੀ ਦੇ ਫੁੱਟਪਾਥ ’ਤੇ ਲੱਗਦੈ ਬਾਜ਼ਾਰ; ਪੁਲਿਸ ਨੇ ਛੁਡਵਾਏ ਮਾਸੂਮ ਬੱਚੇ

ਕੌਮੀ ਪਤ੍ਰਿਕਾ

ਬਹਜੋਈ (ਸੰਭਲ) 30 ਅਕਤੂਬਰ। ਝਾਰਖੰਡ ਦੇ ਰਹਿਣ ਵਾਲੇ ਕੁਝ ਲੋਕਾਂ ਦਾ ਅਜਿਹਾ ਗਿਰੋਹ ਸਾਹਮਣੇ ਆਇਆ ਹੈ, ਜੋ ਬਿਹਾਰ ਅਤੇ ਝਾਰਖੰਡ ਤੋਂ ਨਾਬਾਲਗ ਬੱਚਿਆਂ ਨੂੰ ਲਿਆ ਕੇ ਉਨ੍ਹਾਂ ਤੋਂ 300 ਤੋਂ 500 ਰੁਪਏ ਦੇ ਬਦਲੇ ਮੋਬਾਈਲ ਫੋਨਾਂ ਦੀ ਚੋਰੀ ਕਰਵਾਉਂਦਾ ਸੀ। ਇਸ ਤੋਂ ਬਾਅਦ ਚੋਰੀ ਕੀਤੇ ਫੋਨਾਂ ਨੂੰ ਦਿੱਲੀ ਦੇ ਫੁੱਟਪਾਥ ’ਤੇ ਲੱਗਣ ਵਾਲੇ ਬਾਜ਼ਾਰ ਵਿੱਚ ਵੇਚ ਦਿੱਤਾ ਜਾਂਦਾ ਸੀ। ਗੁੰਨੌਰ ਪੁਲਿਸ ਨੇ ਇੱਕ ਨਾਬਾਲਗ ਸਮੇਤ ਚਾਰ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਮੁਲਜ਼ਮਾਂ ਕੋਲੋਂ ਵੱਖ-ਵੱਖ ਕੰਪਨੀਆਂ ਦੇ 42 ਐਂਡਰਾਇਡ ਮੋਬਾਈਲ ਫੋਨ ਅਤੇ ਚੋਰੀ ਕੀਤਾ ਇੱਕ ਆਧਾਰ ਕਾਰਡ ਬਰਾਮਦ ਕੀਤਾ ਹੈ। ਇਨ੍ਹਾਂ ਦੀ ਕੁੱਲ ਕੀਮਤ ਕਰੀਬ 10 ਲੱਖ ਰੁਪਏ ਦੱਸੀ ਜਾ ਰਹੀ ਹੈ। ਐੱਸਪੀ ਵਿਕਾਸ ਚੰਦਰ ਤ੍ਰਿਪਾਠੀ ਨੇ ਦੱਸਿਆ ਕਿ 8 ਅਕਤੂਬਰ ਨੂੰ ਗੁੰਨੌਰ ਦੇ ਬਾਜ਼ਾਰ ਵਿੱਚ ਬਬਰਾਲਾ ਦੇ ਓਮ ਪ੍ਰਕਾਸ਼ ਅਤੇ ਜਗਨਨਾਥਪੁਰ ਦੇ ਇਮਰਾਨ ਦੇ ਮੋਬਾਈਲ ਫੋਨ ਚੋਰੀ ਹੋ ਗਏ ਸਨ। ਇਸ ਸਬੰਧੀ ਪੁਲਿਸ ਨੇ ਮਾਮਲਾ ਦਰਜ ਕੀਤਾ ਸੀ। ਸੀਸੀਟੀਵੀ ਫੁਟੇਜ ਦੀ ਮਦਦ ਨਾਲ ਚੋਰਾਂ ਦੀ ਪਛਾਣ ਕੀਤੀ ਗਈ। ਮੋਬਾਈਲ ਚੋਰੀ ਕਰਨ ਵਾਲੇ ਬੱਚਿਆਂ ਨੂੰ ਸਭ ਤੋਂ ਪਹਿਲਾਂ ਜਵਾਹਰ ਚੌਂਕ ’ਤੇ ਦੇਖਿਆ ਗਿਆ ਸੀ। ਇਸ ਤੋਂ ਬਾਅਦ ਬਾਕੀ ਤਿੰਨ ਮੁਲਜ਼ਮਾਂ ਨੂੰ ਨੇੜੇ ਸਥਿਤ ਇੱਕ ਬੰਦ ਪਏ ਸਰਵਿਸ ਸਟੇਸ਼ਨ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਨਾਬਾਲਗ ਤੋਂ ਇਲਾਵਾ ਫੜੇ ਗਏ ਤਿੰਨੋਂ ਮੁਲਜ਼ਮ ਝਾਰਖੰਡ ਦੇ ਸਾਹਿਬਗੰਜ ਜ਼ਿਲ੍ਹੇ ਦੇ ਤਾਲਝਾੜੀ ਥਾਣਾ ਖੇਤਰ ਅਧੀਨ ਆਉਂਦੇ ਮਹਾਰਾਜਪੁਰ, ਨਵਾਂ ਟੋਲਾ ਕਲਿਆਣੀ ਪਿੰਡ ਦੇ ਰਹਿਣ ਵਾਲੇ ਹਨ। ਇਨ੍ਹਾਂ ਵਿੱਚੋਂ ਦਿਨੇਸ਼ ਕੁਮਾਰ ਮਹਤੋ ਅਤੇ ਕਰਨ ਕੁਮਾਰ ਇਸ

ਸਮੇਂ ਅਲੀਗੜ੍ਹ ਦੇ ਪਾਠਕਪੁਰ ਸਥਿਤ ਵਿਸ਼ਨੂੰਪੁਰੀ ਵਿੱਚ ਰਹਿ ਰਹੇ ਸਨ, ਜਦਕਿ ਸੁਰੰਜਨ ਕੁਮਾਰ ਸ਼ਾਹ ਅਲੀਗੜ੍ਹ ਦੀ ਨਵੀਂ ਬਸਤੀ, ਮਸੂਦਾਬਾਦ ਵਿੱਚ ਰਹਿੰਦਾ ਸੀ। ਥਾਣਾ ਇੰਚਾਰਜ ਸੰਜੇ ਕੁਮਾਰ ਨੇ ਦੱਸਿਆ ਕਿ ਚੋਰੀ ਦੀ ਵਾਰਦਾਤ ਤੋਂ ਬਾਅਦ ਚਾਰੇ ਮੁਲਜ਼ਮ ਗੁੰਨੌਰ ਵਿੱਚ ਹੀ ਰੁਕੇ ਹੋਏ ਸਨ ਅਤੇ ਸ਼ਨੀਵਾਰ ਸਵੇਰੇ ਜੁਨਾਵਈ ਦੀ ਹਫ਼ਤਾਵਾਰੀ ਮੰਡੀ ਵਿੱਚ ਜਾਣ ਦੀ ਤਿਆਰੀ ਕਰ ਰਹੇ ਸਨ। ਸੰਭਲ ਦੇ ਨਾਲ ਹਾਥਰਸ, ਕਾਸਗੰਜ, ਏਟਾ ਅਤੇ ਅਲੀਗੜ੍ਹ ਵਿੱਚ ਵੀ ਕੀਤੀਆਂ ਵਾਰਦਾਤਾਂ ਇਸ ਗਿਰੋਹ ਦੇ ਮੈਂਬਰ ਬਿਹਾਰ ਅਤੇ ਝਾਰਖੰਡ ਤੋਂ ਛੋਟੇ ਬੱਚਿਆਂ ਨੂੰ ਆਪਣੇ ਨਾਲ ਲਿਆਉਂਦੇ ਸਨ। ਉਹ ਸ਼ਹਿਰਾਂ ਵਿੱਚ ਕਿਰਾਏ ਦੇ ਮਕਾਨ ਲੈ ਕੇ ਰਹਿੰਦੇ ਸਨ ਅਤੇ ਬੱਚਿਆਂ ਤੋਂ ਭੀੜ-ਭੜੱਕੇ ਵਾਲੇ ਬਾਜ਼ਾਰਾਂ ਵਿੱਚ ਮੋਬਾਈਲ ਫੋਨਾਂ ਦੀ ਚੋਰੀ ਕਰਵਾਉਂਦੇ ਸਨ। ਹਰ ਮੋਬਾਈਲ ਚੋਰੀ ਕਰਨ ਦੇ ਬਦਲੇ ਬੱਚਿਆਂ ਨੂੰ 300 ਤੋਂ 500 ਰੁਪਏ ਦਿੱਤੇ ਜਾਂਦੇ ਸਨ। ਇਹ ਗਿਰੋਹ ਅਲੀਗੜ੍ਹ ਤੋਂ ਇਲਾਵਾ ਸੰਭਲ, ਹਾਥਰਸ, ਕਾਸਗੰਜ ਅਤੇ ਏਟਾ ਦੇ ਬਾਜ਼ਾਰਾਂ ਵਿੱਚ ਵੀ ਮੋਬਾਈਲ ਚੋਰੀ ਕਰਦਾ ਸੀ। ਕਿਸੇ ਜ਼ਿਲ੍ਹੇ ਵਿੱਚ ਵਾਰਦਾਤ ਕਰਨ ਤੋਂ ਬਾਅਦ ਜਦੋਂ ਪੁਲਿਸ ਉਨ੍ਹਾਂ ਦੇ ਪਿੱਛੇ ਪੈਂਦੀ ਸੀ ਤਾਂ ਉਹ ਦੂਜੇ ਜ਼ਿਲ੍ਹੇ ਵਿੱਚ ਭੱਜ ਜਾਂਦੇ ਸਨ ਅਤੇ ਉੱਥੇ ਵੀ ਵਾਰਦਾਤਾਂ ਕਰਦੇ ਸਨ। ਇਸ ਤੋਂ ਬਾਅਦ ਚੋਰੀ ਕੀਤੇ ਫੋਨਾਂ ਨੂੰ ਦਿੱਲੀ ਦੇ ਫੁੱਟਪਾਥ ਬਾਜ਼ਾਰਾਂ ਵਿੱਚ ਗਾਹਕਾਂ ਨੂੰ ਵੇਚ ਕੇ ਪੈਸੇ ਕਮਾਉਂਦੇ ਸਨ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

ਮੋਟਰਸਾਈਕਲ ਸਵਾਰ ਨੂੰ ਵਾਹਨ ਨੇ ਮਾਰੀ ਫੇਟ, ਪਿੱਛੋਂ ਆ ਰਿਹਾ ਟਰੱਕ ਉੱਪਰੋਂ ਲੰਘਿਆ

ਗੁਰੂਹਰਸਹਾਏ 30 ਅਕਤੂਬਰ। ਫਿਰੋਜ਼ਪੁਰ-ਫਾਜ਼ਿਲਕਾ ਜੀ. ਟੀ. ਰੋਡ 'ਤੇ ਸਥਿਤ ਪ੍ਰਾਈਵੇਟ ਸਕੂਲ ਦੇ ਨੇੜੇ ਵਾਪਰੇ ਇੱਕ ਦਰਦਨਾਕ ਸੜਕ ਹਾਦਸੇ 'ਚ ਮੋਟਰ ਸਾਈਕਲ ਸਵਾਰ ਵਿਅਕਤੀ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਪਿੰਡ ਮਾੜੇ ਕਲਾਂ ਦੇ ਵਸਨੀਕ ਕੁਲਵੰਤ ਸਿੰਘ (40) ਵਜੋਂ ਹੋਈ ਹੈ, ਜੋ ਮਿਸਤਰੀ ਸੀ ਅਤੇ ਲੱਕੜ ਦਾ ਕੰਮ ਕਰਦਾ ਸੀ। ਹਾਦਸੇ ਤੋ ਬਾਅਦ ਟਰਾਲਾ ਚਾਲਕ ਮੌਕੇ ਤੋਂ ਫ਼ਰਾਰ ਹੋ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਮਿਸਤਰੀ ਕੁਲਵੰਤ ਸਿੰਘ ਜੋ ਬੀਤੇ ਸ਼ਨੀਵਾਰ ਦੀ ਦੇਰ ਸ਼ਾਮ ਨੂੰ ਪਿੰਡ ਮੋਹਨ ਕੇ ਹਿਠਾੜ ਤੋ ਆਪਣਾ ਕੰਮ ਖ਼ਤਮ ਕਰਕੇ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਪਣੇ ਘਰ ਪਿੰਡ ਮਾੜੇ ਕਲਾਂ ਵਾਪਿਸ ਜਾ ਰਿਹਾ ਸੀ। ਜਦੋਂ ਉਹ ਐਫਐਫ ਰੋਡ 'ਤੇ ਸਥਿਤ ਪ੍ਰਾਈਵੇਟ ਸਕੂਲ ਦੇ ਨੇੜੇ ਪਹੁੰਚਿਆ ਤਾਂ ਕਿਸੇ ਅਣਪਛਾਤੇ ਵਾਹਨ ਦੀ ਫੇਟ ਵੱਜਣ ਕਾਰਨ ਉਹ ਮੋਟਰ ਸਾਈਕਲ ਸਮੇਤ ਸੜਕ 'ਤੇ ਡਿੱਗ ਪਿਆ। ਇਸ ਦੌਰਾਨ ਥੋੜ੍ਹੇ ਸਮੇਂ ਬਾਅਦ ਹੀ ਉੱਥੋਂ ਲੰਘ ਰਹੇ ਇੱਕ ਟਰਾਲੇ ਦਾ ਪਹੀਆ ਉਸ ਦੇ ਉੱਪਰ ਚੜ੍ਹ ਗਿਆ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਗੁਰੂਹਰਸਹਾਏ ਦੀ ਪੁਲਸ ਮੌਕੇ 'ਤੇ ਪਹੁੰਚ ਗਈ ਅਤੇ ਹਾਦਸੇ ਸਬੰਧੀ ਜਾਂਚ ਸ਼ੁਰੂ ਕਰ ਦਿੱਤੀ ਹੈ ਪੁਲਸ ਵੱਲੋਂ ਫਰਾਰ ਹੋਏ ਟਰਾਲਾ ਚਾਲਕ ਦੀ ਭਾਲ ਅਤੇ ਹਾਦਸੇ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ। ਦੂਜੇ ਪਾਸੇ ਕੁਲਵੰਤ ਸਿੰਘ ਦੀ ਮੌਤ ਦੀ ਖ਼ਬਰ ਮਿਲਦਿਆਂ ਹੀ ਵਾਹਨ ਦੀ ਫੇਟ ਵੱਜਣ ਕਾਰਨ ਉਹ ਮੋਟਰ ਸਾਈਕਲ ਸਮੇਤ ਸੜਕ 'ਤੇ ਡਿੱਗ ਪਿਆ। ਇਸ ਦੌਰਾਨ ਥੋੜ੍ਹੇ ਸਮੇਂ ਬਾਅਦ ਹੀ ਉੱਥੋਂ ਲੰਘ ਰਹੇ ਇੱਕ ਟਰਾਲੇ ਦਾ ਪਹੀਆ ਉਸ ਦੇ ਉੱਪਰ ਚੜ੍ਹ ਗਿਆ, ਜਿਸ ਕਾਰਨ ਉਸ ਦੀ ਮੌਕੇ 'ਤੇ ਪਰਿਵਾਰਕ ਮੈਂਬਰ ਘਟਨਾ ਵਾਲੀ ਥਾਂ 'ਤੇ ਪਹੁੰਚੇ।

NAME CHANGE

I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

NAME CHANGE

I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

NAME CHANGE

It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

NAME CHANGE

I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

PUBLIC NOTICE

It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

NAME CHANGE

I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

NAME CHANGE

I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

NAME CHANGE

It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

NAME CHANGE

I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

NAME CHANGE

I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

PUBLIC NOTICE

It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

NAME CHANGE

I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

NAME CHANGE

I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

NAME CHANGE

I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

NAME CHANGE

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE

I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

NAME CHANGE

I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

NAME CHANGE

I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

NAME CHANGE

I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

NAME CHANGE

I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

NAME CHANGE

I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

NAME CHANGE

I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

NAME CHANGE

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

PUBLIC NOTICE

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

NAME CHANGE

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

NAME CHANGE

I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

NAME CHANGE

I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

PUBLIC NOTICE

Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

माँ महामाया सहकारी शक्कर कारखाना मर्यादित्, अम्बिकापुर ग्राम–केरता
तहसील–प्रतापपुर, जिला–सूरजपुर (छ0ग0)

"रिक्त पदों पर संविदा नियुक्ति/भर्ती हेतु विज्ञापन"

माँ महामाया सहकारी शक्कर कारखाना मर्यादित् अम्बिकापुर ग्राम–केरता के गन्ना पेराई क्षमता 2500 TCD हेतु निम्नांकित कुल 06 रिक्त पदों पर संविदा नियुक्ति/भर्ती की जानी है। रिक्त पदों पर **"मुख्य गन्ना विकास अधिकारी (Chief Cane Development Officer), सहायक अभियंता (विद्युत) (Assistant Enigeer Electrical), मुख्य रसायनविद (Chief Chemist), उप मुख्य रसायनविद (Dy. Chief Chemist), एवं विनिर्माण रसायनविद (Manufacturing Chemist)"**

अतः आवेदित अभ्यर्थियों को सूचित किया जाता है कि आवेदन पत्र प्रस्तुत करने की प्रारंभिक तिथि 01/11/2026 से अंतिम तिथि 14/11/2026 के शाम 05.00 बजे तक रजिस्टर्ड डाक/ई–मेल/व्यक्तिगत माँ महामाया सहकारी शक्कर कारखाना मर्यादित्, अम्बिकापुर, ग्राम–केरता, पोस्ट–खड़गवॉकला, तहसील–प्रतापपुर, जिला–सूरजपुर (छ0ग0) 497223 के पते पर प्रस्तुत किया जाना है, दिनांक 17/11/2026 को पात्र/अपात्र सूची संस्था वेबसाईड पर जारी किया जावेगा, पात्र अभ्यर्थियों का वॉक–इन–इंटरव्यू (WALK-IN-INTERVIEW) दिनांक 20/11/2026, शुक्रवार को माँ महामाया सहकारी शक्कर कारखाना मर्यादित्, अम्बिकापुर, ग्राम–केरता, पोस्ट–खड़गवॉकला, तहसील–प्रतापपुर, जिला–सूरजपुर (छ0ग0) (प्रशासनिक भवन सभाकक्ष) में समय प्रातः 10.30 बजे आयोजित किया जावेगा। पात्र अभ्यर्थी समस्त शैक्षणिक योग्यता एवं अनुभव प्रमाण पत्रों के मूल दस्तावेजों के साथ साक्षात्कार में उपस्थित होवें। उक्त विज्ञापित पद से संबंधित विस्तृत जानकारी हेतु कारखाना के वेबसाईट www.mahamayasugar.com में अवलोकन कर सकते है।

प्रबंध संचालक

ਤਿਉਹਾਰ ਵਿਸ਼ੇਸ਼ ਰੇਲਗੱਡੀਆਂ - 2026

ਦੀਪਾਵਲੀ ਅਤੇ ਛਠ ਪੂਜਾ ਤਿਓਹਾਰਾਂ ਦੇ ਦੋਰਾਨ ਰੇਲਯਾਤਰੀਆਂ ਦੇ ਸੁਵਿਧਾਜਨਕ ਆਉਣ-ਜਾਣ ਲਈ ਉੱਤਰ ਰੇਲਵੇ ਦੁਵਾਰਾ ਹੋਰ ਖੇਤਰੀਜ ਰੇਲਾਂ ਦੇ ਸਹਿਯੋਗ ਤੋਂ ਹੇਠਾ ਲਿਖੀ ਤਿਓਹਾਰ ਵਿਸ਼ੇਸ਼ ਰੇਲਗੱਡੀਆਂ ਚਲਾਈ ਜਾਵੇਗੀ, ਜਿਸਦਾ ਵੇਰਵਾ ਹੇਠਾ ਅਨੁਸਾਰ ਹੈ :-

ਉੱਤਰ ਰੇਲਵੇ ਨੇਟਵਰਕ ਤੋਂ ਯਾਤਰਾ ਸ਼ੁਰੂ ਕਰਨ ਵਾਲੀ/ਸਮਾਪਤ ਕਰਨ ਵਾਲੀ ਤਿਓਹਾਰ ਵਿਸ਼ੇਸ਼ ਰੇਲਗੱਡੀਆਂ ਦੀ ਸੂਚੀ

ਵਿਸ਼ੇਸ਼ ਰੇਲ ਗੱਡੀ ਨੰ:	ਸਟੇਸ਼ਨ ਤੋਂ	ਜਾਣ ਦਾ ਸਮਾਂ	ਸਟੇਸ਼ਨ ਤਕ	ਆਉਣ ਦਾ ਸਮਾਂ	ਆਵਿਰਤੀ/ਚਲਨ ਦੇ ਦਿਨ		ਚਲਨ ਦੀ ਮਿਤੀ
02563	ਬਰੋਨੀ ਜੰ:	07:40	ਨਵੀਂ ਦਿੱਲੀ	05:10	ਹਰਰੋਜ਼	ਐਤ, ਸੋਮ, ਮੰਗਲ, ਬੁੱਧ	30.11.2026 ਤਕ
02564	ਨਵੀਂ ਦਿੱਲੀ	17:55	ਬਰੋਨੀ ਜੰ:	15:10		ਵੀਰ, ਸ਼ੁੱਕਰ, ਸ਼ਨੀ	01.12.2026 ਤਕ
02569	ਦਰਭੰਗਾ ਜੰ:	06:30	ਨਵੀਂ ਦਿੱਲੀ	04:00	ਹਰਰੋਜ਼	ਐਤ, ਸੋਮ, ਮੰਗਲ, ਬੁੱਧ	30.11.2026 ਤਕ
02570	ਨਵੀਂ ਦਿੱਲੀ	12:15	ਦਰਭੰਗਾ ਜੰ:	10:00		ਵੀਰ, ਸ਼ੁੱਕਰ, ਸ਼ਨੀ	01.12.2026 ਤਕ
05579	ਪੂਰਣਿਯਾ ਕੋਰਟ	16:30	ਆਨੰਦ ਵਿਹਾਰ ਟਰਮੀਨਲ	01:05	ਸਪਤਾਹ ਵਿਚ 2 ਦਿਨ	ਸ਼ੁੱਕਰਵਾਰ, ਐਤਵਾਰ	29.11.2026 ਤਕ
05580	ਆਨੰਦ ਵਿਹਾਰ ਟਰਮੀਨਲ	05:15	ਪੂਰਣਿਯਾ ਕੋਰਟ	13:45		ਐਤਵਾਰ, ਮੰਗਲਵਾਰ	01.12.2026 ਤਕ
05575	ਸਹਰਸਾ ਜੰ:	20:00	ਆਨੰਦ ਵਿਹਾਰ ਟਰਮੀਨਲ	01:05	ਸਪਤਾਹਿਕ	ਮੰਗਲਵਾਰ	24.11.2026 ਤਕ
05576	ਆਨੰਦ ਵਿਹਾਰ ਟਰਮੀਨਲ	05:15	ਸਹਰਸਾ ਜੰ:	10:30		ਵੀਰਵਾਰ	26.11.2026 ਤਕ
02397	ਸ਼ੇਖਪੁਰਾ ਜੰ:	11:30	ਆਨੰਦ ਵਿਹਾਰ ਟਰਮੀਨਲ	11:40	ਸਪਤਾਹਿਕ	ਐਤਵਾਰ	29.11.2026 ਤਕ
02398	ਆਨੰਦ ਵਿਹਾਰ ਟਰਮੀਨਲ	13:30	ਸ਼ੇਖਪੁਰਾ ਜੰ:	14:45		ਸੋਮਵਾਰ	30.11.2026 ਤਕ
03639	ਧਨਬਾਦ ਜੰ:	18:30	ਸ਼ਕੂਰ ਬਸਤੀ	18:40	ਸਪਤਾਹ ਵਿਚ 2 ਦਿਨ	ਸੋਮਵਾਰ, ਸ਼ੁੱਕਰਵਾਰ	30.11.2026 ਤਕ
03640	ਸ਼ਕੂਰ ਬਸਤੀ	21:10	ਧਨਬਾਦ ਜੰ:	23:45		ਮੰਗਲਵਾਰ, ਸ਼ਨੀਵਾਰ	01.12.2016 ਤਕ
05219	ਮੁਜੱਫਰਪੁਰ ਜੰ:	13:30	ਆਨੰਦ ਵਿਹਾਰ ਟਰਮੀਨਲ	10:00	ਸਪਤਾਹਿਕ	ਸ਼ੁੱਕਰਵਾਰ	27.11.2026 ਤਕ
05220	ਆਨੰਦ ਵਿਹਾਰ ਟਰਮੀਨਲ	12:00	ਮੁਜੱਫਰਪੁਰ ਜੰ:	09:45		ਸ਼ਨੀਵਾਰ	28.11.2026 ਤਕ
05193	ਛਪਰਾ ਜੰ:	14:00	ਪਠਾਨਕੋਟ	22:15	ਸਪਤਾਹਿਕ	ਸੋਮਵਾਰ	23.11.2026 ਤਕ
05194	ਪਠਾਨਕੋਟ	00:30	ਛਪਰਾ ਜੰ:	09:15		ਬੁੱਧਵਾਰ	25.11.2026 ਤਕ
02417	ਪ੍ਰਯਾਗਰਾਜ ਜੰ:	21:00	ਸ਼ਕੂਰ ਬਸਤੀ	10:05	ਸਪਤਾਹ ਵਿਚ 4 ਦਿਨ	ਐਤ, ਸੋਮ, ਵੀਰ, ਸ਼ੁੱਕਰ	14.12.2026 ਤਕ
02418	ਸ਼ਕੂਰ ਬਸਤੀ	21:30	ਪ੍ਰਯਾਗਰਾਜ ਜੰ:	09:15		ਬੁੱਧ, ਵੀਰ, ਸ਼ਨੀ, ਐਤ	17.12.2026 ਤਕ
04163	ਨਾਰਾਯਪੁਰ ਬਾਜ਼ਾਰ	18:00	ਸ਼ਕੂਰ ਬਸਤੀ	10:05	ਸਪਤਾਹ ਵਿਚ 3 ਦਿਨ	ਮੰਗਲ, ਬੁੱਧ, ਸ਼ਨੀ	16.12.2026 ਤਕ
04164	ਸ਼ਕੂਰ ਬਸਤੀ	21:30	ਨਾਰਾਯਪੁਰ ਬਾਜ਼ਾਰ	12:25		ਸੋਮ, ਮੰਗਲ, ਸ਼ੁੱਕਰ	15.12.2026 ਤਕ
03257	ਦਾਨਾਪੁਰ	07:30	ਆਨੰਦ ਵਿਹਾਰ ਟਰਮੀਨਲ	00:30	ਸਪਤਾਹਿਕ	ਐਤਵਾਰ	29.11.2026 ਤਕ
03258	ਆਨੰਦ ਵਿਹਾਰ ਟਰਮੀਨਲ	05:00	ਦਾਨਾਪੁਰ	20:45		ਸੋਮਵਾਰ	30.11.2026 ਤਕ
05301	ਮਊ ਜੰਕਸ਼ਨ	04:40	ਅੰਬਾਲਾ ਕੈਂਟ ਜੰ:	03:55	ਸਪਤਾਹਿਕ	ਵੀਰਵਾਰ	26.11.2026 ਤਕ
05302	ਅੰਬਾਲਾ ਕੈਂਟ ਜੰ:	05:45	ਮਊ ਜੰਕਸ਼ਨ	04:30		ਸ਼ੁੱਕਰਵਾਰ	27.11.2026 ਤਕ
05085	ਛਪਰਾ ਜੰ:	13:05	ਆਨੰਦ ਵਿਹਾਰ ਟਰਮੀਨਲ	09:40	ਸਪਤਾਹਿਕ	ਮੰਗਲਵਾਰ	24.11.2026 ਤਕ
05086	ਆਨੰਦ ਵਿਹਾਰ ਟਰਮੀਨਲ	10:50	ਛਪਰਾ ਜੰ:	07:00		ਬੁੱਧਵਾਰ	25.11.2026 ਤਕ
03435	ਮਾਲਦਾ ਟਾਊਨ	09:30	ਆਨੰਦ ਵਿਹਾਰ ਟਰਮੀਨਲ	13:40	ਸਪਤਾਹਿਕ	ਸੋਮਵਾਰ	30.11.2026 ਤਕ
03436	ਆਨੰਦ ਵਿਹਾਰ ਟਰਮੀਨਲ	14:50	ਮਾਲਦਾ ਟਾਊਨ	22:30		ਮੰਗਲਵਾਰ	01.12.2026 ਤਕ
02877	ਰਾਂਚੀ ਜੰ:	16:25	ਆਨੰਦ ਵਿਹਾਰ ਟਰਮੀਨਲ	18:00	ਸਪਤਾਹਿਕ	ਸ਼ਨੀਵਾਰ	28.11.2026 ਤਕ
02878	ਆਨੰਦ ਵਿਹਾਰ ਟਰਮੀਨਲ	19:30	ਰਾਂਚੀ ਜੰ:	19:10		ਐਤਵਾਰ	29.11.2026 ਤਕ
04123	ਪ੍ਰਯਾਗਰਾਜ ਜੰ:	14:50	ਹਜ਼ਰਤ ਨਿਜ਼ਾਮੁਦੀਨ	11:35	ਸਪਤਾਹ ਵਿਚ 2 ਦਿਨ	ਬੁੱਧਵਾਰ, ਐਤਵਾਰ	29.11.2026 ਤਕ
04124	ਹਜ਼ਰਤ ਨਿਜ਼ਾਮੁਦੀਨ	15:45	ਪ੍ਰਯਾਗਰਾਜ ਜੰ:	09:10		ਵੀਰਵਾਰ, ਸੋਮਵਾਰ	30.11.2026 ਤਕ
05101	ਗੋਰਖਪੁਰ ਜੰ:	16:00	ਸ਼ਕੂਰ ਬਸਤੀ	11:05	ਸਪਤਾਹਿਕ	ਐਤਵਾਰ	29.11.2026 ਤਕ
05102	ਸ਼ਕੂਰ ਬਸਤੀ	13:15	ਗੋਰਖਪੁਰ ਜੰ:	08:30		ਸੋਮਵਾਰ	30.11.2026 ਤਕ
03107	ਕੋਲਕਾਤਾ	23:50	ਆਲਮਨਗਰ	19:45	ਸਪਤਾਹਿਕ	ਵੀਰਵਾਰ	26.11.2026 ਤਕ
03108	ਆਲਮਨਗਰ	01:45	ਕੋਲਕਾਤਾ	22:30		ਸ਼ਨੀਵਾਰ	28.11.2026 ਤਕ
04183	ਪ੍ਰਯਾਗਰਾਜ ਜੰ:	15:25	ਹਜ਼ਰਤ ਨਿਜ਼ਾਮੁਦੀਨ	11:35	ਸਪਤਾਹਿਕ	ਮੰਗਲਵਾਰ	01.12.2026 ਤਕ
04184	ਹਜ਼ਰਤ ਨਿਜ਼ਾਮੁਦੀਨ	15:45	ਪ੍ਰਯਾਗਰਾਜ ਜੰ:	09:10		ਬੁੱਧਵਾਰ	02.12.2026 ਤਕ
03437	ਮਾਲਦਾ ਟਾਊਨ	10:00	ਹਰਿਦੁਆਰ ਜੰ:	17:00	ਸਪਤਾਹਿਕ	ਸ਼ਨੀਵਾਰ	28.11.2026 ਤਕ
03438	ਹਰਿਦੁਆਰ ਜੰ:	18:35	ਮਾਲਦਾ ਟਾਊਨ	23:55		ਐਤਵਾਰ	29.11.2026 ਤਕ
01705	ਜਬਲਪੁਰ ਜੰ:	19:40	ਅਯੋਧਿਆ ਧਾਮ ਜੰ:	11:25	ਸਪਤਾਹਿਕ	ਮੰਗਲਵਾਰ	29.12.2026 ਤਕ
01706	ਅਯੋਧਿਆ ਧਾਮ ਜੰ:	13:30	ਜਬਲਪੁਰ ਜੰ:	06:45		ਬੁੱਧਵਾਰ	30.12.2026 ਤਕ
09309	ਇੰਦੋਰ ਜੰ:	17:00	ਹਜ਼ਰਤ ਨਿਜ਼ਾਮੁਦੀਨ	05:00	ਸਪਤਾਹ ਵਿਚ 2 ਦਿਨ	ਸ਼ੁੱਕਰਵਾਰ, ਐਤਵਾਰ	27.11.2026 ਤਕ
09310	ਹਜ਼ਰਤ ਨਿਜ਼ਾਮੁਦੀਨ	08:20	ਇੰਦੋਰ ਜੰ:	21:00		ਸ਼ਨੀਵਾਰ, ਸੋਮਵਾਰ	28.11.2026 ਤਕ
09257	ਭਾਵਨਗਰ ਟਰਮੀਨਸ	14:20	ਸ਼ਕੂਰ ਬਸਤੀ	10:55	ਸਪਤਾਹਿਕ	ਸ਼ੁੱਕਰਵਾਰ	27.11.2026 ਤਕ
09258	ਸ਼ਕੂਰ ਬਸਤੀ	13:15	ਭਾਵਨਗਰ ਟਰਮੀਨਸ	08:50		ਸ਼ਨੀਵਾਰ	28.11.2026 ਤਕ
09203	ਵੇਰਾਵਲ ਜੰ:	16:05	ਹਰਿਦੁਆਰ ਜੰ:	20:40	ਸਪਤਾਹਿਕ	ਮੰਗਲਵਾਰ	24.11.2026 ਤਕ
09204	ਹਰਿਦੁਆਰ ਜੰ:	21:30	ਵੇਰਾਵਲ ਜੰ:	09:45		ਬੁੱਧਵਾਰ	25.11.2026 ਤਕ
09523	ਓਖਾ	10:20	ਸ਼ਕੂਰ ਬਸਤੀ	10:35	ਸਪਤਾਹਿਕ	ਮੰਗਲਵਾਰ	24.11.2026 ਤਕ
09524	ਸ਼ਕੂਰ ਬਸਤੀ	13:15	ਓਖਾ	13:00		ਬੁੱਧਵਾਰ	25.11.2026 ਤਕ
09425	ਸਾਬਰਮਤੀ ਬੀਜੀ	18:45	ਹਰਿਦੁਆਰ ਜੰ:	20:30	ਸਪਤਾਹਿਕ	ਸੋਮਵਾਰ	23.11.2026 ਤਕ
09426	ਹਰਿਦੁਆਰ ਜੰ:	21:45	ਸਾਬਰਮਤੀ ਬੀਜੀ	22:30		ਮੰਗਲਵਾਰ	24.11.2026 ਤਕ
04811	ਬਾੜਮੇਰ	04:15	ਹਰਿਦੁਆਰ ਜੰ:	04:10	ਸਪਤਾਹ ਵਿਚ 2 ਦਿਨ	ਸੋਮਵਾਰ, ਵੀਰਵਾਰ	30.11.2026 ਤਕ
04812	ਹਰਿਦੁਆਰ ਜੰ:	05:15	ਬਾੜਮੇਰ	06:35		ਮੰਗਲਵਾਰ, ਸ਼ੁੱਕਰਵਾਰ	01.12.2026 ਤਕ
09611	ਅਜਮੇਰ ਜੰ:	19:45	ਯੋਗ ਨਗਰੀ ਰਿਸ਼ੀਕੇਸ਼	12:50	ਸਪਤਾਹਿਕ	ਬੁੱਧਵਾਰ	25.11.2026 ਤਕ
09612	ਯੋਗ ਨਗਰੀ ਰਿਸ਼ੀਕੇਸ਼	17:55	ਅਜਮੇਰ ਜੰ:	09:55		ਵੀਰਵਾਰ	26.11.2026 ਤਕ
09639	ਮਦਾਰ ਜੰ:	04:30	ਰੋਹਤਕ ਜੰ:	12:50	ਹਰਰੋਜ਼	ਐਤ, ਸੋਮ, ਮੰਗਲ, ਬੁੱਧ	30.11.2026 ਤਕ
09640	ਰੋਹਤਕ ਜੰ:	13:20	ਮਦਾਰ ਜੰ:	22:35		ਵੀਰ, ਸ਼ੁੱਕਰ, ਸ਼ਨੀ	30.11.2026 ਤਕ
09609	ਉਦਯਪੁਰ ਸਿਟੀ	13:45	ਯੋਗ ਨਗਰੀ ਰਿਸ਼ੀਕੇਸ਼	10:15	ਸਪਤਾਹਿਕ	ਮੰਗਲਵਾਰ	24.11.2026 ਤਕ
09610	ਯੋਗ ਨਗਰੀ ਰਿਸ਼ੀਕੇਸ਼	17:55	ਉਦਯਪੁਰ ਸਿਟੀ	15:30		ਬੁੱਧਵਾਰ	25.11.2026 ਤਕ
01703	ਜਬਲਪੁਰ ਜੰ:	15:30	ਹਰਿਦੁਆਰ ਜੰ:	14:20	ਸਪਤਾਹਿਕ	ਵੀਰਵਾਰ	19.11.2026 ਤਕ
01704	ਹਰਿਦੁਆਰ ਜੰ:	15:10	ਜਬਲਪੁਰ ਜੰ:	16:20		ਸ਼ੁੱਕਰਵਾਰ	20.11.2026 ਤਕ
01707	ਜਬਲਪੁਰ ਜੰ:	20:20	ਹਜ਼ਰਤ ਨਿਜ਼ਾਮੁਦੀਨ	14:25	ਸਪਤਾਹਿਕ	ਸ਼ਨੀਵਾਰ	14.11.2026 ਤਕ
01708	ਹਜ਼ਰਤ ਨਿਜ਼ਾਮੁਦੀਨ	15:45	ਜਬਲਪੁਰ ਜੰ:	09:30		ਐਤਵਾਰ	15.11.2026 ਤਕ
09093	ਉਧਨਾ ਜੰ:	07:25	ਅਯੋਧਿਆ ਕੈਂਟ ਜੰ:	10:30	ਸਪਤਾਹਿਕ	ਸ਼ੁੱਕਰਵਾਰ	13.11.2026 ਤਕ
09094	ਅਯੋਧਿਆ ਕੈਂਟ ਜੰ:	14:45	ਉਧਨਾ ਜੰ:	17:15		ਸ਼ਨੀਵਾਰ	14.11.2026 ਤਕ
09097	ਉਧਨਾ ਜੰ:	06:45	ਅਯੋਧਿਆ ਕੈਂਟ ਜੰ:	11:30	ਸਪਤਾਹਿਕ	ਮੰਗਲਵਾਰ	24.11.2026 ਤਕ
09098	ਅਯੋਧਿਆ ਕੈਂਟ ਜੰ:	13:30	ਉਧਨਾ ਜੰ:	17:30		ਬੁੱਧਵਾਰ	25.11.2026 ਤਕ
02456	ਨਵੀਂ ਦਿੱਲੀ	07:45	ਕਾਨਪੁਰ ਸੈਂਟਰਲ	13:15	ਸਪਤਾਹ ਵਿਚ 4 ਦਿਨ	ਸੋਮ, ਬੁੱਧ, ਸ਼ੁੱਕਰ, ਸ਼ਨੀ	30.11.2026 ਤਕ
02455	ਕਾਨਪੁਰ ਸੈਂਟਰਲ	15:00	ਨਵੀਂ ਦਿੱਲੀ	20:20		ਸੋਮ, ਬੁੱਧ, ਸ਼ੁੱਕਰ, ਸ਼ਨੀ	30.11.2026 ਤਕ
02458	ਆਨੰਦ ਵਿਹਾਰ ਟਰਮੀਨਲ	07:20	ਕਾਨਪੁਰ ਸੈਂਟਰਲ	13:15	ਸਪਤਾਹ ਵਿਚ 3 ਦਿਨ	ਮੰਗਲ, ਵੀਰ, ਐਤ	29.11.2026 ਤਕ
02457	ਕਾਨਪੁਰ ਸੈਂਟਰਲ	15:00	ਆਨੰਦ ਵਿਹਾਰ ਟਰਮੀਨਲ	20:10		ਮੰਗਲ, ਵੀਰ, ਐਤ	29.11.2026 ਤਕ
05005	ਬਢਨੀ	15:10	ਜਲੰਧਰ ਸਿਟੀ ਜੰ:	08:30	ਸਪਤਾਹਿਕ	ਬੁੱਧਵਾਰ	25.11.2026 ਤਕ
05006	ਜਲੰਧਰ ਸਿਟੀ ਜੰ:	10:50	ਬਢਨੀ	04:45		ਵੀਰਵਾਰ	26.11.2026 ਤਕ
01483	ਖੜਕੀ	17:30	ਹਜ਼ਰਤ ਨਿਜ਼ਾਮੁਦੀਨ	18:10	ਸਪਤਾਹ ਵਿਚ 2 ਦਿਨ	ਮੰਗਲਵਾਰ, ਸ਼ੁੱਕਰਵਾਰ	20.11.2026 ਤਕ
01484	ਹਜ਼ਰਤ ਨਿਜ਼ਾਮੁਦੀਨ	22:10	ਖੜਕੀ	22:15		ਬੁੱਧਵਾਰ, ਸ਼ਨੀਵਾਰ	21.11.2026 ਤਕ
01941	ਆਗਰਾ ਕੈਂਟ	06:30	ਪਲਵਲ	09:45	ਹਰਰੋਜ਼	ਐਤ, ਸੋਮ, ਮੰਗਲ, ਬੁੱਧ	31.10.2026 ਤਕ
01942	ਪਲਵਲ	10:00	ਆਗਰਾ ਕੈਂਟ	13:00		ਵੀਰ, ਸ਼ੁੱਕਰ, ਸ਼ਨੀ	31.10.2026 ਤਕ
07621	ਹਜ਼ੂਰ ਸਾਹਿਰ ਨਾਂਦੇੜ	08:45	ਹਜ਼ਰਤ ਨਿਜ਼ਾਮੁਦੀਨ	14:00	ਸਪਤਾਹਿਕ	ਸ਼ਨੀਵਾਰ	28.11.2026 ਤਕ
07622	ਹਜ਼ਰਤ ਨਿਜ਼ਾਮੁਦੀਨ	21:40	ਹਜ਼ੂਰ ਸਾਹਿਰ ਨਾਂਦੇੜ	00:35		ਐਤਵਾਰ	29.11.2026 ਤਕ
07021	ਚਰਲਪਲਲੀ	19:20	ਹਜ਼ਰਤ ਨਿਜ਼ਾਮੁਦੀਨ	02:00	ਸਪਤਾਹਿਕ	ਸੋਮਵਾਰ	30.11.2026 ਤਕ
07022	ਹਜ਼ਰਤ ਨਿਜ਼ਾਮੁਦੀਨ	04:00	ਚਰਲਪਲਲੀ	13:50		ਬੁੱਧਵਾਰ	02.12.2026 ਤਕ
07023	ਚਰਲਪਲਲੀ	19:45	ਹਜ਼ਰਤ ਨਿਜ਼ਾਮੁਦੀਨ	05:00	ਸਪਤਾਹਿਕ	ਮੰਗਲਵਾਰ	24.11.2026 ਤਕ
07024	ਹਜ਼ਰਤ ਨਿਜ਼ਾਮੁਦੀਨ	07:15	ਚਰਲਪਲਲੀ	17:45		ਵੀਰਵਾਰ	26.11.2026 ਤਕ
09617	ਉਦਯਪੁਰ ਸਿਟੀ	21:15	ਦਿੱਲੀ ਸਰਾਏ ਰੋਹਿਲਾ	11:15	ਸਪਤਾਹਿਕ	ਬੁੱਧਵਾਰ	25.11.2026 ਤਕ
09618	ਦਿੱਲੀ ਸਰਾਏ ਰੋਹਿਲਾ	13:45	ਉਦਯਪੁਰ ਸਿਟੀ	04:00		ਵੀਰਵਾਰ	26.11.2026 ਤਕ
01045	ਲੋਕਮਾਨਯ ਤਿਲਕ ਟਰਮੀਨਸ	07:35	ਅਯੋਧਿਆ ਕੈਂਟ ਜੰ:	10:15	ਸਪਤਾਹ ਵਿਚ 2 ਦਿਨ	ਸੋਮਵਾਰ, ਸ਼ੁੱਕਰਵਾਰ	27.11.2026 ਤਕ
01046	ਅਯੋਧਿਆ ਕੈਂਟ ਜੰ:	13:50	ਲੋਕਮਾਨਯ ਤਿਲਕ ਟਰਮੀਨਸ	17:15		ਮੰਗਲਵਾਰ, ਸ਼ਨੀਵਾਰ	28.11.2026 ਤਕ
01913	ਖਜੁਰਾਹੋ	22:15	ਹਜ਼ਰਤ ਨਿਜ਼ਾਮੁਦੀਨ	11:00	ਸਪਤਾਹ ਵਿਚ 3 ਦਿਨ	ਸੋਮ, ਬੁੱਧ, ਸ਼ਨੀ	18.11.2026 ਤਕ
01914	ਹਜ਼ਰਤ ਨਿਜ਼ਾਮੁਦੀਨ	12:30	ਖਜੁਰਾਹੋ	03:30		ਮੰਗਲ, ਵੀਰ, ਐਤ	19.11.2026 ਤਕ
06073	ਤਿਰੂਵਨੰਤਪੁਰਮ ਨਾਰਥ	14:00	ਹਜ਼ਰਤ ਨਿਜ਼ਾਮੁਦੀਨ	23:50	ਸਪਤਾਹਿਕ	ਸੋਮਵਾਰ	02.11.26 ਤੋਂ 16.11.26 ਤਕ
06074	ਹਜ਼ਰਤ ਨਿਜ਼ਾਮੁਦੀਨ	05:45	ਤਿਰੂਵਨੰਤਪੁਰਮ ਨਾਰਥ	16:30		ਵੀਰਵਾਰ	05.11.26 ਤੋਂ 19.11.26 ਤਕ
04412	ਹਜ਼ਰਤ ਨਿਜ਼ਾਮੁਦੀਨ	18:50	ਵੀਰਾਂਗਨਾ ਲਖਸ਼ਮੀਬਾਈ ਝਾਂਸੀ ਜੰ:	06:00	ਮਿਤੀ ਵਾਰ	ਵੀਰ, ਸ਼ੁੱਕਰ, ਸ਼ਨੀ	05, 06 ਅਤੇ 07.11.2026
04411	ਵੀਰਾਂਗਨਾ ਲਖਸ਼ਮੀਬਾਈ ਝਾਂਸੀ ਜੰ:	06:30	ਹਜ਼ਰਤ ਨਿਜ਼ਾਮੁਦੀਨ	16:00		ਸ਼ੁੱਕਰ, ਸ਼ਨੀ, ਐਤ	06, 07 ਅਤੇ 08.11.2026
04414	ਗਾਜੀਆਬਾਦ	20:05	ਅਲੀਗੜ੍ਹ ਜੰ:	22:30	ਮਿਤੀ ਵਾਰ	ਵੀਰ, ਸ਼ੁੱਕਰ, ਸ਼ਨੀ	05, 06 ਅਤੇ 07.11.2026
04413	ਅਲੀਗੜ੍ਹ ਜੰ:	23:30	ਗਾਜੀਆਬਾਦ	02:00		ਸ਼ੁੱਕਰ, ਸ਼ਨੀ, ਐਤ	06, 07 ਅਤੇ 08.11.2026
01903	ਆਗਰਾ ਕੈਂਟ	20:00	ਸ਼ਹੀਦ ਕੈਪਟਨ ਤੁਸ਼ਾਰ ਮਹਾਜਨ	12:20	ਸਪਤਾਹਿਕ	ਐਤਵਾਰ	01.11.26 ਤੋਂ 29.11.26
01904	ਸ਼ਹੀਦ ਕੈਪਟਨ ਤੁਸ਼ਾਰ ਮਹਾਜਨ	16:05	ਆਗਰਾ ਕੈਂਟ	08:40		ਸੋਮਵਾਰ	02.11.26 ਤੋਂ 30.11.26
04022	ਨਵੀਂ ਦਿੱਲੀ (ਵਾਯਾ ਲਖਨਊ (ਐਨਆਰ))	14:30	ਗੋਰਖਪੁਰ	04:10	ਸਪਤਾਹਿਕ	ਸ਼ੁੱਕਰਵਾਰ	06.11.26 ਅਤੇ 13.11.26
04021	ਗੋਰਖਪੁਰ	07:00	ਨਵੀਂ ਦਿੱਲੀ	23:10		ਸ਼ਨੀਵਾਰ	07.11.26 ਅਤੇ 14.11.26
04058	ਆਨੰਦ ਵਿਹਾਰ ਟਰਮੀਨਲ	00:20	ਛਪਰਾ	19:20	ਸਪਤਾਹ ਵਿਚ ਦੋ ਦਿਨ	ਸ਼ੁੱਕਰਵਾਰ	03.11.26 ਤੋਂ 17.11.26
04057	ਛਪਰਾ	22:10	ਆਨੰਦ ਵਿਹਾਰ ਟਰਮੀਨਲ	17:20		ਮੰਗਲਵਾਰ	
05087	ਮਊ	22:30	ਆਨੰਦ ਵਿਹਾਰ ਟਰਮੀਨਲ	17:00	ਸਪਤਾਹਿਕ	ਮੰਗਲਵਾਰ	03.11.26 ਅਤੇ 10.11.26
05088	ਆਨੰਦ ਵਿਹਾਰ ਟਰਮੀਨਲ	19:15	ਮਊ	14:00		ਬੁੱਧਵਾਰ	04.11.26 ਅਤੇ 11.11.26
04209	ਵਾਰਾਣਸੀ ਜੰ: (ਵਾਯਾ ਲਖਨਊ (ਐਨਆਰ))	22:15	ਦਿੱਲੀ ਜੰ:	13:45	ਸਪਤਾਹ ਵਿਚ 3 ਦਿਨ	ਸੋਮ, ਬੁੱਧ, ਸ਼ੁੱਕਰ	27.11.2026 ਤਕ
04210	ਦਿੱਲੀ ਜੰ:	18:50	ਵਾਰਾਣਸੀ ਜੰ:	09:50		ਮੰਗਲ, ਵੀਰ, ਸ਼ਨੀ	28.11.2026 ਤਕ
04213	ਅਯੋਧਿਆ ਕੈਂਟ ਜੰ: (ਵਾਯਾ ਲਖਨਊ (ਐਨਆਰ))	18:20	ਆਨੰਦ ਵਿਹਾਰ ਟ.	06:10	ਸਪਤਾਹ ਵਿਚ 2 ਦਿਨ	ਐਤਵਾਰ, ਵੀਰਵਾਰ	29.11.2026 ਤਕ
04214	ਆਨੰਦ ਵਿਹਾਰ ਟ.	09:00	ਅਯੋਧਿਆ ਕੈਂਟ ਜੰ:	22:00		ਸੋਮਵਾਰ, ਸ਼ੁੱਕਰਵਾਰ	30.11.2026 ਤਕ
04227	ਵਾਰਾਣਸੀ ਜੰ: (ਵਾਯਾ ਲਖਨਊ (ਐਨਆਰ))	11:05	ਚੰਡੀਗੜ੍ਹ ਜੰ:	04:20	ਸਪਤਾਹ ਵਿਚ 2 ਦਿਨ	ਵੀਰਵਾਰ, ਐਤਵਾਰ	29.11.2026 ਤਕ
04228	ਚੰਡੀਗੜ੍ਹ ਜੰ:	06:00	ਵਾਰਾਣਸੀ ਜੰ:	00:55		ਸ਼ੁੱਕਰਵਾਰ, ਸੋਮਵਾਰ	30.11.2026 ਤਕ

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੀ ਵੀ ਹੋਰ ਜਾਣਕਾਰੀ ਜਿਸਤਰ੍ਹਾਂ ਮਾਰਗ ਵਿਚ ਪੈਣ ਵਾਲੇ ਸਟੇਸ਼ਨਾਂ ਅਤੇ ਉਨ੍ਹਾਂ ਦੀ ਪੂਰੀ ਸਮੇਂ-ਸਾਰਣੀ ਦੀ ਜਾਣਕਾਰੀ ਦੇ ਲਈ ਰੇਲਮਦਦ ਹੈਲਪਲਾਈਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੇਬਸਾਈਟ https://enquiry.indianrail.gov.in ਜਾਂ NTES App ਦੇਖੋ।

ਉੱਤਰ ਰੇਲਵੇ

ਸਾਨੂੰ www.nr.indianrailways.gov.in ਉਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਉਤੇ ਸਾਨੂੰ ਫਾਲੋ ਕਰੋ

ਸਰਕਾਰੀ ਹਾਈ ਸਕੂਲ ਮੰਡੋਲੀ ਵਿਖੇ ਪਰਾਲੀ ਪ੍ਰਬੰਧਨ ਸਬੰਧੀ ਜਾਗਰੂਕਤਾ ਗਤੀਵਿਧੀ ਕਰਵਾਈ

ਪਟਿਆਲਾ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਖੇਤੀਬਾੜੀ ਅਫ਼ਸਰ ਡਾ. ਰਣਜੋਧ ਸਿੰਘ ਬੈਂਸ ਦੀ ਅਗਵਾਈ ਹੇਠ ਸਰਕਾਰੀ ਹਾਈ ਸਕੂਲ ਮੰਡੋਲੀ ਵਿਖੇ ਪਰਾਲੀ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਮੌਕੇ ਖੇਤੀਬਾੜੀ ਵਿਕਾਸ ਅਫ਼ਸਰ ਡਾ. ਅਨੁਰਾਗ ਅੱਤਰੀ ਵੱਲੋਂ ਵਿਦਿਆਰਥੀਆਂ ਨੂੰ ਪਰਾਲੀ ਸਾੜਨ ਨਾਲ ਵਾਤਾਵਰਣ, ਮਨੁੱਖੀ ਸਿਹਤ, ਜ਼ਮੀਨ ਦੀ ਉਪਜਾਊ ਸ਼ਕਤੀ ਅਤੇ ਖੇਤੀਬਾੜੀ ਲਈ ਲਾਹੇਵੰਦ ਜੀਵਾਂ @ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਡਾ. ਅਨੁਰਾਗ ਅੱਤਰੀ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਹਵਾ ਪ੍ਰਦੂਸ਼ਣ ਵਿੱਚ ਵਾਧਾ ਹੁੰਦਾ ਹੈ, ਜਿਸ ਨਾਲ ਸਾਹ ਦੀਆਂ ਬਿਮਾਰੀਆਂ ਸਮੇਤ ਕਈ ਤਰ੍ਹਾਂ ਦੀਆਂ ਸਿਹਤ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਇਸ ਤੋਂ ਇਲਾਵਾ, ਅੱਗ ਲਗਾਉਣ ਨਾਲ ਜ਼ਮੀਨ ਵਿੱਚ ਮੌਜੂਦ ਲਾਭਕਾਰੀ ਸੂਖਮ ਜੀਵਾਂ ਅਤੇ ਮਿੱਤਰ ਕੀੜਿਆਂ ਦਾ ਨੁਕਸਾਨ ਹੁੰਦਾ ਹੈ ਅਤੇ ਮਿੱਟੀ ਦੀ ਉਪਜਾਊ ਸ਼ਕਤੀ ਵੀ ਪ੍ਰਭਾਵਿਤ ਹੁੰਦੀ ਹੈ।

ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਖ਼ੁਦ ਪਰਾਲੀ ਨਾ ਸਾੜਨ ਦਾ ਸੰਦੇਸ਼ ਅਪਣਾਉਣ ਅਤੇ ਆਪਣੇ ਮਾਪਿਆਂ, ਰਿਸ਼ਤੇਦਾਰਾਂ ਅਤੇ

ਆਲੇ-ਦੁਆਲੇ ਦੇ ਕਿਸਾਨਾਂ ਨੂੰ ਵੀ ਪਰਾਲੀ ਦਾ ਸੁਚੱਜਾ ਪ੍ਰਬੰਧਨ ਕਰਨ ਲਈ ਜਾਗਰੂਕ ਕਰਨ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣ ਦੀ ਬਜਾਏ ਖੇਤੀਬਾੜੀ ਮਸ਼ੀਨਰੀ ਦੀ ਮਦਦ ਨਾਲ ਖੇਤਾਂ ਵਿੱਚ ਹੀ ਇਸ ਦਾ ਪ੍ਰਬੰਧਨ ਕਰਨਾ ਚਾਹੀਦਾ ਹੈ, ਤਾਂ ਜੋ ਵਾਤਾਵਰਣ ਦੀ ਸੁਰੱਖਿਆ ਦੇ ਨਾਲ-ਨਾਲ ਮਿੱਟੀ ਦੀ ਸਿਹਤ ਨੂੰ ਵੀ ਬਰਕਰਾਰ ਰੱਖਿਆ ਜਾ ਸਕੇ।

ਇਸ ਮੌਕੇ ਖੇਤੀਬਾੜੀ ਵਿਭਾਗ ਦੇ ਖੇਤੀਬਾੜੀ ਸਬ-ਇੰਸਪੈਕਟਰ ਸ੍ਰੀ ਬਲਜਿੰਦਰ ਸਿੰਘ ਵੀ ਹਾਜ਼ਰ ਸਨ। ਸਕੂਲ ਦੀ ਹੈੱਡਮਿਸਟ੍ਰੈੱਸ ਸ੍ਰੀਮਤੀ ਹਰਮਿੰਦਰ ਕੌਰ ਅਤੇ ਅਧਿਆਪਕ ਸ੍ਰੀ ਜਗਦੀਪ ਸਿੰਘ, ਸ੍ਰੀ ਅਮਿਤ ਸ਼ਰਮਾ, ਸ੍ਰੀਮਤੀ ਗਗਨਜੋਤ ਕੌਰ, ਸ੍ਰੀ ਐਲਬਰਟ, ਸ੍ਰੀਮਤੀ ਜਸਪ੍ਰੀਤ ਕੌਰ ਸਮੇਤ ਹੋਰ ਸਟਾਫ਼ ਮੈਂਬਰਾਂ ਨੇ ਇਸ ਜਾਗਰੂਕਤਾ ਗਤੀਵਿਧੀ ਵਿੱਚ ਸਹਿਯੋਗ ਦਿੱਤਾ।

ਪਟਿਆਲੇ ਦੀਆਂ ਖਿਡਾਰਨਾਂ ਨੇ ਅੰਡਰ-14 ਬਾਸਕਟਬਾਲ ਦੇ ਵਿੱਚ ਜਿੱਤਿਆ ਗੋਲਡ ਮੈਡਲ

ਪਟਿਆਲਾ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਜਿਲਾ ਖੇਡ ਅਫਸਰ ਨਵਜੋਤ ਸਿੰਘ ਧਾਲੀਵਾਲ ਦੀ ਯੋਗ ਅਗਵਾਈ ਹੇਠ ਖੇਡਾਂ ਵਤਨ ਪੰਜਾਬ ਦੀਆਂ ਸੀਜਨ-4 ਦੇ ਤਹਿਤ ਬਾਸਕਟਬਾਲ ਦੇ ਲੜਕੀਆਂ ਦੇ ਮੁਕਾਬਲਿਆਂ ਵਿੱਚ ਪਟਿਆਲੇ ਜਿਲੇ ਦੀਆਂ ਖਿਡਾਰਨਾਂ ਨੇ ਬਹੁਤ ਹੀ ਸ਼ਾਨਦਾਰ ਪ੍ਰਦਰਸ਼ਨ ਕੀਤਾ। ਬਾਸਕਟਬਾਲ ਦੇ ਕਨਵੀਨਰ ਕੋਚ ਰਮਨੀਕ ਅਹੂਜਾ ਅਤੇ ਅਤੇ ਕੋਚ ਗੁਰਮੀਤ ਸਿੰਘ ਨੇ ਦੱਸਿਆ ਅੰਡਰ-14 ਦੇ ਵਿੱਚ ਖਿਡਾਰਨਾਂ ਨੇ ਲੁਧਿਆਣਾ ਵਿਖੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਮੋਹਾਲੀ ਨੂੰ ਹਰਾ ਕੇ ਗੋਲਡ ਮੈਡਲ, ਅੰਡਰ-17 ਦੇ ਵਿੱਚ ਸਿਲਵਰ ਮੈਡਲ, ਅੰਡਰ 31 ਤੋਂ 40 ਦੇ ਵਿੱਚ ਸਿਲਵਰ ਮੈਡਲ ਜਿੱਤਿਆ। ਜਿਲਾ ਖੇਡ ਅਫਸਰ ਨਵਜੋਤ ਸਿੰਘ ਧਾਲੀਵਾਲ ਨੇ ਖਿਡਾਰਨਾਂ ਅਤੇ ਕੋਚਾਂ ਨੂੰ ਮੁਬਾਰਕਾਂ ਦਿੱਤੀਆਂ। ਇਸ ਮੌਕੇ ਤੇ ਬਲਵਿੰਦਰ ਸਿੰਘ ਜੱਸਲ, ਅਮਨਦੀਪ ਕੌਰ, ਗੁਰਪ੍ਰੀਤ ਸਿੰਘ ਤੇ ਪ੍ਰੈਸ ਇੰਚਾਰਜ ਜਸਵਿੰਦਰ ਸਿੰਘ ਹਾਜ਼ਰ ਸਨ।

ਝਾੜ ਸਾਹਿਬ ਕਾਲਜ ਵਿਖੇ ਹੋ ਰਹੇ ਯੁਵਕ ਮੇਲੇ ਵਿੱਚ ਵਿਦਿਆਰਥੀਆਂ ਨੇ ਬੰਨ੍ਹੇ ਰੰਗ, ਪੰਜਾਬੀ ਸੱਭਿਆਚਾਰ ਦੀਆਂ ਵੱਖ-ਵੱਖ ਵੰਨਗੀਆਂ ਨੇ ਸਭ ਦਾ ਮੋਇਆ ਮਨ

ਮਾਛੀਵਾੜਾ ਸਾਹਿਬ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਾਹਿਬ ਵਿਖੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਕਰਵਾਏ ਜਾ ਰਹੇ ਯੂਥ ਐਂਡ ਹੈਰੀਟੇਜ਼ ਫੈਸਟੀਵਲ ਜ਼ੋਨ-1 ਦੇ ਵਿੱਚ ਵੱਖ-ਵੱਖ ਕਾਲਜਾਂ ਤੋਂ ਆਏ ਵਿਦਿਆਰਥੀਆਂ ਨੇ ਪੰਜਾਬ ਸਮੇਤ ਹਿੰਦੋਸਤਾਨ ਦੀਆਂ ਵੱਖ-ਵੱਖ ਵੰਨਗੀਆਂ ਨੂੰ ਪੇਸ਼ ਕਰ ਸਭ ਦਾ ਮਨ ਮੋਹ ਲਿਆ। ਕੱਲ੍ਹ ਯੂਥ ਫੈਸਟੀਵਲ ਦੇ ਸਵੇਰ ਦੇ ਸੈਸ਼ਨ ਦਾ ਉਦਘਾਟਨ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰ ਰਹੇ ਗਿਆਨੀ ਪਰਨਾਮ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਦੁਖ ਨਿਵਾਰਨ ਸਾਹਿਬ, ਡਾ. ਨਿਰਮਲ ਜੌੜਾ ਵਲੋਂ ਅਤੇ ਸ਼ਾਮ ਦੇ ਸੈਸ਼ਨ ਦਾ ਉਦਘਾਟਨ ਪੰਜਾਬ ਦੇ ਉੱਘੇ ਗਾਇਕਾ ਸੁੱਖੀ ਬਰਾੜ ਵੱਲੋਂ ਕੀਤਾ ਗਿਆ। ਸ਼੍ਰੋਮਣੀ ਕਮੇਟੀ ਮੈਂਬਰ ਅਵਤਾਰ ਸਿੰਘ ਰਿਆ, ਸੁਲੱਖਣ ਸਿੰਘ ਕੰਗ ਅਤੇ ਰਾਜਵਿੰਦਰ ਸਮਰਾਲਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਗਿਆਨੀ ਪਰਨਾਮ ਸਿੰਘ ਨੇ ਵਿਦਿਆਰਥਣਾਂ ਨੂੰ ਵਿਰਾਸਤ, ਇਤਿਹਾਸ ਅਤੇ ਗੁਰਬਾਣੀ ਨਾਲ ਜੋੜਨ 'ਤੇ ਪੂਰੇ ਕਾਲਜ ਪਰਿਵਾਰ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਵਿਦਿਆਰਥਣਾਂ ਨੂੰ ਆਪਣੀ ਕਲਾ ਦੀ ਪੇਸ਼ਕਾਰੀ ਦੀ ਸਫਲਤਾ ਲਈ ਸ਼ੁਭ ਇੱਛਾਵਾਂ ਦਿੱਤੀਆਂ ਅਤੇ ਇਸ ਆਯੋਜਨ ਲਈ ਕਾਲਜ ਨੂੰ ਇੱਕ ਲੱਖ ਰੁਪਏ ਦੇਣ ਦਾ ਐਲਾਨ ਕੀਤਾ।

ਸੁਲੱਖਣ ਸਿੰਘ ਕੰਗ ਨੇ ਕਾਲਜ ਨੂੰ 50 ਹਜਾਰ ਦੀ ਰਾਸ਼ੀ ਭੇਂਟ ਕੀਤੀ। ਪ੍ਰਿੰਸੀਪਲ ਡਾ. ਰਜਿੰਦਰ ਕੌਰ ਵੱਲੋਂ ਮਹਿਮਾਨਾਂ ਦਾ ਸੁਆਗਤ ਕੀਤਾ ਗਿਆ। ਦੂਜੇ ਦਿਨ ਮੁਕਾਬਲਿਆਂ 'ਚ ਸਵੇਰ ਦੇ ਸੈਸ਼ਨ ਦੌਰਾਨ ਸ਼ਬਦ, ਭਜਨ ਗਾਇਨ, ਕਲਾਸੀਕਲ ਮਿਊਜ਼ਿਕ ਵੋਕਲ, ਕਵਿਤਾ ਉਚਾਰਨ, ਗੀਤ/ਗਜ਼ਲ, ਵਨ ਐਕਟ ਪਲੇਅ, ਹਿਸਟੌਨਿਕ ਸੁੰਦਰ ਲਿਖਾਈ (ਪੰਜਾਬੀ, ਹਿੰਦੀ, ਅੰਗਰੇਜੀ, ਸੰਸਕ੍ਰਿਤ) ਅਤੇ ਸ਼ਾਮ ਦੇ ਸੈਸ਼ਨ 'ਚ ਗਰੁੱਪ ਗੀਤ (ਇੰਡੀਅਨ), ਲੋਕ ਗੀਤ, ਡਿਬੇਟ, ਭਾਸ਼ਣ, ਕਵਿਤਾ ਲਿਖਣਾ, ਕਹਾਣੀ ਲਿਖਣਾ ਅਤੇ ਲੇਖ ਲਿਖਣ ਵੰਨਗੀਆਂ ਸ਼ਾਮਿਲ ਸਨ। ਸ਼ਬਦ ਮੁਕਾਬਲੇ 'ਚ ਡੀ.ਐਸ.ਡਬਲਿਊ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਟੀਮ ਨੇ ਪਹਿਲਾ ਸਥਾਨ ਅਤੇ ਵਿਅਕਤੀਗਤ ਵੀ ਪਹਿਲਾ ਸਥਾਨ, ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਸੈਕਟਰ-26 ਚੰਡੀਗੜ੍ਹ ਦੀ ਟੀਮ ਨੇ ਦੂਜਾ ਅਤੇ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ, ਝਾੜ ਸਾਹਿਬ ਦੀ ਟੀਮ ਨੇ ਤੀਜਾ ਸਥਾਨ ਅਤੇ ਵਿਅਕਤੀਗਤ ਦੂਜਾ ਸਥਾਨ, ਪੀ.ਜੀ.ਜੀ. ਕਾਲਜ ਸੈਕਟਰ-46 ਚੰਡੀਗੜ੍ਹ ਨੇ ਵਿਅਕਤੀਗਤ ਤੀਜਾ ਸਥਾਨ ਹਾਸਲ ਕੀਤਾ। ਭਜਨ ਮੁਕਾਬਲੇ 'ਚ ਡੀ.ਏ.ਵੀ.ਪੀ.ਜੀ. ਕਾਲਜ ਸੈਕਟਰ-10 ਚੰਡੀਗੜ੍ਹ ਦੀ ਟੀਮ ਨੇ ਪਹਿਲਾ ਅਤੇ ਵਿਅਕਤੀਗਤ ਵੀ ਪਹਿਲਾ ਸਥਾਨ, ਜੀ.ਜੀ.ਡੀ.ਐਸ.ਡੀ.ਕਾਲਜ, ਸੈਕਟਰ-32ਸੀ ਚੰਡੀਗੜ੍ਹ ਦੀ ਟੀਮ ਨੇ ਦੂਜਾ ਅਤੇ ਵਿਅਕਤੀਗਤ ਵੀ ਦੂਜਾ ਸਥਾਨ ਅਤੇ ਪੀ.ਜੀ.ਜੀ. ਕਾਲਜ ਫਾਰ ਕੋ-ਐਡ, ਸੈਕਟਰ-11 ਚੰਡੀਗੜ੍ਹ, ਪੀ.ਜੀ.ਜੀ. ਕਾਲਜ ਫਾਰ ਗਰਲਜ਼, ਸੈਕਟਰ-11 ਚੰਡੀਗੜ੍ਹ ਅਤੇ ਵਿਅਕਤੀਗਤ ਤੀਜਾ ਸਥਾਨ ਦੀ ਟੀਮ ਨੇ ਤੀਜਾ ਸਥਾਨ ਹਾਸਲ ਕੀਤਾ।

ਦੂਜਾ ਦਿਨ: ਗੈਰ-ਕਾਨੂੰਨੀ ਨਸ਼ਾ ਛੁਡਾਊ ਕੇਂਦਰਾਂ ਵਿਰੁੱਧ ਕਾਰਵਾਈ ਜਾਰੀ

➢ ਮਾਲੇਰਕੋਟਲਾ ਪੁਲਿਸ ਵੱਲੋਂ ਪਿੰਡ ਬਿੱਜੋਕੀ ਕਲਾਂ ਵਿਖੇ ਇੱਕ ਹੋਰ ਗੈਰ-ਕਾਨੂੰਨੀ ਨਸ਼ਾ ਛੁਡਾਊ ਕੇਂਦਰ ਦਾ ਪਰਦਾਫਾਸ਼; 49 ਵਿਅਕਤੀਆਂ ਨੂੰ ਛੁਡਵਾਇਆ, ਇੱਕ ਦੋਸ਼ੀ ਗ੍ਰਿਫ਼ਤਾਰ ➢ ਨਸ਼ੇ ਦੇ ਆਦੀ ਵਿਅਕਤੀਆਂ ਨੂੰ ਬੰਦੀ ਬਣਾ ਕੇ ਕੁੱਟਮਾਰ ਕਰਨ ਅਤੇ ਜਬਰਦਸਤੀ ਕੰਮ ਕਰਵਾਉਣ ਦੇ ਦੋਸ਼

ਮਲੇਰਕੋਟਲਾ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਗੈਰ-ਕਾਨੂੰਨੀ ਨਸ਼ਾ ਛੁਡਾਊ ਕੇਂਦਰਾਂ ਵਿਰੁੱਧ ਲਗਾਤਾਰ ਦੂਜੇ ਦਿਨ ਕਾਰਵਾਈ ਕਰਦਿਆਂ ਮਾਲੇਰਕੋਟਲਾ ਪੁਲਿਸ ਨੇ ਥਾਣਾ ਅਮਰਗੜ੍ਹ ਅਧੀਨ ਪੈਂਦੇ ਪਿੰਡ ਬਿੱਜੋਕੀ ਕਲਾਂ ਵਿਖੇ ਇੱਕ ਹੋਰ ਅਜਿਹੇ ਕੇਂਦਰ ਦਾ ਪਰਦਾਫਾਸ਼ ਕੀਤਾ ਹੈ। ਇਹ ਕੇਂਦਰ ਨਸ਼ਾ ਮੁਕਤ ਸਮਾਜ ਵੈਲਫੇਅਰ ਸੁਸਾਇਟੀ ਦੇ ਨਾਮ ਹੇਠ ਚਲਾਇਆ ਜਾ ਰਿਹਾ ਸੀ। ਦੋਸ਼ ਹੈ ਕਿ ਇੱਥੇ ਨਸ਼ੇ ਦੇ ਆਦੀ ਵਿਅਕਤੀਆਂ ਨੂੰ ਉਨ੍ਹਾਂ ਦੀ ਮਰਜ਼ੀ ਦੇ ਖ਼ਿਲਾਫ਼ ਬੰਦੀ ਬਣਾ ਕੇ ਰੱਖਿਆ ਜਾਂਦਾ ਸੀ, ਉਨ੍ਹਾਂ ਦੀ ਕੁੱਟਮਾਰ ਕੀਤੀ ਜਾਂਦੀ ਸੀ ਅਤੇ ਉਨ੍ਹਾਂ ਤੋਂ ਜਬਰਦਸਤੀ ਕੰਮ ਕਰਵਾਇਆ ਜਾਂਦਾ ਸੀ।

ਦੋਸ਼ੀਆਂ ਦੀ ਪਛਾਣ ਜਤਿੰਦਰ ਸਿੰਘ ਵਾਸੀ ਨੁਸ਼ਹਿਰਾ ਅਤੇ ਹੰਮਦ ਸਦੀਕ ਉਰਫ਼ ਸ਼ਿਕੂ ਵਾਸੀ ਕੱਚਾ ਜਮਾਲਪੁਰਾ, ਮਾਲੇਰਕੋਟਲਾ ਵਜੋਂ ਹੋਈ ਹੈ। ਦੋਸ਼ੀ

ਜਤਿੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਮੀਡੀਆ ਨਾਲ ਜਾਣਕਾਰੀ ਸਾਂਝੀ ਕਰਦਿਆਂ ਸੀਨੀਅਰ ਕਪਤਾਨ ਪੁਲਿਸ (ਐਸ.ਐਸ.ਪੀ.) ਹਰਕਮਲ ਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਇਹ ਕਾਰਵਾਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਕੀਤੀ ਗਈ ਹੈ।

ਇਹ ਕਾਰਵਾਈ ਡੀ.ਐਸ.ਪੀ. ਅਮਰਗੜ੍ਹ ਸੰਜੀਵ ਕਪੂਰ ਦੀ ਨਿਗਰਾਨੀ ਹੇਠ ਹੋਈ।

24 ਅਕਤੂਬਰ ਨੂੰ ਸ:ਥ ਬਲਵਿੰਦਰ ਸਿੰਘ ਦੀ ਅਗਵਾਈ ਹੇਠ ਪੁਲਿਸ ਪਾਰਟੀ ਪਿੰਡ ਬਿੱਜੋਕੀ ਕਲਾਂ ਨੇੜੇ ਗਸ਼ਤ 'ਤੇ ਸੀ, ਜਦੋਂ ਉਨ੍ਹਾਂ ਨੂੰ ਖ਼ਾਸ ਇਤਲਾਹ ਮਿਲੀ। ਇਤਲਾਹ ਅਨੁਸਾਰ ਦੋਸ਼ੀ ਇੱਕ ਗੈਰ-ਕਾਨੂੰਨੀ ਨਸ਼ਾ ਛੁਡਾਊ ਕੇਂਦਰ ਚਲਾ ਰਹੇ ਸਨ, ਜਿੱਥੇ ਨਸ਼ੇ ਦੇ ਆਦੀ ਵਿਅਕਤੀਆਂ ਨੂੰ ਉਨ੍ਹਾਂ ਦੀ ਸਹਿਮਤੀ ਤੋਂ ਬਿਨਾਂ ਚੁੱਕ ਕੇ ਜਬਰਦਸਤੀ ਬੰਦੀ ਬਣਾਇਆ ਜਾਂਦਾ ਸੀ। ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਕੇਂਦਰ 'ਤੇ ਛਾਪਾ ਮਾਰਿਆ ਅਤੇ ਉੱਥੇ ਬੰਦੀ ਬਣਾਏ ਗਏ 49 ਵਿਅਕਤੀਆਂ ਨੂੰ ਛੁਡਵਾਇਆ।

ਇਸ ਸਬੰਧੀ ਦੋਸ਼ੀਆਂ ਵਿਰੁੱਧ ਮੁਕੱਦਮਾ ਨੰਬਰ 352 ਮਿਤੀ 24.10.2026 ਅ/ਧ 140(4), 318(4), 336(2), 336(3), 338, 340(2), 61(2) ਬੀ.ਐਨ.ਐਸ. ਥਾਣਾ ਅਮਰਗੜ੍ਹ ਵਿਖੇ ਦਰਜ ਰਜਿਸਟਰ ਕੀਤਾ ਗਿਆ ਹੈ। ਦੂਜੇ ਦੋਸ਼ੀ ਦੀ ਗ੍ਰਿਫ਼ਤਾਰੀ ਲਈ ਯਤਨ ਜਾਰੀ ਹਨ ਅਤੇ ਮਾਮਲੇ ਦੀ ਅਗਲੇਰੀ ਤਫ਼ਤੀਸ਼ ਜਾਰੀ ਹੈ।

ਐਸ.ਐਸ.ਪੀ. ਖੱਖ ਨੇ ਕਿਹਾ ਕਿ ਨਸ਼ਾ ਛੁਡਾਉਣਾ ਡਾਕਟਰੀ ਇਲਾਜ ਅਤੇ ਮਨੁੱਖੀ ਮਾਣ-ਸਨਮਾਨ ਦਾ ਵਿਸ਼ਾ ਹੈ, ਅਤੇ ਕਿਸੇ ਨੂੰ ਵੀ ਇਸ ਨੂੰ ਧੋਖਾਧੜੀ ਅਤੇ ਜ਼ੁਲਮ ਦਾ ਧੰਦਾ ਬਣਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿੱਚ ਗੈਰ-ਕਾਨੂੰਨੀ ਕੇਂਦਰਾਂ ਵਿਰੁੱਧ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਅਜਿਹੇ ਅਦਾਰਿਆਂ ਵਿਰੁੱਧ ਸਖ਼ਤ ਕਾਰਵਾਈ ਜਾਰੀ ਰਹੇਗੀ।

ਐਸ.ਐਸ.ਪੀ. ਖੱਖ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਾ ਛੁਡਾਉਣ ਦਾ ਇਲਾਜ ਸਿਰਫ਼ ਸਰਕਾਰੀ ਹਸਪਤਾਲਾਂ ਜਾਂ ਲਾਇਸੈਂਸਸ਼ੁਦਾ ਨਸ਼ਾ ਛੁਡਾਊ ਕੇਂਦਰਾਂ ਵਿੱਚ ਹੀ ਕਰਵਾਇਆ ਜਾਵੇ। ਗੈਰ-ਕਾਨੂੰਨੀ ਕੇਂਦਰਾਂ ਜਾਂ ਨਸ਼ੇ ਨਾਲ ਸਬੰਧਤ ਕਿਸੇ ਵੀ ਗਤੀਵਿਧੀ ਬਾਰੇ ਜਾਣਕਾਰੀ ਨੇੜਲੇ ਥਾਣੇ ਨਾਲ ਸਾਂਝੀ ਕੀਤੀ ਜਾ ਸਕਦੀ ਹੈ, ਅਤੇ ਸੂਚਨਾ ਦੇਣ ਵਾਲੇ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ।

ਤਿਉਹਾਰਾਂ ਦੇ ਮੱਦੇਨਜ਼ਰ ਨਾਭਾ ਪੁਲਿਸ ਅਲਰਟ, ਐਸ.ਐਚ.ਓ. ਗੁਰਵਿੰਦਰ ਸਿੰਘ ਵੱਲੋਂ ਸੁਰੱਖਿਆ ਪ੍ਰਬੰਧ ਸਖ਼ਤ

ਨਾਭਾ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਤਿਉਹਾਰਾਂ ਦੇ ਸੀਜ਼ਨ ਨੂੰ ਮੁੱਖ ਰੱਖਦਿਆਂ ਸ਼ਹਿਰ ਵਾਸੀਆਂ ਦੀ ਸੁਰੱਖਿਆ ਅਤੇ ਅਮਨ-ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਕੋਤਵਾਲੀ ਥਾਣਾ ਨਾਭਾ ਦੇ ਮੁਖੀ ਐਸ.ਐਚ.ਓ. ਗੁਰਵਿੰਦਰ ਸਿੰਘ ਵੱਲੋਂ ਸ਼ਹਿਰ ਅੰਦਰ ਸੁਰੱਖਿਆ ਪ੍ਰਬੰਧ ਸਖ਼ਤ ਕੀਤੇ ਗਏ ਹਨ। ਪੁਲਿਸ ਵੱਲੋਂ ਸ਼ਹਿਰ ਦੇ ਬਾਜ਼ਾਰਾਂ, ਭੀੜ-ਭੜੱਕੇ ਵਾਲੇ ਇਲਾਕਿਆਂ ਅਤੇ ਸੰਵੇਦਨਸ਼ੀਲ ਥਾਵਾਂ 'ਤੇ ਚੌਕਸੀ ਵਧਾ ਦਿੱਤੀ ਗਈ ਹੈ।

ਇਸ ਸਬੰਧੀ ਗੱਲਬਾਤ ਕਰਦਿਆਂ ਐਸ.ਐਚ.ਓ. ਗੁਰਵਿੰਦਰ ਸਿੰਘ ਨੇ ਦੱਸਿਆ ਕਿ ਤਿਉਹਾਰਾਂ ਦੇ ਦਿਨਾਂ ਵਿੱਚ ਬਾਜ਼ਾਰਾਂ ਵਿੱਚ ਲੋਕਾਂ ਦੀ ਆਮਦ ਵਧ ਜਾਂਦੀ ਹੈ, ਜਿਸ ਕਾਰਨ ਸ਼ਰਾਰਤੀ

ਅਨਸਰਾਂ 'ਤੇ ਤਿੱਖੀ ਨਜ਼ਰ ਰੱਖਣ ਲਈ ਵਿਸ਼ੇਸ਼ ਪੁਲਿਸ ਟੀਮਾਂ ਅਤੇ ਪੀ.ਸੀ.ਆਰ. ਦੇ ਜਵਾਨ ਤਾਇਨਾਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਸ਼ਹਿਰ ਦੇ ਸਾਰੇ ਐਂਟਰੀ ਪੁਆਇੰਟਾਂ 'ਤੇ ਨਾਕਾਬੰਦੀ ਅਤੇ ਚੈਕਿੰਗ ਵਧਾ ਦਿੱਤੀ ਗਈ ਹੈ ਅਤੇ ਰਾਤ ਦੇ ਸਮੇਂ ਗਸ਼ਤ ਵੀ ਤੇਜ਼ ਕਰ ਦਿੱਤੀ ਗਈ ਹੈ।

ਐਸ.ਐਚ.ਓ. ਨੇ ਦੁਕਾਨਦਾਰਾਂ ਅਤੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਨੂੰ ਕੋਈ ਵੀ ਸ਼ੱਕੀ ਵਿਅਕਤੀ ਜਾਂ ਲਾਵਾਰਿਸ ਵਸਤੂ ਦਿਖਾਈ ਦੇਵੇ, ਤਾਂ ਤੁਰੰਤ ਇਸ ਦੀ ਸੂਚਨਾ ਕੋਤਵਾਲੀ ਪੁਲਿਸ ਨੂੰ ਦਿੱਤੀ ਜਾਵੇ। ਉਨ੍ਹਾਂ ਸਪੱਸ਼ਟ ਕੀਤਾ ਕਿ ਸ਼ਹਿਰ ਵਿੱਚ ਅਮਨ-ਸ਼ਾਂਤੀ ਭੰਗ ਕਰਨ ਵਾਲਿਆਂ ਅਤੇ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਪੁਲਿਸ ਦਾ ਮੁੱਖ ਉਦੇਸ਼ ਲੋਕਾਂ ਨੂੰ ਸੁਰੱਖਿਅਤ ਮਾਹੌਲ ਮੁਹੱਈਆ ਕਰਵਾਉਣਾ ਹੈ, ਤਾਂ ਜੋ ਸਾਰੇ ਲੋਕ ਬਿਨਾਂ ਕਿਸੇ ਡਰ ਦੇ ਤਿਉਹਾਰ ਮਨਾ ਸਕਣ।

ਇਸ ਦੇ ਨਾਲ ਹੀ ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਤਿਉਹਾਰਾਂ ਦੌਰਾਨ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ ਅਤੇ ਪੁਲਿਸ ਨੂੰ ਸਹਿਯੋਗ ਦੇਣ।

ਸ਼ਰਦ ਪੂਰਨਮਾਸ਼ੀ ਬੜੀ ਆਸਥਾ ਪੂਰਵਕ ਅਤੇ ਸ਼ਰਧਾ ਨਾਲ ਮਨਾਈ

ਪਟਿਆਲਾ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੁਧਾਰ ਸਭਾ ਵਲੋਂ ਪ੍ਰਾਚੀਨ ਮੰਦਿਰ ਸ੍ਰੀ ਕੇਦਰ ਨਾਥ ਜੀ ਮੰਦਿਰ ਵਿਖੇ ਪਲਾਓ ਦਾ ਪ੍ਰਸ਼ਾਦ ਬਣਾ ਕੇ ਮੰਦਿਰ ਵਿੱਚ ਵੰਡਿਆ ਗਿਆ ਅਤੇ ਰਜਿੰਦਰਾ ਹਸਪਤਾਲ ਪਟਿਆਲਾ ਵਿਖੇ ਵੀ ਭੇਜਿਆ ਗਿਆ। ਸ਼ਰਦ ਪੂਰਨਾ ਕਾਰਨ ਚੰਦਰਮਾਂ ਦੀ ਚਾਦਨੀ ਨੀਚੇ ਭੋਲੇ ਬਾਬਾ ਦੇ ਚਰਨਾ ਵਿੱਚ ਖੀਰ ਬਣਾਈ ਗਈ। ਖੀਰ ਬਣਾਉਣ ਦੀ ਸੇਵਾ ਰਾਜਾ ਰਾਜ ਕੁਮਾਰ ਅਨੇਜਾ ਨੇ ਕੀਤੀ। ਅੱਜ ਸਵੇਰੇ 6:00 ਵਜੇ ਮਾਤਾ ਲਛਮੀ ਅਤੇ ਭੋਲੇ ਬਾਬਾ ਜੀ ਨੂੰ ਮੰਦਿਰ ਵਿੱਚ ਪ੍ਰਸ਼ਾਦ ਲਗਵਾ ਕੇ ਮੰਦਿਰ ਵਿੱਚ ਵੰਡੀ ਗਈ ਅਤੇ ਵਿਸ਼ਾਲ ਸ਼ਿਵ ਜੀ ਦੀ ਮੂਰਤੀ ਦੇ ਕੋਲ ਵੀ ਵੰਡੀ ਗਈ। ਇਹ ਪ੍ਰਸ਼ਾਦ 12:00 ਵਜੇ ਤੱਕ ਭਗਤਾਂ ਵਿੱਚ ਵੰਡਿਆ ਗਿਆ। ਖੀਰ ਦੇ ਪ੍ਰਸ਼ਾਦ ਦੀ ਸੇਵਾ ਸਤਨਾਮ ਹਸੀਜਾ ਦੇ ਪਰਿਵਾਰ ਵੱਲੋਂ ਕੀਤੀ ਗਈ। ਸੁਧਾਰ ਸਭਾ ਦੇ ਵਾਇਸ ਚੇਅਰਮੈਨ ਹਰੀ ਸਿੰਘ ਚੌਹਾਨ ਨੇ ਦੱਸਿਆ ਕਿ ਸੁਧਾਰ ਸਭਾ ਦੇ ਸਾਰੇ ਮੈਂਬਰ ਤਨ ਮਨ ਧਨ ਨਾਲ ਸੇਵਾ ਕਰਦੇ ਹਨ। ਵੈਸੇ ਤਾਂ ਸਾਰੇ ਵਾਰ ਤਿਉਹਾਰ ਮਨਾਏ ਜਾਂਦੇ ਹਨ। ਹਰ ਮਹੀਨੇ ਮਾਸਿਕ ਤਰੋਸਦੀ ਅਤੇ ਪੂਰਨਮਾਸ਼ੀ ਮੌਕੇ ਲੰਗਰ ਦੀ ਸੇਵਾ ਕੀਤੀ ਜਾਂਦੀ ਹੈ। ਸਤਨਾਮ ਹਸੀਜਾ ਦੇ ਪਰਿਵਾਰ ਵੱਲੋਂ ਮਹੀਨੇ ਵਿੱਚ ਦੋ ਇਕਾਦਸ਼ੀਆਂ ਆਉਂਦੀਆਂ ਹਨ। ਇਕਾਦਸ਼ੀ ਵਾਲੇ ਦਿਨ ਵਰਤ ਵਾਲੀ ਖੀਰ ਸ਼ਾਮ ਨੂੰ ਮੰਦਿਰ ਵਿੱਚ ਅਤੇ ਵਿਸ਼ਾਲ ਮੂਰਤੀ ਦੇ ਕੋਲ ਵੰਡੀ ਜਾਂਦੀ ਹੈ।

ਮਜ਼ਦੂਰਾਂ ਦੀ ਮੌਤ 'ਤੇ ਡੁੱਲ੍ਹਿਆ ਦੁੱਖ, ਪੀੜਤ ਪਰਿਵਾਰਾਂ ਲਈ ਮੁਆਵਜ਼ੇ ਦੀ ਉੱਠੀ ਮੰਗ

ਜੈਤੋਂ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਿੰਡ ਭਗਤੂਆਣਾ ਵਿਖੇ ਨਰੇਗਾ ਮਜ਼ਦੂਰਾਂ ਦੀ ਮੀਟਿੰਗ ਮਜ਼ਦੂਰ ਯੂਨੀਅਨ ਬਲਾਕ ਜੈਤੋ ਦੇ ਜਨਰਲ ਸਕੱਤਰ ਰਾਮ ਸਿੰਘ ਚੈਨਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਸੰਗਰੂਰ ਵਿਖੇ ਕੁਝ ਦਿਨ ਪਹਿਲਾਂ ਵਾਪਰੇ ਕਾਰ ਹਾਦਸੇ ਵਿੱਚ ਨੌਂ ਮਜ਼ਦੂਰਾਂ ਦੀ ਮੌਤ ਅਤੇ 15 ਮਜ਼ਦੂਰਾਂ ਦੇ ਜ਼ਖ਼ਮੀ ਹੋਣ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

ਇਸ ਮੌਕੇ ਯੂਨੀਅਨ ਵੱਲੋਂ ਮਤਾ ਪਾਸ ਕਰਕੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਹਾਦਸੇ ਵਿੱਚ ਜਾਨ ਗੁਆਉਣ ਵਾਲੇ ਮਜ਼ਦੂਰਾਂ ਦੇ ਪਰਿਵਾਰਾਂ

ਨੂੰ 20-20 ਲੱਖ ਰੁਪਏ ਮੁਆਵਜ਼ਾ ਦਿੱਤਾ ਜਾਵੇ।

ਇਸੇ ਤਰ੍ਹਾਂ ਜ਼ਖ਼ਮੀ ਹੋਏ ਮਜ਼ਦੂਰਾਂ ਨੂੰ 5-5 ਲੱਖ ਰੁਪਏ ਦੀ ਵਿੱਤੀ ਸਹਾਇਤਾ ਅਤੇ ਪੰਜ-ਪੰਜ ਮਰਲੇ ਦੇ ਰਿਹਾਇਸ਼ੀ ਪਲਾਟ ਮੁਹੱਈਆ ਕਰਵਾਏ ਜਾਣ।

ਯੂਨੀਅਨ ਆਗੂਆਂ ਨੇ ਮੰਗ ਕੀਤੀ ਕਿ ਨਰੇਗਾ ਮਜ਼ਦੂਰਾਂ ਦੀ ਸੁਰੱਖਿਆ ਅਤੇ ਮੁੱਢਲੀ ਸਿਹਤ ਸਹਾਇਤਾ ਨੂੰ ਯਕੀਨੀ ਬਣਾਉਣ ਲਈ ਉਨ੍ਹਾਂ ਨੂੰ ਮੈਡੀਕਲ ਕਿੱਟਾਂ ਵੀ ਉਪਲਬਧ ਕਰਵਾਈਆਂ ਜਾਣ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਇਸ ਦੁਖਦਾਈ ਹਾਦਸੇ ਦੇ ਪੀੜਤ ਪਰਿਵਾਰਾਂ ਦੀ ਬਾਂਹ ਫੜਦਿਆਂ ਉਨ੍ਹਾਂ ਦੀ ਆਰਥਿਕ ਸਹਾਇਤਾ ਲਈ ਢੁੱਕਵੇਂ ਕਦਮ ਚੁੱਕਣੇ ਚਾਹੀਦੇ ਹਨ।

ਸੁਧੀਰ ਕੱਕੜ ਨੂੰ ਸਨਾਤਨ ਸੇਵਾ ਸਮਿਤੀ ਜ਼ਿਲ੍ਹੇ ਦਾ ਕੋਆਰਡੀਨੇਟਰ ਨਿਯੁਕਤ ਕੀਤਾ

ਮੋਰਿੰਡਾ, 30 ਅਕਤੂਬਰ/ਰਾਧੇ ਸ਼ਾਮ ਸ਼ਰਮਾ
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ ਦੇ ਧਾਰਮਿਕ ਵਿੰਗ ਸਨਾਤਨ ਸੇਵਾ ਸਮਿਤੀ ਪੰਜਾਬ ਵੱਲੋਂ ਜਾਰੀ ਪੱਤਰ ਅਨੁਸਾਰ, ਜਿਸ @ਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਅਤੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ ਨੇ ਦਸਤਖਤ ਕੀਤੇ ਹਨ, ਸੁਧੀਰ ਕੱਕੜ ਮੋਰਿੰਡਾ ਨੂੰ ਸਨਾਤਨ ਸੇਵਾ ਸਮਿਤੀ, ਜ਼ਿਲ੍ਹਾ ਰੂਪਨਗਰ ਦਾ ਜ਼ਿਲ੍ਹਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀ ਸਨਾਤਨ ਸੇਵਾ ਸਮਿਤੀ ਦੇ ਅਖਿਲ ਭਾਰਤੀ ਪ੍ਰਧਾਨ ਵਿਜੇ ਸ਼ਰਮਾ ਦੇ ਨਿਰਦੇਸ਼ਾਂ ਅਨੁਸਾਰ ਕੀਤੀ ਗਈ ਹੈ। ਸੁਧੀਰ ਕੱਕੜ ਨੇ ਇਸ ਨਵੀਂ

ਜ਼ਿੰਮੇਵਾਰੀ ਲਈ ਸਨਾਤਨ ਸੇਵਾ ਸਮਿਤੀ ਦੇ ਰਾਸ਼ਟਰੀ ਪ੍ਰਧਾਨ ਵਿਜੇ ਬੀ, ਆਮ ਅ ਰਾਸ਼ਟਰੀ ਪ੍ਰਧਾਨ ਅਰਵਿੰਦ ਕੇਜਰੀਵਾਲ, ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ. ਦੀਪਕ ਬਾਲੀ ਅਤੇ ਅਮਨ ਅਰੋੜਾ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ।

ਲੁਧਿਆਣਾ ਵਿੱਚ 220 ਥਾਵਾਂ 'ਤੇ ਭਾਜਪਾ ਵਰਕਰਾਂ ਨੇ ਸੁਣਿਆ 'ਮਨ ਕੀ ਬਾਤ' ਪ੍ਰੋਗਰਾਮ

ਲੁਧਿਆਣਾ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸੁਨੀਲ ਮੋਦਗਿਲ ਦੇ ਨਿਰਦੇਸ਼ਾਂ ਅਨੁਸਾਰ, ਲਗਭਗ 220 ਥਾਵਾਂ 'ਤੇ ਭਾਜਪਾ ਵਰਕਰਾਂ ਅਤੇ ਆਮ ਲੋਕਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 'ਮਨ ਕੀ ਬਾਤ' ਪ੍ਰੋਗਰਾਮ ਦਾ ਸਮੂਹਿਕ ਪ੍ਰੋਗਰਾਮ ਸੁਣਿਆ।

ਸੁਨੀਲ ਮੋਦਗਿਲ ਨੇ ਦੱਸਿਆ ਕਿ ਪ੍ਰੋਗਰਾਮ ਦੇ 139ਵੇਂ ਐਪੀਸੋਡ ਵਿੱਚ ਪ੍ਰਧਾਨ ਮੰਤਰੀ ਨੇ ਦੇਸ਼ਵਾਸੀਆਂ ਦੀ ਸੇਵਾ ਭਾਵਨਾ ਅਤੇ ਯੋਗਦਾਨ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਦੀਵਾਲੀ ਮੌਕੇ 'ਵੋਕਲ ਫਾਰ ਲੋਕਲ' ਨੂੰ ਉਤਸ਼ਾਹਿਤ ਕਰਨ ਅਤੇ ਸਵਦੇਸ਼ੀ ਉਤਪਾਦਾਂ ਨੂੰ ਤਰਜੀਹ ਦੇਣ ਦਾ ਸੱਦਾ ਵੀ ਦਿੱਤਾ।

ਉਨ੍ਹਾਂ ਕਿਹਾ ਕਿ 'ਮਨ ਕੀ ਬਾਤ' ਦੇਸ਼ ਦੇ ਲੋਕਾਂ ਦੇ ਪ੍ਰੇਰਨਾਦਾਇਕ ਕਾਰਜਾਂ ਨੂੰ ਸਾਹਮਣੇ ਲਿਆਉਣ ਅਤੇ ਰਾਸ਼ਟਰ ਨਿਰਮਾਣ ਵਿੱਚ ਜਨਤਾ ਦੀ ਭਾਗੀਦਾਰੀ ਵਧਾਉਣ ਦਾ ਪ੍ਰਭਾਵਸ਼ਾਲੀ ਮਾਧਿਅਮ ਹੈ। ਇਸ ਮੌਕੇ ਭਾਜਪਾ ਦੇ ਸੀਨੀਅਰ ਆਗੂਆਂ ਅਤੇ ਜ਼ਿਲ੍ਹੇ ਦੇ ਅਹੁਦੇਦਾਰਾਂ ਨੇ ਵੀ ਵੱਖ-ਵੱਖ ਥਾਵਾਂ 'ਤੇ ਪ੍ਰੋਗਰਾਮ ਸੁਣਿਆ।

ਜ਼ਿਲ੍ਹਾ ਉੱਪ ਪ੍ਰਧਾਨ ਸੁੱਖੀ ਸ਼ਰਮਾ ਅਤੇ ਸਾਥੀਆਂ ਵੱਲੋਂ 'ਮਨ ਕੀ ਬਾਤ' ਪ੍ਰੋਗਰਾਮ ਤੋਂ ਬਾਅਦ ਵਰਕਰਾਂ ਨਾਲ ਚੋਣਾਂ ਪ੍ਰਤੀ ਰਣਨੀਤੀ ਬਣਾਈ

ਮਾਛੀਵਾੜਾ ਸਾਹਿਬ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤੀ ਜਨਤਾ ਪਾਰਟੀ ਦੇ ਪੁਲਿਸ ਜ਼ਿਲ੍ਹਾ ਖੰਨਾ ਦੇ ਉਪ ਪ੍ਰਧਾਨ ਸੁਖਵਿੰਦਰ ਲਾਲ ਸ਼ਰਮਾ ਦੀ ਅਗਵਾਈ ਵਿੱਚ ਪਾਰਟੀ ਦੇ ਵਰਕਰਾਂ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 'ਮਨ ਕੀ ਬਾਤ' ਪ੍ਰੋਗਰਾਮ ਦਾ 139ਵਾਂ ਐਪੀਸੋਡ ਸੁਣਿਆ। ਪ੍ਰੋਗਰਾਮ ਤੋਂ ਬਾਅਦ ਪਾਰਟੀ ਦੇ ਪੁਰਾਣੇ ਅਤੇ ਨਵੇਂ ਵਰਕਰਾਂ ਨਾਲ ਵਿਚਾਰ ਚਰਚਾ ਕੀਤੀ ਗਈ। ਬੈਠਕ ਦੌਰਾਨ 2027 ਦੀਆਂ ਚੋਣਾਂ ਦੀ ਰਣਨੀਤੀ, ਪਾਰਟੀ ਨੂੰ ਮਜ਼ਬੂਤ ਕਰਨ ਅਤੇ ਵਰਕਰਾਂ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਉਹਦਾ ਕਿਹਾ ਕਿ ਅਜੋਕੇ ਸਮੇਂ ਕੇਂਦਰ ਸਰਕਾਰ ਦੀਆਂ ਨੀਤੀਆਂ ਨੂੰ ਘਰ ਘਰ ਪਹੁੰਚਾਉਣਾ ਨੌਜਵਾਨਾਂ ਦੀ ਵੱਡੀ ਦੇ ਅਹਿਮ ਡਿਊਟੀ ਹੈ, ਤਾਂ ਜੋ ਲੋਕ ਭਾਜਪਾ ਦੀਆਂ ਨੀਤੀਆਂ ਨੂੰ ਸਹੀ ਤਰ੍ਹਾਂ ਸਮਝ ਸਕਣ ਅਤੇ ਆਉਣ ਵਾਲੇ ਸਮੇਂ ਵਿੱਚ ਭਾਜਪਾ ਪਾਰਟੀ ਨੂੰ ਬਹੁਮਤ ਨਾਲ ਜਿਤਾਕੇ ਪੰਜਾਬ ਦੇ ਵਿਕਾਸ ਵਿੱਚ ਆਪਣਾ ਯੋਗਦਾਨ।

ਇਸ ਮੌਕੇ ਜ਼ਿਲ੍ਹਾ ਉਪ ਪ੍ਰਧਾਨ ਸ਼ਰਮਾ ਵੱਲੋਂ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ ਵਰਕਰਾਂ ਨੇ ਆਪਣੇ ਮਹੱਤਵਪੂਰਨ ਸੁਝਾਅ ਸਾਂਝੇ ਕੀਤੇ।

ਸੁਖਵਿੰਦਰ ਸ਼ਰਮਾ ਨੇ ਕਿਹਾ ਕਿ ਪੁਰਾਣੇ ਵਰਕਰ ਪਾਰਟੀ ਦੀ ਨੀਂਹ ਹਨ ਅਤੇ ਉਨ੍ਹਾਂ ਦਾ ਅਨੁਭਵ ਤੇ ਸੁਝਾਅ ਹਮੇਸ਼ਾ ਮਹੱਤਵਪੂਰਨ ਰਹੇ ਹਨ। ਉਨ੍ਹਾਂ ਕਿਹਾ ਕਿ ਵਰਕਰਾਂ ਦੇ ਵਿਚਾਰਾਂ 'ਤੇ ਗੰਭੀਰਤਾ ਨਾਲ ਵਿਚਾਰ ਕਰਕੇ ਜ਼ਰੂਰੀ ਸੁਧਾਰ ਕੀਤੇ ਜਾਣਗੇ ਅਤੇ ਜਿਲਾ ਖੰਨਾ ਅੰਦਰ ਪਾਰਟੀ ਨੂੰ ਹੋਰ ਮਜ਼ਬੂਤ ਬਣਾਉਣ ਦੇ ਯਤਨ ਕੀਤੇ ਜਾਣਗੇ।

ਪਵਨ ਦੀਵਾਨ ਵੱਲੋਂ ਅਸਲਾ ਲਾਇਸੈਂਸਾਂ ਦੀ ਸੂਬਾ ਪੱਧਰੀ ਸਮੀਖਿਆ ਦੀ ਮੰਗ

ਲੁਧਿਆਣਾ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਅਤੇ ਪੰਜਾਬ ਲਾਰਜ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦੇ ਸਾਬਕਾ ਚੇਅਰਮੈਨ ਪਵਨ ਦੀਵਾਨ ਨੇ ਸੂਬੇ ਵਿੱਚ ਲਾਇਸੈਂਸਸ਼ੁਦਾ ਹਥਿਆਰਾਂ ਦੀ ਕਥਿਤ ਦੁਰਵਰਤੋਂ ਨਾਲ ਵਾਪਰ ਰਹੀਆਂ ਕਤਲ ਅਤੇ ਹਿੰਸਕ ਅਪਰਾਧਾਂ ਦੀਆਂ ਘਟਨਾਵਾਂ 'ਤੇ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਨੇ ਪੰਜਾਬ ਦੇ ਰਾਜਪਾਲ ਅਤੇ ਡੀਜੀਪੀ ਨੂੰ ਪੱਤਰ ਲਿਖ ਕੇ ਪਿਛਲੇ ਕੁਝ ਸਾਲਾਂ ਦੌਰਾਨ ਜਾਰੀ ਕੀਤੇ ਗਏ ਅਸਲਾ ਲਾਇਸੈਂਸਾਂ ਦੀ ਸੂਬਾ ਪੱਧਰੀ ਸਮੀਖਿਆ ਕਰਨ ਦੀ ਮੰਗ ਕੀਤੀ ਹੈ।

ਦੀਵਾਨ ਨੇ ਕਿਹਾ ਕਿ ਅਪਰਾਧਿਕ ਮਾਮਲਿਆਂ ਵਿੱਚ ਸ਼ਾਮਲ ਹੋਣ ਵਾਲੇ

ਲਾਇਸੈਂਸ ਧਾਰਕਾਂ ਦੀ ਪਛਾਣ ਕਰਕੇ ਲੋੜ ਅਨੁਸਾਰ ਉਨ੍ਹਾਂ ਦੇ ਲਾਇਸੈਂਸ ਮੁਅੱਤਲ ਜਾਂ ਰੱਦ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂ ਲੁਧਿਆਣਾ ਵਿੱਚ ਜਨਮਦਿਨ ਦੀ ਪਾਰਟੀ ਦੌਰਾਨ ਲਾਇਸੈਂਸਸ਼ੁਦਾ ਹਥਿਆਰ ਨਾਲ ਹੋਏ ਕਥਿਤ ਕਤਲ ਦੀ ਘਟਨਾ ਦਾ ਹਵਾਲਾ ਦਿੰਦਿਆਂ ਕਿਹਾ ਕਿ ਅਜਿਹੀਆਂ ਘਟਨਾਵਾਂ ਜਨਤਕ ਸੁਰੱਖਿਆ ਲਈ ਗੰਭੀਰ ਚਿੰਤਾ ਦਾ ਵਿਸ਼ਾ ਹਨ।

ਉਨ੍ਹਾਂ ਡੀਜੀਪੀ ਨੂੰ ਅਸਲਾ ਲਾਇਸੈਂਸਾਂ ਦੇ ਨਵੀਨੀਕਰਨ ਦੀ ਪ੍ਰਕਿਰਿਆ ਸਖ਼ਤ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਹਰ ਅਰਜ਼ੀ ਦੀ ਜਾਂਚ ਦੌਰਾਨ ਲਾਇਸੈਂਸ ਧਾਰਕ ਦੇ ਅਪਰਾਧਿਕ ਰਿਕਾਰਡ, ਚੱਲ ਰਹੀਆਂ ਜਾਂਚਾਂ ਅਤੇ ਵਿਹਾਰ ਨੂੰ ਧਿਆਨ ਵਿੱਚ ਰੱਖਿਆ ਜਾਵੇ। ਉਨ੍ਹਾਂ ਜ਼ੋਰ ਦਿੱਤਾ ਕਿ ਹਥਿਆਰ ਰੱਖਣ ਦਾ ਅਧਿਕਾਰ ਜ਼ਿੰਮੇਵਾਰੀ ਨਾਲ ਜੁੜਿਆ ਹੋਇਆ ਹੈ ਅਤੇ ਲੋਕਾਂ ਦੀ ਸੁਰੱਖਿਆ ਲਈ ਇਸ ਦੀ ਦੁਰਵਰਤੋਂ ਰੋਕਣ ਵਾਸਤੇ ਤੁਰੰਤ ਕਦਮ ਚੁੱਕਣੇ ਜ਼ਰੂਰੀ ਹਨ।

ਦੂਸ਼ਿਤ ਹੁੰਦੇ ਵਾਤਾਵਰਨ ਨੂੰ ਬਚਾਉਣ ਲਈ ਕਿਸਾਨ ਵੀਰ ਜੀਰੀ ਦੀ ਪਰਾਲੀ ਨੂੰ ਸਾੜਨ ਦੇ ਬਜਾਏ ਉਸ ਨੂੰ ਖੇਤਾਂ ਵਿੱਚ ਵਾਹ ਕੇ ਜਾਂ ਹੋਰ ਤਕਨੀਕੀ ਢੰਗਾਂ ਨਾਲ ਨਿਪਟਾਰਾ ਕਰਨ ਲਈ ਅੱਗੇ ਆਉਣ: ਸੁਖਜਿੰਦਰ ਬਾਜਵਾ

ਪਟਿਆਲਾ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਗੁਰੂ ਹਰਗੋਬਿੰਦ ਸਾਹਿਬ ਖਾਲਸਾ ਗਰਲਜ਼ ਕਾਲਜ ਕਰਹਾਲੀ ਸਾਹਿਬ ਵਿਖੇ ਪ੍ਰਿੰਸੀਪਲ ਡਾ. ਰਮਨਜੀਤ ਕੌਰ ਦੀ ਯੋਗ ਸਰਪ੍ਰਸਤੀ ਅਤੇ ਪ੍ਰੋਫੈਸਰ ਅਰਸ਼ਪ੍ਰੀਤ ਕੌਰ ਪ੍ਰੋਗਰਾਮ ਅਫ਼ਸਰ ਐਨ.ਐਸ.ਐਸ ਵਿਭਾਗ ਦੀ ਅਗਵਾਈ ਹੇਠ ਸੱਤ ਰੋਜ਼ਾ ਐਨ.ਐਸ.ਐਸ ਕੈਂਪ ਲਗਾਇਆ ਜਾ ਰਿਹਾ ਹੈ। ਕੈਂਪ ਦੇ ਦੂਜੇ ਦਿਨ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਅਤੇ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਨਾਲ ਝੋਨੇ ਦੇ ਸੀਜ਼ਨ ਦੇ ਮੱਦੇਨਜ਼ਰ ਇੱਕ ਵਿਸ਼ੇਸ਼ ਜਾਗਰੂਕਤਾ ਰੈਲੀ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਕਿਸਾਨ ਭਰਾਵਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਪ੍ਰੇਰਿਤ ਕੀਤਾ ਗਿਆ। ਰੈਲੀ ਦੌਰਾਨ ਐਨ.ਐਸ.ਐਸ ਵਲੰਟੀਅਰ ਵਿਦਿਆਰਥਣਾਂ ਨੇ ਹੱਥਾਂ ਵਿੱਚ ਬੈਨਰ ਅਤੇ ਪਲੇਕਾਰਡ ਫੜੇ ਹੋਏ ਸਨ, ਜਿਨ੍ਹਾਂ ਉੱਤੇ ਪਰਾਲੀ ਨਾ ਸਾੜੋ,

ਵਾਤਾਵਰਣ ਬਚਾਓ, ਸਾਫ਼ ਹਵਾ ਸਾਡਾ ਅਧਿਕਾਰ, ਧਰਤੀ ਮਾਂ ਨੂੰ ਬਚਾਓ ਵਰਗੇ ਨਾਅਰੇ ਲਿਖੇ ਹੋਏ ਸਨ। ਵਿਦਿਆਰਥਣਾਂ ਨੇ ਨਾਅਰੇਬਾਜ਼ੀ ਰਾਹੀਂ ਅਤੇ ਕਿਸਾਨਾਂ ਨਾਲ ਸਿੱਧੀ ਗੱਲਬਾਤ ਕਰਕੇ ਉਨ੍ਹਾਂ ਨੂੰ ਪਰਾਲੀ ਸਾੜਨ ਨਾਲ ਹੋਣ ਵਾਲੇ ਨੁਕਸਾਨਾਂ ਬਾਰੇ ਜਾਣਕਾਰੀ ਦਿੱਤੀ।

ਇਸ ਮੌਕੇ ਮੁੱਖ ਮਹਿਮਾਨ ਵਜੋਂ ਸੁਖਜਿੰਦਰ ਸਿੰਘ ਬਾਜਵਾ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਅਤੇ ਡਾਕਟਰ ਸੁਖਵਿੰਦਰ ਸਿੰਘ ਵਾਇਸ ਪ੍ਰਿੰਸੀਪਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਵਿਸ਼ੇਸ਼ ਤੌਰ ਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਸਾਂਝ ਕੇਂਦਰ ਪਟਿਆਲਾ, ਗਗਨਦੀਪ ਕੌਰ, ਪ੍ਰੋਫੈਸਰ ਲਵਪ੍ਰੀਤ ਕੌਰ, ਪ੍ਰੋਫੈਸਰ ਹਰਦੀਪ ਕੌਰ, ਪ੍ਰੋਫੈਸਰ ਪਿੰਕੀ, ਪ੍ਰੋਫੈਸਰ ਹੁਸਨਪ੍ਰੀਤ ਕੌਰ, ਹਰਜਿੰਦਰ ਕੌਰ, ਹਰਵਿੰਦਰ ਸਿੰਘ ਇੰਚਾਰਜ ਸਬ ਡਵੀਜ਼ਨ ਸਾਂਝ ਕੇਂਦਰ ਸਮਾਣਾ, ਵਰਿੰਦਰ ਸਿੰਘ ਖਰੋੜ ਡੈਟਾ ਅਪਰੇਟਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਪੁਲਿਸ ਨੇ ਸ਼ਿਰਕਤ ਕੀਤੀ। ਇਸ ਮੌਕੇ ਸੁਖਜਿੰਦਰ ਸਿੰਘ ਬਾਜਵਾ ਨੇ ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਰਾਲੀ ਸਾੜਨਾ ਸਿਰਫ਼ ਕਾਨੂੰਨੀ ਅਪਰਾਧ ਹੀ ਨਹੀਂ, ਸਗੋਂ ਇਹ ਸਾਡੇ ਵਾਤਾਵਰਨ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਨਾਲ ਖਿਲਵਾੜ ਹੈ। ਉਨ੍ਹਾਂ ਕਿਹਾ ਕਿ ਪਰਾਲੀ ਸਾੜਨ ਨਾਲ ਹਵਾ ਪ੍ਰਦੂਸ਼ਿਤ ਹੁੰਦੀ ਹੈ, ਜਿਸ ਨਾਲ ਸਾਹ ਦੀਆਂ ਬਿਮਾਰੀਆਂ ਵਧਦੀਆਂ ਹਨ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਖ਼ਤਮ ਹੁੰਦੀ ਹੈ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪਰਾਲੀ ਨੂੰ ਸਾੜਨ ਦੀ ਬਜਾਏ ਉਸ ਨੂੰ ਖੇਤਾਂ ਵਿੱਚ ਹੀ ਵਾਹ ਕੇ ਜਾਂ ਹੋਰ ਤਕਨੀਕੀ ਢੰਗਾਂ ਨਾਲ ਨਿਪਟਾਰਾ ਕਰਨ, ਜਿਸ ਨਾਲ ਜ਼ਮੀਨ ਨੂੰ ਜੈਵਿਕ ਖਾਦ ਵੀ ਮਿਲਦੀ ਹੈ। ਉਨ੍ਹਾਂ ਨੇ ਪੰਜਾਬ ਪੁਲਿਸ ਦੇ ਸਾਂਝ ਕੇਂਦਰ ਵੱਲੋਂ ਚਲਾਈਆਂ ਜਾ ਰਹੀਆਂ ਸਮਾਜ ਭਲਾਈ ਦੀਆਂ ਗਤੀਵਿਧੀਆਂ ਬਾਰੇ ਵੀ ਜਾਣਕਾਰੀ ਦਿੱਤੀ।

ਪ੍ਰਿੰਸੀਪਲ ਡਾ. ਰਮਨਜੀਤ ਕੌਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਾਡਾ ਕਾਲਜ ਹਮੇਸ਼ਾ ਹੀ ਵਿਦਿਆਰਥਣਾਂ ਨੂੰ ਕਿਤਾਬੀ ਗਿਆਨ ਦੇ ਨਾਲ-ਨਾਲ ਸਮਾਜਿਕ ਜ਼ਿੰਮੇਵਾਰੀਆਂ ਪ੍ਰਤੀ ਵੀ ਜਾਗਰੂਕ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਵਾਤਾਵਰਣ ਦੀ ਰਾਖੀ ਲਈ ਅੱਗੇ ਆਉਣਾ ਚਾਹੀਦਾ ਹੈ। ਉਨ੍ਹਾਂ ਨੇ ਸਾਂਝ ਕੇਂਦਰ ਪਟਿਆਲਾ ਪੁਲਿਸ ਅਤੇ ਸਾਰੀਆਂ ਸਮਾਜ ਸੇਵੀ ਸੰਸਥਾਵਾਂ ਦਾ ਇਸ ਸਹਿਯੋਗ ਲਈ ਧੰਨਵਾਦ ਕੀਤਾ।

ਪ੍ਰੋਫੈਸਰ ਅਰਸ਼ਪ੍ਰੀਤ ਕੌਰ ਨੇ ਦੱਸਿਆ ਕਿ ਸੱਤ ਰੋਜ਼ਾ ਕੈਂਪ ਦੌਰਾਨ ਆਉਣ ਵਾਲੇ ਦਿਨਾਂ ਵਿੱਚ ਸਫ਼ਾਈ ਮੁਹਿੰਮ, ਰੁੱਖ ਲਗਾਓ ਮੁਹਿੰਮ, ਸਿਹਤ ਜਾਂਚ ਕੈਂਪ, ਬੇਟੀ ਬਚਾਓ ਬੇਟੀ ਪੜ੍ਹਾਓ ਅਤੇ ਨਸ਼ਾ ਮੁਕਤੀ ਸਬੰਧੀ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਜਾਣਗੀਆਂ। ਉਨ੍ਹਾਂ ਨੇ ਸਾਰੇ ਵਲੰਟੀਅਰਾਂ ਦੇ ਉਤਸ਼ਾਹ ਦੀ ਪ੍ਰਸ਼ੰਸਾ ਕੀਤੀ।

ਯੂਥ ਵਰਕਿੰਗ ਪ੍ਰਧਾਨ ਮਾਂਗਟ ਨੇ ਬੁਰਜ ਪਵਾਤ ਵਿੱਚ ਨੌਜਵਾਨਾਂ ਨਾਲ ਪਾਰਟੀ ਦੀ ਮਜਬੂਤੀ ਲਈ ਕੀਤੀਆਂ ਵਿਚਾਰਾਂ

ਮਾਛੀਵਾੜਾ ਸਾਹਿਬ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਦੇ ਜੁਝਾਰੂ ਨੌਜਵਾਨ ਆਗੂ ਹਰਜੋਤ ਸਿੰਘ ਮਾਗਟ ਵੱਲੋਂ ਪਿੰਡਾਂ ਵਿੱਚ ਮੀਟਿੰਗਾਂ ਕਰ ਪਾਰਟੀ ਦੀ ਮਜ਼ਬੂਤੀ ਲਈ ਨੌਜਵਾਨਾਂ ਨਾਲ ਵਿਚਾਰਾਂ ਕੀਤੀਆਂ ਜਾ ਰਹੀਆਂ ਹਨ॥ਹਰਜੋਤ ਸਿੰਘ ਮਾਂਗਟ ਯੂਥ ਅਕਾਲੀ ਦਲ ਵਰਕਿੰਗ ਪ੍ਰਧਾਨ ਅਤੇ ਜਿ਼ ?ਲ੍ਹਾ ਪਰਿਸਦ ਮੈਂਬਰ ਵੱਲੋਂ ਬੇਟ ਖੇਤਰ ਦੇ ਪਿੰਡਾਂ ਵਿੱਚ ਨੌਜਵਾਨਾਂ ਨਾਲ ਪਿਛਲੇ ਕਈ ਦਿਨਾਂ ਤੋਂ ਮੀਟਿੰਗਾਂ ਰਾਹੀਂ ਪਾਰਟੀ ਦੀ ਮਜਬੂਤੀ ਲਈ ਜਿੱਥੇ ਵਿਚਾਰ ਚਰਚਾਵਾਂ ਕੀਤੀਆਂ ਜਾ ਰਹੀਆਂ ਹਨ ਉੱਥੇ ਹੀ ਲੋਕਾਂ ਦੀਆਂ ਜਰੂਰਤਾਂ ਬਾਰੇ ਵੀ ਜਾਣਿਆ ਜਾ ਰਿਹਾ ਹੈ। ਉਨ੍ਹਾਂ ਬੁਰਜ ਕੱਚਾ ਵਿਖੇ ਪਾਰਟੀ ਦੇ ਨੌਜਵਾਨ ਆਗੂਆਂ ਨਾਲ ਵੱਖ-ਵੱਖ ਮੁੱਦਿਆਂ ਤੇ ਵਿਚਾਰ ਚਰਚਾ ਕੀਤੀ। ਉਹਨਾਂ ਕਿਹਾ ਕਿ ਹਲਕਾ ਸਮਰਾਲਾ ਵਿੱਚ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ ਦੁਆਰਾ ਸਾਦੀ ਗਈ ਇਸ ਜਨ ਸੰਪਰਕ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਅਤੇ ਲੋਕ ਮੌਜੂਦਾ ਸਰਕਾਰ ਦੇ ਅੱਤਿਆਚਾਰਾਂ ਤੋਂ ਅੱਕੇ ਹੋਏ ਹਨ। ਤੇ ਉਹ 2027 ਵਿੱਚ ਖੇਤਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਸਪਸ਼ਟ ਬਹੁਮਤ ਦੇਣ ਦੀ ਤਿਆਰ ਹਨ। ਉਹਨਾਂ ਕਿਹਾ ਕਿ ਇਹਨਾਂ ਮੀਟਿੰਗਾਂ ਦਾ ਮੁੱਖ ਮਕਸਦ ਪਿੰਡ ਪੱਧਰ ਤੇ ਪਾਰਟੀ ਦੀ ਮਜਬੂਤੀ ਲਈ ਕੰਮ ਕਰਨਾ ਅਤੇ ਸਭ ਨੂੰ ਨਾਲ ਲੈ ਕੇ ਚੱਲਣਾ ਹੈ। ਉਹਨਾਂ ਦੱਸਿਆ ਕਿ ਇਹਨਾਂ ਮੀਟਿੰਗਾਂ ਵਿੱਚ ਜਿੱਥੇ ਪਾਰਟੀ ਦੀ ਮਜਬੂਤੀ ਲਈ ਆਗੂਆਂ ਤੇ ਵਰਕਰਾਂ ਨਾਲ ਵਿਚਾਰ ਸਾਂਝੇ ਕੀਤੇ ਜਾ ਰਹੇ ਹਨ ਉੱਥੇ ਹੀ ਸਥਾਨਕ ਮੁੱਦਿਆਂ ਅਤੇ ਲੋਕਾਂ ਦੀਆਂ ਜਰੂਰਤਾਂ ਸਬੰਧੀ ਵੀ ਖੁੱਲ੍ਹ ਕੇ ਵਿਚਾਰ ਕੀਤੇ ਜਾ ਰਹੇ ਹਨ। ਇਹਨਾਂ ਮੀਡੀਆ ਵਿੱਚ ਜੁੜੇ ਪਿੰਡ ਪੱਧਰ ਦੇ ਆਗੂਆਂ ਅਤੇ ਵਰਕਰਾਂ ਨੇ ਦੱਸਿਆ ਕਿ ਪਿੰਡਾਂ ਦੇ ਲੋਕ ਮੌਜੂਦਾ ਸਰਕਾਰ ਤੋਂ ਬੁਰੀ ਤਰ੍ਹਾਂ ਅੱਕੇ ਤੇ ਸਤਾਏ ਹੋਏ ਹਨ, ਅਤੇ ਸਮੇਂ-ਸਮੇਂ ਤੇ ਪੰਜਾਬ ਵਿੱਚ ਆਈ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਸਰਕਾਰ ਵੇਲੇ ਕੀਤੇ ਗਏ ਕੰਮਾਂ ਨੂੰ ਯਾਦ ਕਰ ਰਹੇ ਹਨ।

ਇਸ ਮੌਕੇ ਸੀਨੀਅਰ ਆਗੂ ਸੱਬੀ ਉਰਨਾਂ ਨੇ ਵੀ ਮੀਟਿੰਗਾਂ ਨੂੰ ਸੰਬੋਧਨ ਕੀਤਾ ਅਤੇ ਅੱਜ ਤੋਂ ਹੀ ਡੱਟ ਕੇ ਪਾਰਟੀ ਦੀ ਮਜਬੂਤੀ ਲਈ ਕੰਮ ਕਰਨ ਲਈ ਨੌਜਵਾਨਾਂ ਨੂੰ ਪ੍ਰੇਰਿਤ ਕੀਤਾ। ਇਹਨਾਂ ਮੀਟਿੰਗਾਂ ਵਿੱਚ ਬੁਰਜ ਪਵਾਤ ਤੋਂ ਅਵਤਾਰ ਸਿੰਘ, ਸਤਵੰਤ ਸਿੰਘ, ਕੇਵਲ ਸਿੰਘ, ਗੁਰਦੇਵ ਸਿੰਘ ਮੌਜੂਦ ਸਨ।

ਪਾਠਕਾਂ ਦੀ ਕਲਮ ਤੋਂ

ਹਵਾ ਪ੍ਰਦੂਸ਼ਣ ਇਕ ਵਾਰ ਫਿਰ ਗੰਭੀਰ ਚਿੰਤਾ ਦਾ ਵਿਸ਼ਾ ਹੈ

ਵਿਜੈ ਗਰਗ
ਸਾਬਕਾ ਪੀ.ਈ. ਐਸ.-1

ਦਿੱਲੀ ਅਤੇ ਆਲੇ ਦੁਆਲੇ ਦੇ ਇਲਾਕਿਆਂ ਵਿੱਚ ਵਧ ਰਿਹਾ ਹਵਾ ਪ੍ਰਦੂਸ਼ਣ ਇੱਕ ਵਾਰ ਫਿਰ ਗੰਭੀਰ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼, ਰਾਜਸਥਾਨ, ਮੱਧ ਪ੍ਰਦੇਸ਼ ਆਦਿ ਸੂਬਿਆਂ ਦੇ ਕਿਸਾਨ ਖੇਤਾਂ ਵਿੱਚ ਪਰਾਲੀ ਸਾੜ ਰਹੇ ਹਨ। ਇਸ ਦਾ ਸਿੱਧਾ ਅਸਰ ਦਿੱਲੀ ਦੀ ਹਵਾ @ਤੇ ਪੈ ਰਿਹਾ ਹੈ। ਹਾਲਾਂਕਿ ਪਿਛਲੇ ਸਾਲ ਦੇ ਮੁਕਾਬਲੇ ਇਸ ਵਾਰ ਘੱਟ ਪਰਾਲੀ ਸਾੜਨ ਦਾ ਦਾਅਵਾ ਕੀਤਾ ਜਾ ਰਿਹਾ ਹੈ, ਪਰ ਪਿਛਲੇ ਕੁਝ ਦਿਨਾਂ ਵਿੱਚ ਤੇਜ਼ ਹਵਾ ਦੇ ਮੱਦੇਨਜ਼ਰ, ਪਰਾਲੀ ਸਾੜਨ @ਤੇ ਤੁਰੰਤ ਰੋਕ ਲਗਾਉਣ ਦੀ ਜ਼ਰੂਰਤ ਮਹਿਸੂਸ ਕੀਤੀ ਜਾ ਰਹੀ ਹੈ।

ਦਿੱਲੀ ਅਤੇ ਇਸਦੇ ਨਾਲ ਲੱਗਦੇ ਇਲਾਕਿਆਂ ਦਾ ਹਵਾ ਗੁਣਵੱਤਾ ਸੂਚਕ ਅੰਕ ਹੁਣ ਤੋਂ ਗਰੀਬ ਵਰਗ ਦੇ ਲਈ ਹੇਠਾਂ ਆ ਗਿਆ ਹੈ. ਜੇ ਪਰਾਲੀ ਦਾ ਧੂੰਆਂ ਇਸੇ ਤਰ੍ਹਾਂ ਜਾਰੀ ਰਿਹਾ, ਤਾਂ ਕੁਝ ਦਿਨਾਂ ਵਿੱਚ ਹਵਾ ਦੀ ਗੁਣਵੱਤਾ ਨੂੰ ਬਹੁਤ ਮਾੜੀ ਸ਼੍ਰੇਣੀ ਤੱਕ ਪਹੁੰਚਣ ਤੋਂ ਕੋਈ ਨਹੀਂ ਰੋਕ ਸਕੇਗਾ ਅਤੇ ਰਾਜਧਾਨੀ ਸਮੇਤ ਆਲੇ ਦੁਆਲੇ ਦੇ ਇਲਾਕਿਆਂ ਵਿੱਚ ਸਥਿਤੀ ਹਰ ਸਾਲ ਦੀ ਤਰ੍ਹਾਂ ਭਿਆਨਕ ਹੋ ਜਾਵੇਗੀ। ਭਾਰਤੀ ਖੇਤੀ ਖੋਜ ਪ੍ਰੀਸ਼ਦ ਦੇ ਅੰਕੜੇ ਦੱਸ ਰਹੇ ਹਨ ਕਿ ਇਸ ਵਾਰ ਪਰਾਲੀ ਸਾੜਨ ਦੇ ਚਾਰ ਸੌ ਸੱਤ ਮਾਮਲੇ ਰਾਜਾਂ ਵਿੱਚ ਦਰਜ ਕੀਤੇ ਗਏ ਹਨ ਅਤੇ ਇਸ ਵਿੱਚੋਂ ਦੋ ਸੌਉਨੱਤੀ ਤੋਂ ਵੱਧ ਮਾਮਲੇ ਇਕੱਲੇ ਪੰਜਾਬ ਦੇ ਹਨ।

ਹਾਲਾਂਕਿ, ਦਿੱਲੀ ਸਰਕਾਰ ਪ੍ਰਦੂਸ਼ਣ ਨੂੰ ਲੈ ਕੇ ਬਹੁਤ ਸੁਚੇਤ ਹੈ। ਇਸਦੇ ਲਈ, ਉਸਨੇ ਪਹਿਲਾਂ ਹੀ ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼ ਆਦਿ ਰਾਜਾਂ ਨੂੰ ਅਜਿਹੇ ਉਪਾਅ ਕਰਨ ਲਈ ਲਿਖਿਆ ਸੀ, ਤਾਂ ਜੋ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ। ਪਰ ਅਜਿਹਾ ਨਹੀਂ ਲਗਦਾ ਕਿ ਸਰਕਾਰਾਂ ਇਸ ਪ੍ਰਤੀ ਗੰਭੀਰ ਹਨ। ਪਰਾਲੀ ਸਾੜਨ ਦੇ ਮੁੱਦੇ @ਤੇ ਜੇਕਰ ਰਾਜ ਸਰਕਾਰਾਂ ਕੁਝ ਕਾਰਵਾਈਆਂ ਵਿੱਚ ਆਈਆਂ ਹਨ, ਤਾਂ ਵੀ ਇਹ ਸੁਪਰੀਮ ਕੋਰਟ ਦੀ ਸਖਤੀ ਕਾਰਨ ਹੀ ਹੋਇਆ ਹੈ।

ਹੈਰਾਨੀ ਦੀ ਗੱਲ ਹੈ ਕਿ ਪੰਜਾਬ ਅਤੇ ਹਰਿਆਣਾ ਵਰਗੇ ਰਾਜ ਪਿਛਲੇ ਕਈ ਸਾਲਾਂ ਤੋਂ ਕਿਸਾਨਾਂ ਨੂੰ ਪਰਾਲੀ ਸਾੜਨ ਤੋਂ ਰੋਕਣ ਲਈ ਠੋਸ ਕਦਮ ਚੁੱਕਣ ਵਿੱਚ ਅਸਫਲ ਰਹੇ ਹਨ। ਖੇਤ ਵਿੱਚ ਪਰਾਲੀ ਨੂੰ ਨਸ਼ਟ ਕਰਨ ਲਈ, ਡੀ-ਕੰਪੋਜ਼ਰ ਵਰਗੇ ਰਸਾਇਣ ਵੀ ਕਿਸਾਨਾਂ ਨੂੰ ਮੁਹੱਈਆ ਨਹੀਂ ਕਰਵਾਏ ਗਏ ਹਨ। ਅਜਿਹੇ ਕਿਸਾਨ ਕੋਲ ਪਰਾਲੀ ਸਾੜਨ ਤੋਂ ਇਲਾਵਾ ਕੋਈ ਚਾਰਾ ਨਹੀਂ ਬਚਦਾ। ਪਰਾਲੀ ਸਾੜਨ @ਤੇ ਜੁਰਮਾਨਾ ਲਗਾਉਣਾ ਸਮੱਸਿਆ ਦਾ ਹੱਲ ਨਹੀਂ ਹੈ। ਇਸ ਦੀ ਬਜਾਏ, ਉਨ੍ਹਾਂ ਨੂੰ ਵਿਕਲਪ ਮੁਹੱਈਆ ਕਰਾਉਣ ਦੀ ਜ਼ਰੂਰਤ ਹੈ ਤਾਂ ਜੋ ਉਹ ਪਰਾਲੀ ਨੂੰ ਸਾੜਨ ਲਈ ਮਜਬੂਰ ਨਾ ਹੋਣ.

ਦਿੱਲੀ ਸਮੇਤ ਰਾਸ਼ਟਰੀ ਰਾਜਧਾਨੀ ਖੇਤਰ ਵਿੱਚ, ਇਮਾਰਤ ਨਾਲ ਜੁੜੀਆਂ ਗਤੀਵਿਧੀਆਂ ਦੀ ਧੂੜ ਵੀ ਹਵਾ ਖਰਾਬ ਕਰਨ ਦਾ ਇੱਕ ਵੱਡਾ ਕਾਰਨ ਰਹੀ ਹੈ। ਸਰਕਾਰਾਂ ਵੱਲੋਂ ਭਾਵੇਂ ਕਿੰਨੇ ਵੀ ਸਖਤ ਨਿਯਮ ਬਣਾਏ ਜਾਣ, ਉਨ੍ਹਾਂ ਨੂੰ ਲਾਗੂ ਕਰਨਾ ਕਿਸੇ ਚੁਣੌਤੀ ਤੋਂ ਘੱਟ ਨਹੀਂ ਹੈ। ਨਿਰਮਾਣ ਗਤੀਵਿਧੀਆਂ @ਤੇ ਨਜ਼ਰ ਰੱਖਣ ਲਈ ਦਿੱਲੀ ਸਰਕਾਰ ਨੇ ਧੂੜ ਵਿਰੋਧੀ ਮੁਹਿੰਮ ਵੀ ਚਲਾਈ ਹੈ। ਜਾਂਚ ਟੀਮਾਂ ਨਿਰਮਾਣ ਸਥਾਨਾਂ ਦਾ ਦੌਰਾ ਕਰ ਰਹੀਆਂ ਹਨ ਅਤੇ ਧੂੜ ਉਡਾਉਣ ਵਾਲਿਆਂ ਦੇ ਵਿਰੁੱਧ ਜੁਰਮਾਨਾ ਵੀ ਲਗਾ ਰਹੀਆਂ ਹਨ. ਪਰ ਸਮੱਸਿਆ ਨਿਯਮਾਂ ਦੀ ਪਾਲਣਾ ਕਰਨ ਵਿੱਚ ਲੋਕਾਂ ਦੀ ਉਦਾਸੀਨਤਾ ਹੈ.

ਇਸੇ ਤਰ੍ਹਾਂ ਪੁਰਾਣੇ ਵਾਹਨ ਵੀ ਹਵਾ ਪ੍ਰਦੂਸ਼ਣ ਫੈਲਾ ਰਹੇ ਹਨ। ਦਿੱਲੀ ਵਿੱਚ ਹੀ ਅਜਿਹੇ ਵਾਹਨਾਂ ਦੀ ਗਿਣਤੀ ਲੱਖਾਂ ਵਿੱਚ ਹੈ। ਅਜਿਹੇ ਵਾਹਨਾਂ ਦੀ ਰਜਿਸਟਰੇਸ਼ਨ ਰੱਦ ਹੋਣ ਤੋਂ ਬਾਅਦ ਵੀ ਉਹ ਸੜਕਾਂ @ਤੇ ਚੱਲ ਰਹੇ ਹਨ. ਸਰਕਾਰ ਦੇ ਸਾਹਮਣੇ ਵੱਡੀ ਅਤੇ ਵਿਵਹਾਰਕ ਸਮੱਸਿਆ ਇਹ ਹੈ ਕਿ ਇੰਨੇ ਵਾਹਨਾਂ ਨੂੰ ਕਿਵੇਂ ਜ਼ਬਤ ਕੀਤਾ ਜਾਵੇ ਅਤੇ ਇਸ ਨੂੰ ਕਿਥੇ ਜਮ੍ਹਾਂ ਕੀਤਾ ਜਾਵੇ। ਜੇ ਪ੍ਰਦੂਸ਼ਣ ਨਾਲ ਨਜਿੱਠਣ ਵਿੱਚ ਜਨਤਾ ਮਦਦਗਾਰ ਨਹੀਂ ਹੋਵੇਗੀ, ਤਾਂ ਇਕੱਲੀ ਸਰਕਾਰ ਕੀ ਕਰ ਸਕੇਗੀ? ਜੇਕਰ ਅਸੀਂ ਇਸ ਸਮੱਸਿਆ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਾਂ ਤਾਂ ਸਰਕਾਰ ਦੇ ਨਾਲ -ਨਾਲ ਜਨਤਾ ਨੂੰ ਵੀ ਆਪਣੀ ਜ਼ਿੰਮੇਵਾਰੀ ਸਮਝਣੀ ਅਤੇ ਨਿਭਾਉਣੀ ਪਵੇਗੀ।

ਤਰਕਸ਼ੀਲਾਂ ਨੇ ਅਖੌਤੀ ਸਿਆਣੇ ਦੁਆਰਾ ਦੋ ਪਰਿਵਾਰਾਂ ਵਿੱਚ ਪਾਈ ਕੁੜੱਤਣ ਦੂਰ ਕੀਤੀ

ਤਰਕਸ਼ੀਲ ਸੁਸਾਇਟੀ ਪੰਜਾਬ ਦੇ ਕਾਰਕੁੰਨ ਹਰ ਉਸ ਘਟਨਾ ਲਈ ਲੋਕਾਂ ਨੂੰ ਵਿਗਿਆਨਕ ਦ੍ਰਿਸ਼ਟੀ ਅਪਨਾਉਣ ਲਈ ਕਹਿੰਦੇ ਹਨ ਜਿਥੇ ਉਨ੍ਹਾ ਨੂੰ ਗੈਰਵਿਗਿਅਨਕ ਗੱਲਾਂ ਦਾ ਪਰਭਾਵ ਪੈਂਦਾ ਨਜ਼ਰ ਆਉਂਦਾ ਹੈ।ਬਹੁਤੇ ਲੋਕਾਂ ਦੀ ਸੋਚ ਅੰਧਵਿਸ਼ਵਾਸ਼ੀ ਅਤੇ ਪਿਛਾਂਹਖਿਚੂ ਹੋਣ ਕਰਕੇ ਉਹ ਹਰ ਰਹੱਸਮਈ ਤੇ ਗੈਰਵਿਗਿਅਨਕ ਘਟਨਾ ਦੇ ਹਲ ਲਈ ਪੁੱਛਾਂ ਦੇਣ ਵਾਲਿਆਂ ਮਗਰ ਤੁਰੇ ਰਹਿੰਦੇ ਹਨ।
ਜੇ ਕਿਸੇ ਔਰਤ ਦੇ ਬੱਚਾ ਨਹੀਂ ਹੁੰਦਾ ਤਾਂ ਉਹ ਡਾਕਟਰੀ ਇਲਾਜ ਕਰਵਾਉਣ ਦੀ ਥਾਂ ਬੱਚਾ ਪਰਾਪਤੀ ਲਈ ਜੋਤਸ਼ੀਆਂ,ਤਾਂਤਰਿਕਾਂ ,ਬਾਬਿਆਂ ਜਾਂ ਅਖੌਤੀ ਸਿਆਣਿਆਂ ਕੋਲ ਆਰਥਿਕ, ਮਾਨਸਿਕ ਲੁੱਟ ਕਰਾਂਦੇ ਰਹਿੰਦੇ ਹਨ,ਜੇ ਕਿਸੇ ਦੇ ਕੁੜੀਆਂ ਹੀ ਹੋਈ ਜਾਂਦੀਆਂ ਹਨ ਤਾਂ ਉਹ ਪਰਿਵਾਰ ਉਪਰ ਵਾਲੇ ਦੀ ਕਰੋਪੀ ਸਮਝ ਕੇ ਜੋਤਸ਼ੀਆਂ ਪਾਸੋਂ ਉਪਾਅ ਕਰਵਾਉਂਦੇ ਹਨ,ਜੇ ਕਿਸੇ ਦਾ ਅਦਾਲਤ ਵਿਚ ਕੇਸ ਚਲਦਾ ਹੈ ਤਾਂ ਉਹ ਫੈਸਲਾ ਅਪਣੇ ਹੱਕ ਵਿੱਚ ਕਰਵਾਉਣ ਲਈ ਇਨ੍ਹਾਂ ਦੇ ਭਰਮ ਜਾਲ ਵਿੱਚ ਫਸਿਆ ਰਹਿੰਦਾ ਹੈ,ਜੇ ਕਿਸੇ ਦਾ ਬੱਚਾ ਪੜ੍ਹਾਈ ਵਿੱਚ ਨਹੀਂ ਚਲਦਾ ਤਾਂ ਉਸ ਨੂੰ ਪੜ੍ਹਾਈ ਵਿੱਚ ਵਧੀਆ ਬਣਾਉਣ ਲਈ ਤਾਂਤਰਿਕਾਂ ਦੇ ਮੱਕੜ ਜਾਲ ਵਿਚ ਫਸ ਜਾਂਦਾ ਹੈ ਜੇ ਕਿਸੇ ਨੂੰ ਨੌਕਰੀ ਨਹੀਂ ਮਿਲਦੀ ਤਾਂ ਉਹ ਵੀ ਜੋਤਸ਼ੀਆਂ ਨੂੰ ਟੇਵਾ ਦਿਖਾਉਂਦਾ ਤੇ ਲਵਾਉਂਦਾ ਫਿਰਦਾ ਹੈ।ਭਾਵ ਭਰਮੀ ਕਮਜ਼ੋਰ ਮਾਨਸਿਕਤਾ ਵਾਲਾ ਵਿਅਕਤੀ ਹਰ ਔਕੜ, ਮੁਸੀਬਤ, ਸਮੱਸਿਆ ਦਾ ਹਲ ਆਪਣੇ ਦਿਮਾਗ @ਚੋਂ ਕੱਢਣ ਦੀ ਥਾਂ ਇਨ੍ਹਾਂ ਅਖੌਤੀ ਸਿਆਣਿਆਂ ,ਪਰਜੀਵੀਆਂ ਦੇ ਜਾਲਵਿੱਚ ਪੈ ਕੇ ਹਰ ਪੱਖੋਂ ਹਰ ਪਾਸਿਓਂ ਹਰ ਪੱਧਰੀ ਲੁੱਟ ਕਰਵਾਉਂਦਾ ਫਿਰਦਾ ਹੈ।ਇਹ ਪਰਜੀਵੀ ਇਨ੍ਹਾਂ ਨੂੰ ਭਰਮਾਊ ਮਿੱਠੀਆਂ ਗੱਲਾਂ ਰਾਹੀਂ ਆਪਣੇ ਲੁਭਾਵਣੇ ਲਾਰਿਆਂ ਵਿੱਚ ਫਸਾ ਕੇ ਝੂਠੇ ਸਬਜ਼ਬਾਗ ਦਿਖਾ ਕੇ ਖੂਬ ਲੁੱਟਦੇ ਹਨ।ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਕੋਲ ਇਨ੍ਹਾਂ ਅਖੌਤੀ ਸਿਆਣਿਆਂ ਦੀ ਲੁੱਟ ਦਾ ਸ਼ਿਕਾਰ ਹੋਏ ਗੁੰਮਰਾਹ ਕੀਤੇ ਲੋਕਾਂ ਦੇ ਬਹੁਤ ਸਾਰੇ ਕੇਸ ਆਉਂਦੇ ਰਹਿੰਦੇ ਹਨ।
ਕੁੱਝ ਸਮਾਂ ਪਹਿਲਾਂ ਦੀ ਗੱਲ ਹੈ ਸੰਗਰੂਰ ਲਾਗਲੇ ਇਕ ਪਿੰਡ ਦੇ ਇਕ ਘਰੋਂ ਕੁਝ ਨਗਦੀ ਚੋਰੀ ਹੋ ਗਈ, ਘਰ ਦੇ ਮੈਂਬਰ ਬਾਹਰ ਕਿਤੇ ਰਿਸ਼ਤੇਦਾਰੀ ਵਿੱਚ ਗਏ ਹੋਏ ਸਨ।ਲੋਕਾਂ ਵਿੱਚ ਜਿਵੇਂ ਆਮ ਧਾਰਨਾ ਹੈ ਕਿ ÷ਸਿਆਣੇ ÷ਤੋਂ ਪੁੱਛ ਪੁਆ ਲਿਆਵੋ ਤਾਂ ਜੋ ਚੋਰ ਬਾਰੇ ਪਤਾ ਲਗ ਸਕੇ।ਨੁਕਸਾਨ ਗ੍ਰੱਸਤ ਪਰਿਵਾਰ ਦੇ ਮੈਂਬਰ ਵੀ ਅੰਧਵਿਸ਼ਵਾਸ਼ੀ ਹੋਣ ਕਰਕੇ ਚੋਰੀ ਦੀ ਪੁੱਛ ਪੁਆਉਣ ਲਈ ਕਿਸੇ ਦੂਸਰੇ ਪਿੰਡ ਦੇ ਇਕ ਅਖੌਤੀ ਸਿਆਣੇ ਕੋਲ ਚਲੇ ਗਏ।ਉਸ ਨੇ ਕਿਹਾ,÷ ਤੁਹਾਡੇ ਪੈਸੇ ਤੁਹਾਡੇ ਨਾਲ ਲਗਦੀ ਗੁਆਂਢਣ ਨੇ ਚੋਰੀ ਕਰਕੇ ਆਪਣੀ ਪੇਟੀ ਵਿੱਚ ਰੱਖੇ ਹੋਏ ਹਨ।ਪੇਟੀ ਵਿੱਚ ਦਰੀਆਂ ਹਨ,ਦਰੀਆਂ ਵਿੱਚ ਪੱਗਾਂ ਤੇ ਪੱਗਾਂ ਵਿੱਚ ਪੈਸੇ ਰੱਖੇ ਹੋਏ ਨੇ।÷
ਅਖੌਤੀ ਸਿਆਣੇ ਦੀ ਪੁੱਛ ਨਾਲ ਭਰੇ ਪੀਤੇ ਉਨ੍ਹਾਂ ਨੇ ਆਪਣੇ ਰਿਸ਼ਤੇਦਾਰ ਗੁਆਂਢੀ ਨੂੰ ਆ ਕੇ ਕਿਹਾ,÷ ਸਾਡੇ ਪੈਸੇ ਤੇਰੀ ਘਰਵਾਲੀ ਨੇ ਚੋਰੀ ਕਰਕੇ ਆਪਣੀ ਪੇਟੀ ਵਿਚ ਰੱਖੇ ਹੋਏ ਨੇ ।÷ ਇਹ ਗੱਲ ਸੁਣ ਕੇ ਗੁਆਂਢੀ ਵੀ ਭੜਕ ਉੱਠਿਆ ਅਤੇ ਕਿਹਾ ,÷ਆਓ ਹੁਣੇ ਘਰ ਚੱਲ ਕੇ ਪੇਟੀ ਖੋਲ੍ਹਦੇ ਹਾਂ।÷ ਪੇਟੀ ਖੋਲ੍ਹੀ ਗਈ, ਉਸ ਵਿੱਚ ਨਾ ਹੀ ਦਰੀਆਂ ਸਨ ,ਨਾ ਹੀ ਪੱਗਾਂ ਤੇ ਨਾ ਹੀ ਪੈਸੇ। ਇਹ ਸਭ ਦੇਖ ਕੇ ਨੁਕਸਾਨ ਗ੍ਰਸਤ ਪਰਿਵਾਰ ਦਾ ਮੁਖੀ ਬੜਾ ਸ਼ਰਮਸਾਰ ਹੋਇਆ। ਉਸ ਨੇ ਕਿਹਾ ਕਿ ਸਾਨੂੰ ਤਾਂ ਇੱਕ ਸਿਆਣੇ ਨੇ ਦੱਸਿਆ ਸੀ ਕਿ ਤੇਰੇ ਨਾਲ ਲੱਗਦੇ ਘਰ ਦੀ ਔਰਤ ਨੇ ਚੋਰੀ ਕਰਕੇ ਪੇਟੀ ਵਿੱਚ ਰੱਖੇ ਹੋਏ ਨੇ।ਦੋਵੇਂ ਪਰਿਵਾਰ ਮੇਰੇ ਕੋਲ ਸੰਗਰੂਰ ਆਏ ਤੇ ਮੈਂ ਉਨਾਂ ਦੀ ਸਾਰੀ ਗਲ ਸੁਨਣ ਤੋਂ ਬਾਅਦ ਉਨ੍ਹਾਂ ਨੂੰ ਇਕ ਵਾਰੀ ਫਿਰ ਅਖੌਤੀ ਸਿਆਣੇ ਕੋਲ ਜਾ ਕੇ ਸਾਰੀ ਘਟਨਾ ਬਿਆਨਣ ਦੀ ਸਲਾਹ ਦਿੱਤੀ। ਕੁਝ ਨੁਕਤੇ ਵੀ ਸਮਝਾਏ ਗਏ।ਦੋਹਾਂ ਪਰਿਵਾਰਾਂ ਦੇ ਮੈਂਬਰ ਅਤੇ ਪਿੰਡ ਦੇ ਕੁਝ ਵਿਅਕਤੀਆਂ ਨੇ ਅਖੌਤੀ ਸਿਆਣੇ ਨੂੰ ਕਿਹਾ ,÷ਤੇਰੀ ਦੱਸੀ ਸਾਰੀ ਪੁੱਛ ਝੂਠ ਨਿਕਲੀ ਹੈ ।ਪੇਟੀ ਵਿਚ ਨਾ ਤਾਂ ਦਰੀਆਂ ਤੇ ਨਾ ਹੀ ਪੱਗਾਂ ਅਤੇ ਨਾ ਹੀ ਪੈਸੇ, ਤੂੰ ਝੂਠੀਆਂ ਗੱਲਾਂ ਦੱਸ ਕੇ ਸਾਡੇ ਪਰਿਵਾਰਾਂ ਵਿੱਚ ਵਿਰੋਧ ਖੜ੍ਹਾ ਕੀਤਾ ਹੈ।÷ ਆਪਣੀ ਗਲਤੀ ਮੰਨਣ ਦੀ ਥਾਂ ਤਾਂਤਰਿਕ ਨੇ ਕਿਹਾ,÷ ਤੁਸੀਂ ਮੇਰੇ ਕਹੇ ਬਿਨਾਂ ਪੇਟੀ ਕਿਉਂ ਖੋਲ੍ਹੀ।÷ ਘਰ ਦੇ ਗੁੱਸੇ ਨਾਲ ਭਰੇ ਪੀਤੇ ਮੈਂਬਰਾਂ ਨੇ ਕਿਹਾ ,÷ਹੋਰ ਅਸੀਂ ਕੀ ਕਰਦੇ ? ਤੂੰ ਕਿਹਾ ਸੀ ,ਪੈਸੇ ਤੁਹਾਡੀ ਗੁਆਂਢਣ ਨੇ ਚੋਰੀ ਕਰਕੇ ਪੇਟੀ ਵਿੱਚ ਰੱਖੇ ਹੋਏ ਹਨ। ਪੈਸੇ ਪੇਟੀ ਵਿੱਚੋਂ ਆਪਣੇ ਆਪ ਬਾਹਰ ਆ ਕੇ ਸਾਨੂੰ ਮਿਲਦੇ।÷ ਅਖੌਤੀ ਸਿਆਣਾ ਹੁਣ ਨਿਰਉੱਤਰ ਹੋ ਚੁੱਕਾ ਸੀ । ਇਸ ਘਟਨਾ ਤੋਂ ਬਾਅਦ ਦੁਖੀ ਤੇ ਦੁਬਿਧਾ ਵਿਚ ਪਏ ਪਰਿਵਾਰਕ ਮੈਂਬਰ ਦੁਬਾਰਾ ਤਰਕਸ਼ੀਲ ਸੁਸਾਇਟੀ ਪੰਜਾਬ ਦੀ ਇਕਾਈ ਸੰਗਰੂਰ ਕੋਲ ਆਏ ।ਉਨ੍ਹਾਂ ਦੀ ਸਾਰੀ ਗੱਲ ਸੁਣਨ ਤੋਂ ਬਾਅਦ ਅਸੀਂ ਲੈਕਚਰਾਰ ਕਰਿਸ਼ਨ ਸਿੰਘ ,ਗੁਰਦੀਪ ਸਿੰਘ ਲਹਿਰਾ ਤੇ ਮੈਂ ਕਿਹਾ
,÷ਇਨ੍ਹਾਂ ਅਖੌਤੀ ਸਿਆਣਿਆਂ, ਬਾਬਿਆਂ ਕੋਲ ਕੋਈ ਸ਼ਕਤੀ ਨਹੀਂ, ਜਿਸ ਜ਼ਰੀਏ ਕਿਸੇ ਦੀ ਗੁੰਮ ਹੋਈ ਚੀਜ਼ ਲੱਭ ਸਕਣ ਜਾਂ ਕਿਸੇ ਸਮੱਸਿਆ ਦਾ ਹੱਲ ਕਰ ਸਕਣ। ਜਦੋਂ ਇਨ੍ਹਾਂ ਦੇ ਘਰ ਚੋਰੀ ਹੁੰਦੀ ਹੈ ਇਹ ਪੁਲੀਸ ਕੋਲ ਜਾਂਦੇ ਨੇ, ਜਦੋਂ ਬੀਮਾਰੀ ਆਉਂਦੀ ਹੈ ਤਾਂ ਇਹ ਡਾਕਟਰ ਕੋਲ ਜਾਂਦੇ ਨੇ, ਕਚਹਿਰੀ ਵਿੱਚ ਕੇਸ ਚਲਦਾ ਹੋਵੇ ਤਾਂ ਵਕੀਲਾਂ ਕੋਲ ਜਾਂਦੇ ਨੇ ।ਇਨ੍ਹਾਂ ਦੇ ਘਰਾਂ ਵਿੱਚ ਵੀ ਆਮ ਲੋਕਾਂ ਵਾਂਗ ਵਰਤਾਰੇ ਵਾਪਰਦੇ ਹਨ ।ਇਹ ਤੁਹਾਡੀ ਵਿਗਾੜ ਕੇ ਆਪਣੀ ਸੰਵਾਰਦੇ ਨੇ।÷ ਉਨ੍ਹਾਂ ਨੂੰ ਸਮਝਾਇਆ ਗਿਆ ਕਿ ਪਹਿਲਾਂ ਤੁਸੀਂ ਬਹੁਤ ਗਲਤ ਪਾਸੇ ਤੁਰ ਪਏ ,ਅਖੌਤੀ ਸਿਆਣੇ ਨੇ ਸੋਨੂ ਲੜਾਉਣ ਦੀ ਕੋਸ਼ਿਸ਼ ਕੀਤੀ ਪਲ ਤੁਹਾਡਾ ਬਚਾਅ ਹੋ ਗਿਆ ,
ਜਿਸ ਪਰਿਵਾਰ ਤੇ ਚੋਰੀ ਦਾ ਇਲਜ਼ਾਮ ਲੱਗਿਆ ਹੈ, ਉਸ ਦਾ ਨਾਂ ਲਾਉਣ ਵਾਲੇ ਨੂੰ ਆਪਣੀ ਗਲਤੀ ਮਹਿਸੂਸ ਕਰਨੀ ਚਾਹੀਦੀ ਹੈ ,ਤਾਂ ਕਿ ਉਸ ਦੇ ਮਨ ਤੇ ਲੱਗੀ ਝੂਠੇ ਦੋਸ਼ਾਂ ਦੀ ਅੱਗ ਬੁਝਾਉਣ ਲਈ ਸਹਾਇਤਾ ਮਿਲ ਸਕੇ, ਜ਼ਖ਼ਮਾਂ ਤੇ ਕੁਝ ਮੱਲ੍ਹਮ ਲੱਗੇ।
ਦੂਜਾ ਪਰਿਵਾਰ ਇਹ ਮਹਿਸੂਸ ਕਰੇ ਕਿ ਇਹ ਸਭ ਕੁਝ ਲਾਈਲੱਗਤਾ ਤੇ ਅੰਧ ਵਿਸਵਾਸ਼ਾਂ ਦੀ ਦੇਣ ਹੈ ,ਜਾਣਬੁੱਝ ਕੇ ਨਾਂ ਨਹੀਂ ਧਰਿਆ।ਤੁਹਾਨੂੰ ਇਸ ਘਟਨਾ ਤੋਂ ਸਿੱਖਿਆ ਲੈਣੀ ਚਾਹੀਦੀ ਹੈ ਕਿ ਇਨ੍ਹਾਂ ਪਰਜੀਵੀਆਂ ,ਢੌਂਗੀਆਂ ਕੋਲ ਸਾਡੇ ਮਨਾਂ ਵਿੱਚ ਵੈਰ ਵਿਰੋਧ ਪਾਉਣ ,ਗੁੰਮਰਾਹ ਕਰਨ ਦੇ ਨਾਲ ਸਾਡੀ ਲੁੱਟ ਕਰਨ ਤੋਂ ਬਿਨਾਂ ਇਨ੍ਹਾਂ ਪੱਲੇ ਕੁਝ ਨਹੀਂ। ਉਹ ਚੋਰੀ ਦੀ ਘਟਨਾ ਸਮੇਂ ਤੀਰ ਤੁੱਕੇ ਨਾਲ ਤੁਹਾਡੇ ਮਨਾਂ ਵਿੱਚ ਚੋਰ ਦੀ ਸ਼ਕਲ ਬਿਠਾਉਂਦੇ ਨੇ। ਤੁਸੀਂ ਸਮਝਦੇ ਹੋ ਕਿ ਇਹ ਸੱਚ ਦੱਸ ਰਹੇ ਨੇ ।ਤੁਸੀਂ ਚੰਗੇ ਰਹੇ ,ਇਕਦਮ ਪੇਟੀ ਦੀ ਤਲਾਸ਼ੀ ਲੈ ਲਈ ਜੇ ਉਸੇ ਸਮੇਂ ਪੇਟੀ ਦੀ ਤਲਾਸ਼ੀ ਨਾ ਲਈ ਹੁੰਦੀ ਤਾਂ ਤੁਸੀਂ ਸੋਚਦੇ ਸਮਾਨ ਇਧਰ ਉਧਰ ਕਰ ਦਿੱਤਾ।

ਤੁਹਾਡੇ ਮਨ ਵਿੱਚ ਸ਼ੱਕ ਪੱਕਾ ਹੋ ਜਾਂਦਾ।ਅਖੌਤੀ ਸਿਆਣਾ ਤੁਹਾਡੇ ਮਨਾਂ ਵਿੱਚ ਵੈਰ ਵਿਰੋਧ ਪਾਉਣ ਤੇ ਲੁੱਟ ਕਰਨ ਵਿੱਚ ਕਾਮਯਾਬ ਹੋ ਜਾਂਦਾ ।ਤੁਸੀਂ ਅਖੌਤੀ ਸਿਆਣੇ ਦਾ ਝੂਠ ਫੜ/ ਜਾਣ ਲਿਆ ਹੈ। ਭਾਵੇਂ ਤਰਕਸ਼ੀਲ ਕਾਰਕੁੰਨ ਇਨ੍ਹਾਂ ਸਬਜ਼ਬਾਗ ਦਿਖਾਉਣ ਵਾਲਿਆਂ , ਭਰਮ ਜਾਲ ਵਿੱਚ ਫਸਾਉਣ ਵਾਲਿਆਂ ਦੇ ਲੁਭਾਉਣੇ ਲਾਰਿਆਂ ਵਿੱਚ ਨਾ ਫਸਣ ਲਈ ਕਾਫੀ ਲੰਮੇ ਸਮੇਂ ਤੋਂ ਲੋਕਾਂ ਨੂੰ ਚੇਤੰਨ ਕਰਦੇ ਆ ਰਹੇ ਹਨ।ਤਰਕਸ਼ੀਲਾਂ ਵਲੋਂ ਲੋਕਾਂ ਦਾ ਨਜ਼ਰੀਆ ਵਿਗਿਆਨਕ ਬਣਾਉਣ ਲਈ ਯਤਨ ਕੀਤੇ ਜਾ ਰਹੇ ਹਨ ਤੇ ਸੱਚ ਝੂਠ ਪਛਾਨਣ ਦਾ ਹੋਕਾ ਦਿੰਦੇ ਆ ਰਹੇ ਹਨ,ਫਿਰ ਵੀ ਲੋਕ ਵਿਗਿਆਨਕ ਵਿਚਾਰਾਂ ਪ੍ਰਤੀ ਜਾਗਰੂਕ ਨਹੀਂ ਹੋ ਰਹੇ।ਤੁਹਾਡੇ ਨਾਲ ਬੀਤੀ ਘਟਨਾ ਇਹਨਾਂ ਅਖੌਤੀ ਸਿਆਣਿਆ ਦੇ ਖੋਖਲੇਪਣ ਦਾ ਪਰਦਾਫਾਸ਼ ਕਰਦੀ ਹੈ, ਲੋੜ ਤਾਂ ਅਜਿਹੀਆਂ ਘਟਨਾਵਾਂ ਤੋਂ ਸਿਖਣ,ਪਰਚਾਰ ਕਰਨ ਦੀ ਹੈ ਤਾਂ ਜੋ ਤੁਹਾਡੇ ਵਰਗੇ ਹੋਰ ਲੋਕ ਇਨ੍ਹਾਂ ਜਾਲਸਾਜ਼ੀਆ ਤੋਂ ਬਚੇ ਰਹਿਣ।ਅਸੀਂ ਸੋਚਦੇ ਹਾਂ ਤੁਸੀਂ ਸਿਆਣਪ ਤੋਂ ਕੰਮ ਲਿਆ ਤੇ ਇਸ ਸਦਕਾ ਤੁਸੀਂ ਇਕੱਠੇ ਤੁਰ ਰਹੇ ਹੋ ।ਤੁਸੀਂ ਇਨ੍ਹਾਂ ਢੌਂਗੀਆਂ ਦੀਆਂ ਹੇਰਾਫੇਰੀਆ ਤੋਂ ਜਾਣੂ ਹੋ ਗਏ ਹੋਂ ,ਤੁਸੀ ਦੋਨਾਂ ਪਰਿਵਾਰਾਂ ਨੇ ਉਸੇ ਤਰ੍ਹਾਂ ਸਾਂਝ ਬਣਾਈ ਰੱਖਣੀ ਹੈ।ਮਨ ਵਿੱਚ ਕਿਸੇ ਕਿਸਮ ਦੀ ਨਰਾਜ਼ਗੀ ਨਹੀਂ ਰੱਖਣੀ।ਘਟਨਾ ਦਾ ਅੰਤ ਵਧੀਆ ਹੀ ਹੋਇਆ ਹੈ।ਪਹਿਲਾਂ ਨਾਲੋਂ ਵੀ ਨੇੜਤਾ ਬਣਾਈ ਰੱਖਣੀ।

ਮਾਸਟਰ ਪਰਮ ਵੇਦ

ਅਸੀਂ ਦੋਹਾਂ ਪਰਿਵਾਰਾਂ ਵਿੱਚ ਕੁੜੱਤਣ ਨਹੀਂ ਪੈਣ ਦਿਤੀ, ਦੋਹਾਂ ਪਰਿਵਾਰਾਂ ਵਿੱਚ ਪਈ ਨਰਾਜ਼ਗੀ /ਕੁੜੱਤਣ/ਫਿੱਕ ਨੂੰ ਦੂਰ ਕਰਨ ਵਿਚ ਤਰਕਸ਼ੀਲ ਕਾਰਕੁੰਨ ਸਫਲ ਰਹੇ।
ਸਮਾਜ ਵਿਚ ਵਾਪਰਦੀਆਂ ਅਜਿਹੀਆਂ ਘਟਨਾਵਾਂ ਤੋਂ ਕੁੱਝ ਨਾ ਕੁੱਝ ਸਿਖਦੇ ਰਹਿਣਾ ਚਾਹੀਦਾ ਹੈ ਤਾਂ ਜੋ ਅਸੀਂ ਮੋਟੇ ਨੁਕਸਾਨ ਅਤੇ ਭਾਈਚਾਰਕ ਸਾਂਝ ਟੁੱਟਣ ਤੋਂ ਬਚੇ ਰਹੀਏ।ਅੱਜ ਦੇ ਕਮਪਿਊਟਰ ਯੁੱਗ ਵਿੱਚ ਲੋਕਾਂਨੂੰ ਆਪਣੇ ਦਿਲ ਦਿਮਾਗ ਨੂੰ ਵਿਗਿਆਨਕ ਵਿਚਾਰਾਂ ਦੀ ਰੋਸ਼ਨੀ ਨਾਲ ਰੁਸ਼ਨਾਉਣਾ ਚਾਹੀਦਾ ਹੈ।ਤਰਕਸ਼ੀਲਾਂ ਨਾਲ ਮਿਲਣੀ ਤੋਂ ਬਾਅਦ ਪੀੜਤ ਪਰਿਵਾਰ ਸ਼ੰਕਿਆਂ ਦੀ ਨਿਵਿਰਤੀ ਅਤੇ ਤਰਕਸ਼ੀਲ ਵਿਚਾਰਾਂ ਦੀ ਅਹਿਮੀਅਤ ਮਹਿਸੂਸ ਕਰ ਰਹੇ ਸੀ।ਦੋਹਾਂ ਪਰਿਵਾਰਾਂ ਨੂੰ ਇਕੱਠੇ ਚਾਹ ਪਿਆਉਣ ਤੋਂ ਘਰੇ ਤੋਰਿਆ।

ਰਾਸ਼ਟਰ ਦਾ ਗੌਰਵ : ਭਾਖੜਾ ਡੈਮ

ਮਾਸਟਰ ਸੰਜੀਵ ਧਰਮਾਣੀ
ਸ੍ਰੀ ਅਨੰਦਪੁਰ ਸਾਹਿਬ
9478561356



ਪਿਆਰੇ ਬੱਚਿਓ ! ਭਾਖੜਾ ਡੈਮ ਹਿਮਾਚਲ ਪ੍ਰਦੇਸ਼ ਦੇ ਬਿਲਾਸਪੁਰ ਜ਼ਿਲ੍ਹੇ ਵਿੱਚ ਭਾਖੜਾ ਨਾਂ ਦੇ ਪਿੰਡ ਵਿਖੇ ਸਥਿਤ ਦੁਨੀਆਂ ਦਾ ਮਹਾਨ ਡੈਮ ਹੈ। ਜਦੋਂ 22 ਅਕਤੂਬਰ 1963 ਨੂੰ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਭਾਖੜਾ ਬੰਨ੍ਹ ਨੂੰ ਰਾਸ਼ਟਰ ਨੂੰ ਸਮਰਪਿਤ ਕੀਤਾ ਤਾਂ ਇਹ ਰਾਸ਼ਟਰ ਦਾ ਗੌਰਵ ਬਣ ਗਿਆ। ਬੱਚਿਓ ! ਭਾਖੜਾ ਬੰਨ੍ਹ ਦੇ ਬਣਨ ਨਾਲ ਸਾਡੇ ਦੇਸ਼ ਵਿੱਚ ਹਰੀ ਕ੍ਰਾਂਤੀ ਆਈ , ਦੂਰ - ਦੁਰਾਡੇ ਤੱਕ ਖੇਤੀਬਾੜੀ ਅਤੇ ਪੀਣ ਲਈ ਪਾਣੀ ਉਪਲੱਬਧ ਹੋਇਆ , ਬਿਜਲੀ ਦੀ ਪ੍ਰਾਪਤੀ ਹੋਈ ਅਤੇ ਰੁਜ਼ਗਾਰ ਦੇ ਅਨੇਕਾਂ ਸਾਧਨ ਵੀ ਬਣੇ। ਭਾਖੜਾ ਬੰਨ੍ਹ ਦੇ ਮੱਛੀ ਕਾਰੋਬਾਰ ਨਾਲ ਵੀ ਲੋਕਾਂ ਨੂੰ ਬਹੁਤ ਵੱਡਾ ਰੁਜ਼ਗਾਰ ਮਿਲਿਆ। ਬੱਚਿਓ ! ਭਾਖੜਾ ਬੰਨ੍ਹ ਕੁਤਬ ਮੀਨਾਰ ਤੋਂ ਤਿੰਨ ਗੁਣਾ ਉੱਚਾ ਹੈ। ਪੰਜਾਬ , ਹਰਿਆਣਾ , ਪੱਛਮੀ ਰਾਜਸਥਾਨ , ਚੰਡੀਗੜ੍ਹ , ਦਿੱਲੀ ਆਦਿ ਥਾਵਾਂ ਲਈ ਪੀਣ ਵਾਲੇ ਪਾਣੀ ਦੀ ਪੂਰਤੀ ਭਾਖੜਾ ਬੰਨ੍ਹ ਤੋਂ ਹੀ ਹੁੰਦੀ ਹੈ। ਭਾਖੜਾ ਬੰਨ੍ਹ ਨੂੰ ਸਤਲੁਜ ਦਰਿਆ ਦੇ ਉੱਤੇ ਬਣਾਇਆ ਗਿਆ ਹੈ। ਇਸ ਦੇ ਪਿੱਛੇ ਬਣੀ ਝੀਲ ਦਾ ਨਾਮ ÷ ਗੋਬਿੰਦ ਸਾਗਰ ਝੀਲ ÷ ਹੈ। ਇਸ ਝੀਲ ਦਾ ਨਾਂ ਸਿੱਖ ਧਰਮ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਨਾਮ 'ਤੇ ਰੱਖਿਆ ਗਿਆ ਹੈ। ਇਸ ਝੀਲ ਵਿੱਚ ਮਾਨਸਰੋਵਰ ਝੀਲ , ਬਰਫ਼ ਤੋਂ ਪਿਘਲਿਆ ਹੋਇਆ ਪਾਣੀ ਅਤੇ ਵਰਖਾ ਦੇ ਪਾਣੀ ਨੂੰ ਸੰਭਾਲ ਕੇ ਰੱਖਿਆ ਜਾਂਦਾ ਹੈ। ਇਸ ਵਿੱਚ 50 - 60 ਪ੍ਰਤੀਸ਼ਤ ਪਾਣੀ ਬਰਫ਼ ਪਿਘਲਣ ਨਾਲ ਹੀ ਇਕੱਠਾ ਹੁੰਦਾ ਹੈ। ਭਾਖੜਾ ਡੈਮ ਦੇ 1680 ਫੁੱਟ ਤੱਕ ਪਾਣੀ ਦਾ ਪੱਧਰ ਹੋ ਜਾਣ 'ਤੇ ਇਹ ਡੈਮ ਦੋ ਇੰਚ ਝੁਕ ਜਾਂਦਾ ਹੈ ਤੇ ਇਸ ਪੱਧਰ ਤੱਕ ਹੋ ਜਾਣ 'ਤੇ ਗੋਬਿੰਦ ਸਾਗਰ ਝੀਲ ਵਿੱਚ ਲਗਭੱਗ 93400 ਲੱਖ ਘਣ ਮੀਟਰ ਪਾਣੀ ਜਮ੍ਹਾ ਕੀਤਾ ਜਾ ਸਕਦਾ ਹੈ। ਬੱਚਿਓ ! ਭਾਖੜਾ ਡੈਮ ਨੂੰ ÷ ਆਧੁਨਿਕ ਭਾਰਤ ਦਾ ਮੰਦਿਰ ÷ ਵੀ ਕਿਹਾ ਜਾਂਦਾ ਹੈ। 22 ਅਕਤੂਬਰ ਨੂੰ ਇਸ ਦਾ ਸਥਾਪਨਾ ਦਿਵਸ ਮਨਾਇਆ ਜਾਂਦਾ ਹੈ। ਬੱਚਿਓ ! ਭਾਖੜਾ ਡੈਮ ਦੇ ਬਣਨ ਦੀ ਕਹਾਣੀ ਵੀ ਬੜੀ ਅਜੀਬੋ - ਗ਼ਰੀਬ ਹੈ। ਗੱਲ ਸੰਨ 1948 ਦੀ ਹੈ , ਜਦੋਂ ਉਸ ਸਮੇਂ ਦੇ ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਲੁਇਸ ਡੈਨ ਸਤਲੁਜ ਦਰਿਆ ਦੇ ਕਿਨਾਰੇ ਘੁੰਮ ਰਹੇ ਸਨ ਤਾਂ ਉਨ੍ਹਾਂ ਨੇ ਦਰਿਆ ਦੇ ਇੱਕ ਤੰਗ ਸਥਾਨ ਤੋਂ ਇੱਕ ਚੀਤੇ ਨੂੰ ਛਲਾਂਗ ਲਗਾਉਂਦੇ ਦੇਖਿਆ ਤਾਂ ਉਨ੍ਹਾਂ ਦੇ ਦਿਮਾਗ ਵਿੱਚ ਇਸ ਥਾਂ 'ਤੇ ਬੰਨ੍ਹ / ਡੈਮ ਬਣਾਉਣ ਦਾ ਵਿਚਾਰ ਆਇਆ ਤੇ ਕਈ ਹੋਰ ਖਿਆਲ ਵੀ ਉਹਨਾਂ ਦੇ ਮਨ ਵਿੱਚ ਆਏ। ਭਾਖੜਾ ਬੰਨ੍ਹ ਦਾ ਨਿਰਮਾਣ ਸ਼ੁਰੂ ਕਰਨ ਤੋਂ ਪਹਿਲਾਂ ਲਗਭਗ ਚਾਲੀ ਸਾਲ ਤੱਕ ਤਾਂ ਇਸ ਡੈਮ ਨੂੰ ਬਣਾਉਣ ਦੇ ਬਾਰੇ ਵਿੱਚ ਅਧਿਐਨ ਚਲਦਾ ਰਿਹਾ। ਫਿਰ ਸੰਨ 1948 ਵਿੱਚ ਇਸ ਡੈਮ ਦੇ ਨਿਰਮਾਣ ਦਾ ਕੰਮ ਸ਼ੁਰੂ ਹੋਇਆ। ਇਸ ਡੈਮ ਨੂੰ ਬਣਾਉਣ ਲਈ ਲਗਭਗ ਚੌਦਾਂ ਸਾਲ ਦਾ ਸਮਾਂ ਲੱਗਿਆ। ਬੱਚਿਓ ! ਭਾਖੜਾ ਡੈਮ ਦਾ ਨਾਂ ÷ ਭਾਖੜਾ ÷ ਨਾਮ ਦੇ ਪਿੰਡ ਦੇ ਨਾਂ 'ਤੇ ਪਿਆ ਹੈ। ਭਾਖੜਾ ਡੈਮ ਨੂੰ ਬਣਾਉਣ ਲਈ ਰੂਸ ਅਤੇ ਜਾਪਾਨ ਦੇਸ਼ਾਂ ਦੀ ਮਸ਼ੀਨਰੀ ਦਾ ਵੀ ਪ੍ਰਯੋਗ ਕੀਤਾ ਗਿਆ। ਭਾਖੜਾ ਡੈਮ ਦੇ ਨਿਰਮਾਣ ਸਮੇਂ ਸਖ਼ਤ ਪਹਾੜਾਂ ਨੂੰ ਤੋੜਨ ਲਈ ਵਿਸਫੋਟਕ ਸਮੱਗਰੀ ਦੀ ਵਰਤੋਂ ਵੀ ਕਰਨੀ ਪਈ। ਇਸ ਡੈਮ ਦੀ ਕਿਸਮ ਗੁਰੂਤਾਕਰਸ਼ਣ 'ਤੇ ਆਧਾਰਿਤ ਹੈ। ਇਸ ਡੈਮ ਦੀ ਉਚਾਈ 226 ਮੀਟਰ ਹੈ। ਇਸ ਦੀ ਦੀਵਾਰ 520 ਮੀਟਰ ਲੰਬੀ ਹੈ ਤੇ ਦੀਵਾਰ ਦੀ ਮੋਟਾਈ 9.1 ਮੀਟਰ ਹੈ। ਕਥਿਤ ਤੌਰ 'ਤੇ ਭਾਖੜਾ ਬੰਨ੍ਹ ਬਣਾਉਣ ਲਈ ਇਸ 'ਤੇ ਲਗਭਗ 284 ਕਰੋੜ ? ਰੁਪਏ ਦਾ ਖਰਚਾ ਆਇਆ। ਇਹ ਵੀ ਦੱਸਣਯੋਗ ਹੈ ਕਿ ਭਾਖੜਾ ਬੰਨ੍ਹ ਬਣਾਉਣ ਲਈ ਜਿੰਨੀ ਕੰਕਰੀਟ ਦੀ ਵਰਤੋਂ ਹੋਈ , ਉਸ ਦੇ ਨਾਲ ਸਮੁੱਚੇ ਸੰਸਾਰ ਦੀਆਂ ਸਾਰੀਆਂ ਸੜਕਾਂ ਨੂੰ ਦੁਬਾਰਾ ਬਣਾਇਆ ਜਾ ਸਕਦਾ ਹੈ। ਭਾਖੜਾ ਡੈਮ ਦੇ ਨਿਰਮਾਣ ਦੇ ਵਿੱਚ ਉਪਯੋਗ ਕੀਤੀ ਗਈ ਕੰਕਰੀਟ ਦੀ ਮਾਤਰਾ ਨਾਲ ਧਰਤੀ ਦੀ ਭੂ - ਮੱਧ ਰੇਖਾ 'ਤੇ 2.44 ਮੀਟਰ ਚੌੜੀ ਸੜਕ ਦਾ ਨਿਰਮਾਣ ਕੀਤਾ ਜਾ ਸਕਦਾ ਹੈ। ਇਹ ਗੱਲ ਭਾਖੜਾ ਬੰਨ੍ਹ ਦੀ ਸਖ਼ਤ ਮਜ਼ਬੂਤੀ ਨੂੰ ਦਰਸਾਉਂਦੀ ਹੈ। ਬੱਚਿਓ !ਭਾਖੜਾ ਡੈਮ ਭਾਰਤ ਦਾ ਦੂਜਾ ਸਭ ਤੋਂ ਵੱਡਾ ਡੈਮ ਹੈ। ਜਿਸ ਸਮੇਂ ਭਾਖੜਾ ਬੰਨ੍ਹ ਦਾ ਨਿਰਮਾਣ ਪੂਰਾ ਹੋਇਆ ਸੀ , ਉਸ ਸਮੇਂ ਇਹ ਏਸ਼ੀਆ ਮਹਾਂਦੀਪ ਦਾ ਸਭ ਤੋਂ ਉੱਚਾ ਬੰਨ੍ਹ ਸੀ। ਬੱਚਿਓ ! ਹੁਣ ਭਾਰਤ ਦਾ ਸਭ ਤੋਂ ਉੱਚਾ ਡੈਮ ਟੀਹਰੀ ਡੈਮ ਹੈ ਜੋ ਕਿ ਭਾਗੀਰਥੀ ਨਦੀ 'ਤੇ ਬਣਾਇਆ ਗਿਆ ਹੈ। ਉਸ ਦੀ ਉਚਾਈ 261 ਮੀਟਰ ਹੈ। ਸੰਨ 1970 ਤੋਂ ਪੂਰਨ ਤੌਰ 'ਤੇ ਭਾਖੜਾ ਡੈਮ ਦਾ ਸਦਉਪਯੋਗ ਸ਼ੁਰੂ ਹੋ ਗਿਆ। ਬੱਚਿਓ ! ਭਾਖੜਾ ਡੈਮ ਵਿਖੇ ਲਗਭਗ 1500 ਮੈਗਾਵਾਟ ਬਿਜਲੀ ਪੈਦਾ ਕੀਤੀ ਜਾਂਦੀ ਹੈ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰਲਾਲ ਨਹਿਰੂ ਜੀ ਨੂੰ ਭਾਖੜਾ ਡੈਮ ਨਾਲ ਇੰਨਾ ਲਗਾਓ ਸੀ ਕਿ ਉਹ ਇਸ ਡੈਮ ਦੇ ਬਣਨ ਸਮੇਂ ਤੋਂ ਲੈ ਕੇ ਪੂਰਾ ਹੋਣ ਤੱਕ ਦੇ ਸਮੇਂ ਤੱਕ ਤੇਰਾਂ ਵਾਰ ਇੱਥੇ ਆਏ। ਇਸ ਡੈਮ 'ਤੇ ਨਿਰਮਾਣ ਸਮੇਂ ਦਿਨ - ਰਾਤ ਕੰਮ ਚੱਲਦਾ ਰਿਹਾ। ਦੱਸਿਆ ਜਾਂਦਾ ਹੈ ਇਸ ਡੈਮ ਦੇ ਨਿਰਮਾਣ ਵਿੱਚ ਇੱਕ ਲੱਖ ਟਨ ਸਰੀਆ ਅਤੇ ਇੰਨਾ ਹੀ ਸੀਮਿੰਟ ਅਤੇ ਐਨੀ ਮਾਤਰਾ ਵਿੱਚ ਹੀ ਕੰਕਰੀਟ ਵਰਤਿਆ ਗਿਆ। ਇਹ ਵੀ ਦੱਸਿਆ ਜਾਂਦਾ ਹੈ ਕਿ ਇਸ ਡੈਮ ਦੀ ਨੀਂਹ ਪੁੱਟਣ ਅਤੇ ਬਣਾਉਣ ਲਈ ਲਗਭਗ ਚਾਰ ਸਾਲ ਦਾ ਸਮਾਂ ਲੱਗਿਆ। ਪਿਆਰੇ ਬੱਚਿਓ ! ਇਹ ਬੰਨ੍ਹ ਸਮੁੰਦਰ ਤਲ ਤੋਂ 518.16 ਮੀਟਰ ਉਚਾਈ 'ਤੇ ਸਥਿਤ ਹੈ। ਬੱਚਿਓ ! ਲੱਖਾਂ ਹੀ ਸੈਲਾਨੀ ਭਾਖੜਾ ਬੰਨ੍ਹ ਨੂੰ ਦੇਖਣ ਲਈ ਆਉਂਦੇ ਹਨ ਤੇ ਇਹ ਡੈਮ ਮੱਛੀ ਉਤਪਾਦਨ ਦਾ ਵੀ ਬਹੁਤ ਵੱਡਾ ਸਰੋਤ ਹੈ। ਬੱਚਿਓ ! ਇਸੇ ਸਥਾਨ 'ਤੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰਲਾਲ ਨਹਿਰੂ ਜੀ ਅਤੇ ਚੀਨ ਦੇ ਤੱਤਕਾਲੀ ਪ੍ਰਧਾਨ ਮੰਤਰੀ ਚਾਊ - ਇਨ - ਲਾਈ ਦੇ ਵਿੱਚਕਾਰ ਇਤਿਹਾਸਕ ਪੰਚਸ਼ੀਲ ਦਾ ਸਮਝੌਤਾ ਹੋਇਆ ਸੀ ਅਤੇ ਭਾਰਤ ਤੇ ਚੀਨ ਦੋਵਾਂ ਦੇਸ਼ਾਂ ਵਿਚਕਾਰ ਦੋਸਤੀ ਦੀ ਬੁਨਿਆਦ ਰੱਖੀ ਗਈ ਸੀ।ਇਹ ਵੀ ਦੱਸਣਯੋਗ ਹੈ ਕਿ ਇਸ ਡੈਮ ਦੇ ਬਣਨ ਨਾਲ ਲਗਭਗ ਤਿੰਨ ਸੌ ਇਕਹੱਤਰ ਪਿੰਡ ਜੋ ਕਿ ਗੋਬਿੰਦ ਸਾਗਰ ਝੀਲ ਵਾਲੀ ਥਾਂ 'ਤੇ ਸਥਿਤ ਸਨ , ਉਨ੍ਹਾਂ ਨੂੰ ਵੀ ਉਜਾੜੇ ਦਾ ਸਾਹਮਣਾ ਕਰਨਾ ਪਿਆ। ਬੱਚਿਓ ! ਭਾਖੜਾ ਡੈਮ ਦੇ ਨਿਰਮਾਣ ਸਮੇਂ ਕੰਮਕਾਜ ਕਰਦੇ ਹੋਏ ਕਾਫੀ ਲੋਕਾਂ ਨੂੰ ਆਪਣੀ ਜਾਨ ਗੁਆਉਣੀ ਪਈ। ਇਨ੍ਹਾਂ ਮਿਹਨਤੀ ਲੋਕਾਂ ਨੂੰ ਸ਼ਹੀਦ ਦਾ ਦਰਜਾ ਦਿੱਤਾ ਗਿਆ ਹੈ। ਭਾਖੜਾ ਡੈਮ ਦੇ ਸਥਾਪਨਾ ਦਿਵਸ 22 ਅਕਤੂਬਰ ਦੇ ਮੌਕੇ ਇਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਜਾਂਦੀ ਹੈ। ਸਾਬਕਾ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਵੀ ਆਪਣੇ ਪਿਤਾ ਜੀ ਨਾਲ ਕਈ ਵਾਰ ਇਸ ਡੈਮ ਦੇ ਨਿਰਮਾਣ ਸਮੇਂ ਇੱਥੇ ਆਏ। ਬੱਚਿਓ ! ਭਾਖੜਾ ਡੈਮ ਦੇ ਨਿਰਮਾਣ ਦਾ ਸਮੁੱਚਾ ਕਾਰਜ ਅਮਰੀਕਾ ਦੇ ਨਿਵਾਸੀ ਐਮ. ਐਚ. ਸਲੋਕਮ ਇੰਜਨੀਅਰ ਦੀ ਸੁਚੱਜੀ ਦੇਖ - ਰੇਖ ਅਧੀਨ ਹੋਇਆ। ਦੱਸਿਆ ਜਾਂਦਾ ਹੈ ਕਿ ਭਾਖੜਾ ਡੈਮ ਦੇ ਨਿਰਮਾਣ ਨਾਲ ਪ੍ਰਾਪਤ ਹੋਈ ਬਿਜਲੀ ਤੋਂ ਲਗਪਗ ਤੇਰਾਂ ਹਜ਼ਾਰ ਪਿੰਡ ਅਤੇ ਇੱਕ ਸੌ ਤੀਹ ਸ਼ਹਿਰਾਂ ਨੂੰ ਰੌਸ਼ਨੀ ਪ੍ਰਾਪਤ ਹੋਈ। ਭਾਖੜਾ ਡੈਮ ਦਾ ਇੱਕ ਹੋਰ ਆਕਰਸ਼ਕ ÷ ਭਾਖੜਾ ਬਿਆਸ ਮੈਨੇਜਮੈਂਟ ਬੋਰਡ ÷ (ਬੀ.ਬੀ.ਐਮ.ਬੀ.) ਦੇ ਰੱਖ - ਰਖਾਅ ਅਧੀਨ ਨੰਗਲ ਡੈਮ ਤੋਂ ਭਾਖੜਾ ਡੈਮ ਤੱਕ ਲਗਭਗ ਸੱਤਰ ਸਾਲ ਤੋਂ ਚੱਲਦੀ ਆ ਰਹੀ ਰੇਲ ਗੱਡੀ ਹੈ। ਇਸ ਰੇਲ ਗੱਡੀ ਵਿੱਚ ਆਉਣ - ਜਾਣ ਲਈ ਨਾ ਕੋਈ ਟਿਕਟ ਲੈਣ ਦੀ ਜ਼ਰੂਰਤ ਪੈਂਦੀ ਹੈ , ਨਾ ਹੀ ਕੋਈ ਟਿਕਟ ਚੈੱਕਰ ਹੁੰਦਾ ਹੈ ਅਤੇ ਨਾ ਹੀ ਬਹੁਤੀ ਭੀੜ ਹੁੰਦੀ ਹੈ। ਇਸ ਵਿੱਚ ਡੈਮ ਦੇ ਕਰਮਚਾਰੀ , ਨਜ਼ਦੀਕੀ ਪਿੰਡਾਂ ਦੇ ਲੋਕ ਅਤੇ ਵਿਦਿਆਰਥੀ ਆਦਿ ਮੁਫ਼ਤ ਆਉਣ - ਜਾਣ ਦਾ ਸਫ਼ਰ ਕਰਦੇ ਹਨ। ਇਸ ਟ੍ਰੇਨ ਵਿੱਚ ਔਰਤਾਂ ਅਤੇ ਭਗਤਾਂ ਲਈ ਇੱਕ - ਇੱਕ ਅਲੱਗ - ਅਲੱਗ ਡੱਬਾ ਹੈ। ਇਹ ਰੇਲਗੱਡੀ ਪੂਰੀ ਦੁਨੀਆਂ ਵਿੱਚ ਇੱਕ ਵਿਸ਼ੇਸ਼ ਰੇਲਗੱਡੀ ਵਜੋਂ ਆਪਣੀ ਪਹਿਚਾਣ ਰੱਖਦੀ ਹੈ।ਪਿਆਰੇ ਬੱਚਿਓ ! ਜ਼ਿੰਦਗੀ ਵਿੱਚ ਜਦੋਂ ਵੀ ਤੁਹਾਨੂੰ ਭਾਖੜਾ ਡੈਮ ਦੇਖਣ ਜਾਣ ਦਾ ਮੌਕਾ ਮਿਲੇ ਤਾਂ ਤੁਸੀਂ ਇਸ ਖੇਤਰ ਦੇ ਨਜ਼ਦੀਕ ਹੋਰ ਦੇਖਣਯੋਗ ਸਥਾਨਾਂ ਜਿਵੇਂ ਕਿ ਸ੍ਰੀ ਅਨੰਦਪੁਰ ਸਾਹਿਬ ਵਿਖੇ ਧਾਰਮਿਕ ਤੇ ਇਤਿਹਾਸਕ ਮਹੱਤਤਾ ਲਈ ਜਾਣੇ ਜਾਂਦੇ ਗੁਰਦੁਆਰਾ ਤਖਤ ਸ੍ਰੀ ਕੇਸਗੜ ? ਸਾਹਿਬ ਅਤੇ ਵਿਰਾਸਤ - ਏ - ਖਾਲਸਾ , ਗੰਗੂਵਾਲ ਪਾਵਰ ਹਾਊਸ , ਨੰਗਲ ਡੈਮ , ਗੁਰਦੁਆਰਾ ਬਿਭੌਰ ਸਾਹਿਬ , ਮਾਤਾ ਨੈਣਾ ਦੇਵੀ ਜੀ , ਪੀਰ ਨਿਗਾਹੇ ਵਾਲਾ , ਬਾਬਾ ਗਰੀਬ ਦਾਸ ਜੀ (ਰਾਏਪੁਰ ਮੈਦਾਨ ਵੱਲ) , ਸ਼ਾਹਤਲਾਈ ਵਿਖੇ ਬਾਬਾ ਬਾਲਕ ਨਾਥ ਜੀ ਸਿੱਧ ਦਿਓਟ ਮੰਦਿਰ ਆਦਿ ਧਾਰਮਿਕ , ਇਤਿਹਾਸਕ ਤੇ ਪਵਿੱਤਰ ਸਥਾਨਾਂ ਦੀ ਯਾਤਰਾ ਜ਼ਰੂਰ ਕਰਨਾ। ਇਸ ਤਰ੍ਹਾਂ ਪਿਆਰੇ ਬੱਚਿਓ ! ਭਾਖੜਾ ਡੈਮ ਭਾਰਤ ਦੀ ਪ੍ਰਗਤੀ ਦਾ ਪ੍ਰਤੀਕ ਹੈ। ਇਹ ਡੈਮ ਦੇਸ਼ ਦੀ ਸਮ੍ਰਿੱਧੀ ਵਿੱਚ ਮੀਲ ਪੱਥਰ ਸਾਬਿਤ ਹੋਇਆ। ਇਸ ਨੂੰ ਉੱਤਰ ਭਾਰਤ ਦੀ ਸਮ੍ਰਿੱਧੀ ਦਾ ਪਹਾੜ ਵੀ ਕਿਹਾ ਜਾਂਦਾ ਹੈ।

ਖੇਤੀ ਵੀ ਇੱਕ ਧਰਮ ਹੈ

ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
ਮੋਬ: 98781—11445

ਪਿੰਡਾਂ ਦੇ ਜੀਵਨ ਵਿਚ ਨਸੀਹਤ ਦੇਣ ਲਈ ਖੇਤ ਅਤੇ ਖੇਤੀ ਤੇ ਆਧਾਰਿਤ ਕਈ ਅਖਾਣਾਂ ਦਾ ਆਗਾਜ਼ ਹੋਇਆ ਹੈ। ਇਹ ਅਖਾਣਾਂ ਨਿਰੰਤਰ ਨਸੀਹਤ ਦੇ ਰਹੀਆਂ ਹਨ। ਖੇਤੀ ਆਦਿ ਕਾਲ ਤੋਂ ਸਾਡਾ ਜੀਵਨ ਨਿਰਬਾਹ ਹੈ। ਖੇਤੀ ਨਾਲ ਹੀ ਸਾਡਾ ਸੱਭਿਆਚਾਰ ਝਲਕਦਾ ਹੈ। ਪੰਜਾਬੀ ਲੋਕ ਸਮੂਹ ਦੁਆਰਾ ਸਿਰਜੀ ਵਿਸ਼ੇਸ਼ ਜੀਵਨ ਜਾਂਚ ਜਿਸ ਵਿੱਚ ਲੋਕਾਂ ਦਾ ਰਹਿਣ—ਸਹਿਣ,ਕਿੱਤੇ, ਰਸਮਾਂ ਤੇ ਪਹਿਰਾਵਾ ਹੁੰਦਾ ਹੈ ਇਸੇ ਨੂੰ ਹੀ ਸੱਭਿਆਚਾਰ ਕਿਹਾ ਜਾਂਦਾ ਹੈ।ਸਾਡੇ ਇਸ ਸੱਭਿਆਚਾਰ ਨੂੰ ਖੇਤੀ ਦਾ ਗੂੜ੍ਹਾ ਰੰਗ ਚੜ੍ਹਿਆ ਹੋਇਆ ਹੈ।ਇਸ ਪਵਿੱਤਰ ਕਿੱਤੇ ਉਤੇ ਸਾਡਾ ਭਵਿੱਖ ਅਤੇ ਸਿਹਤ ਟਿਕੀ ਹੋਈ ਹੈ। ਖੇਤੀ ਤੇ ਆਧਾਰਿਤ ਸਾਡੀਆਂ ਰਸਮਾਂ ਅਤੇ ਪਹਿਰਾਵੇ ਬਣਦੇ ਗਏ।

ਖੁਸੇ ਮਿਹਨਤੀ ਸੁਭਾਅ ਨੂੰ ਸਾਡੇ ਸੱਭਿਆਚਾਰ ਵਿੱਚ ਉਪਜੇ ਬੁਰੇ ਗਾਣਿਆਂ ਨੇ ਮਾਨਤਾ ਦਿੱਤੀ ਹੈ। ਝੂਠੇ ਜਿਹੇ ਨਜ਼ਾਰੇ ਸਬਜ਼ਬਾਗ ਦਿਖਾ ਕੇ ਖੇਤ,ਖੇਤੀ ਅਤੇ ਕਿਸਾਨੀ ਨੂੰ ਕੁਰਾਹੇ ਪਾਉਣ ਦੀ ਕੋਸ਼ਿਸ਼ ਹੋ ਰਹੀ ਹੈ। ਫਸਲਾਂ ਦਾ ਘੱਟ ਮੁੱਲ, ਬੀਜਾਂ, ਖੇਤੀ ਸੰਦਾਂ, ਖਾਦ,ਬਿਜਲੀ ਦਾ ਵੱਧ ਮੁੱਲ ਖੁਦਕੁਸ਼ੀਆਂ ਨੂੰ ਆਵਾਜ਼ਾਂ ਮਾਰ ਰਿਹਾ ਹੈ। ਇਸ ਨਾਲ ਪਵਿੱਤਰ ਕਿੱਤਾ ਖੇਤੀ ਮੈਲਾ ਹੋ ਰਿਹਾ ਹੈ। ਇਕ ਸਮਾਂ ਸੀ ਜਦੋਂ ਖੇਤੀ ਦਾ ਕਿੱਤਾ ਸਭ ਕੁਝ ਘਰੋਂ ਪੈਦਾ ਕਰਕੇ ਸਾਦਗੀ ਅਤੇ ਤੰਦਰੁਸਤੀ ਵਾਲੀ ਜ਼ਿੰਦਗੀ ਜਿਉਂਦਾ ਸੀ। ਲੈ ਨੱਠ ਵਿਚ ਲੋੜੋਂ ਵੱਧ ਅਤੇ ਸਿਫਾਰਿਸ਼ ਤੋਂ ਵੱਧ ਜ਼ਹਿਰਾਂ ਖਾਦਾਂ ਨੇ ਤਰ੍ਹਾਂ—ਤਰ੍ਹਾਂ ਦੇ ਝੰਜਟ ਪੈਦਾ ਕੀਤੇ। ਇਸ ਬਾਰੇ ਬਹੁਤ ਰੌਲਾ ਰੱਪਾ ਪਾਇਆ ਗਿਆ। ਪਰ ਜਦੋਂ ਨਾਂਹ ਪੱਖੀ ਅਤੇ ਮਾਰੂ ਪ੍ਰਭਾਵ ਪੈਣੇ ਸ਼ੁਰੂ ਹੋਏ ਤਾਂ ਹੁਣ ਅੱਖ ਖੁੱਲ੍ਹੀ ਲੱਗਦੀ ਹੈ।ਇਸ ਖੁੱਲ੍ਹੀ ਅੱਖ ਵਿਚ ਪਛਤਾਵਾ ਵੀ ਨਜ਼ਰ ਆਉਂਦਾ ਹੈ।

ਅੰਨਦਾਤੇ ਦੇ ਖਿਤਾਬੀ ਰੂਪ ਨੂੰ ਖੁਦ ਸਹੇੜੀਆਂ ਆਦਤਾਂ, ਸਰਕਾਰੀ ਅਤੇ ਕੁਦਰਤੀ ਮਾਰਾਂ ਨੇ ਦਾਤੇ ਦਾ ਉਲਟ ਰੂਪ ਪੇਸ਼ ਕੀਤਾ ਹੈ÷। ਜਦੋਂ ਵੀ ਲੋਕਾਂ ਦੀਆਂ ਸੱਥਾਂ ਸਰਕਾਰੀ ਦਾਅਵੇ ਘੋਖੀਏ ਤਾਂ ਗੇਂਦ ਅੰਨਦਾਤੇ ਦੇ ਪਾੜੇ ਵੱਲ ਮੁੜ ਜਾਂਦੀ ਹੈ। ਖੇਤੀ ਖੇਤਰ ਦੀ ਵੱਡੀ ਘਾਟ ਇਹ ਹੈ ਕਿ ਆਪਣੀ ਗੱਲ ਰੱਖਣ ਅਤੇ ਮੰਨਵਾਉਣ ਲਈ ਜਥੇਬੰਦ ਨਹੀਂ ਹੋ ਸਕਦੇ। ਜ਼ਮੀਨਾਂ ਲੀਰੋ ਲੀਰ ਹੋਈਆਂ ਸੁਭਾਅ ਆਦਤਾਂ ਉਹੀ ਰਹਿ ਗਈਆਂ। ਆਪਣੇ ਲਈ ਵੀ ਜੈਵਿਕ ਅਤੇ ਫਸਲੀ ਵਿਭਿੰਨਤਾ ਨਹੀਂ ਅਪਣਾ ਸਕੇ। ਘੱਟੋ—ਘੱਟ ਰਸੋਈ ਵੀ ਜ਼ਹਿਰ ਮੁਕਤ ਖਾਦ ਪਦਾਰਥਾਂ ਨਾਲ ਨਹੀਂ ਚਲਾ ਸਕੇ। ਘਰੇਲੂ ਬਗੀਚਿਆਂ ਵੱਲ ਵੀ ਉਤਸ਼ਾਹਿਤ ਨਹੀਂ ਹੋਏ।ਖੇਤੀ ਖੇਤਰ ਦੀਆਂ ਬਹੁਤ ਸਾਰੀਆਂ ਸੁਧਾਰਵਾਦੀ ਨੀਤੀਆਂ ਨੂੰ ਸੋਚਣ ਸਮਝਣ ਅਤੇ ਹੰਢਾਉਣ ਦਾ ਮੌਕਾ ਤਾਂ ਮਿਲਦਾ ਹੈ ਪਰ ਮਜਬੂਰੀ ਨੇ ਘੇਰ ਘੇਰ ਕੇ ਉਸੇ ਖੁੰਡੇ ਕੋਲ ਖੜ੍ਹਨ ਦਾ ਮਨ ਬਣਾ ਰੱਖਿਆ ਹੈ।

ਖੇਤੀ ਦੇ ਸਹਾਇਕ ਧੰਦੇ ਕੁਝ ਜੇਬ ਹਰੀ ਰੱਖਦੇ ਹਨ, ਪਰ ਇਹ ਕਿਤੇ ਸਮੇਂ ਦੀ ਪਾਬੰਦੀ ਅਤੇ ਘਰੇਲੂ ਗੁਲਾਮੀ ਨੂੰ ਪੱਲੇ ਪਾਉਂਦੇ ਹਨ। ਇਹ ਦੋਵੇਂ ਤੱਥ ਸਾਡੇ ਸੁਭਾਅ ਵਿਚੋਂ ਮਨਫੀ ਹੋ ਚੁੱਕੇ ਹਨ। ਸਿਆਣਿਆਂ ਦੀ ਕਹਾਵਤ ਸੀ ÷ ਪਰ ਹੱਥ ਵਣਜ ਸਨੇਹੀ ਖੇਤੀ, ਕਦੇ ਨਾ ਹੁੰਦੇ ਬੱਤੀਓ ਤੇਤੀ÷। ਆਮ ਕਿਹਾ ਜਾਂਦਾ ਸੀ ਕਿ ਖੇਤ ਬੰਨਾ ਖਸਮ ਨੂੰ ਉਡੀਕਦਾ ਰਹਿੰਦਾ ਹੈ। ਅੱਜ ਨਵੀਂ ਪੀੜ੍ਹੀ ਇਸ ਬੰਨੇ ਜਾਣ ਨੂੰ ਤਿਆਰ ਨਹੀਂ ਫਾਲਤੂ ਦੇ ਸ਼ੌਕ ਅਤੇ ਮੋਬਾਈਲ ਵਿਚ ਸਮਾਂ ਬਰਬਾਦ ਕਰਦੇ ਹਨ। ਕਿਰਸਾਨ ਦੀ ਪੇਂਡੂ ਸੱਥਾਂ ਵਿਚ ਉਦਾਹਰਨ ਇਸ ਤਰ੍ਹਾਂ ਦਿੱਤੀ ਜਾਂਦੀ ਸੀ ਕਿ ਜੇ ਕਿਰਸ ਹੈ ਤਾਂ ਆਣ ਹੈ। ਖੇਤੀ ਖਸਮਾਂ ਸੇਤੀ ਦਾ ਸਿਧਾਂਤ ਵੀ ਪਿਛਲਖੁਰੀਆਂ ਮੁੜ ਚੁਕਿਆ ਹੈ।

ਖੇਤੀ ਨੂੰ ਲੱਗੀ ਨਜ਼ਰ ਨੇ ਕਿਸਾਨ ਦਾ ਮੁਹਾਂਦਰਾ ਗਲਤ ਪੇਸ਼ ਕੀਤਾ ਹੈ। ਜਿਣਸ ਦੀ ਘੱਟ ਕੀਮਤ ਕਿਸਾਨ ਲਈ ਮਾਰੂ ਕੁਦਰਤ ਦੀ ਮਾਰ ਕਿਸਾਨ ਲਈ ਮਾਰੂ ਖੇਤੀ ਦੀਆਂ ਸਹਾਇਕ ਚੀਜ਼ਾਂ ਦੀਆਂ ਵਧੀਆ ਕੀਮਤਾਂ ਕਿਸਾਨ ਲਈ ਮਾਰੂ। ਖੇਤੀ ਬਾਰੇ ਬਹੁਤ ਲਿਖ ਪੜ੍ਹ ਅਤੇ ਛਪ ਚੁੱਕਾ ਹੈ। ਪਰ ਫਿਰ ਵੀ ਸੁਰਖੀਆਂ ਬਣਦੀਆਂ ਰਹਿੰਦੀਆਂ ਹਨ। ਪਾਣੀ ਸੰਕਟ ਜ਼ਹਿਰਾਂ ਖਾਦਾਂ ਦੀ ਦੁਰਵਰਤੋਂ ਵਾਤਾਵਰਣ ਅੰਨਦਾਤੇ ਦੀ ਮਾਲੀ ਹਾਲਤ ਕਿਸਾਨੀ ਪਰਿਵਾਰਾਂ ਨੂੰ ਸਹੀ ਸਹੂਲਤਾਂ ਦੇਣਾ ਇਸ ਸਭ ਕਾਸੇ ਦਾ ਸੰਤੁਲਨ ਬਣਾ ਕੇ ਕਾਨੂੰਨੀ ਨਕਸ਼ਾ ਪੇਸ਼ ਕਰਨਾ ਚਾਹੀਦਾ ਹੈ ਤਾਂ ਜੋ ਹੁਣ ਵੀ ਖੇਤੀ ਦੀ ਨਸੀਹਤ ਦੇਣ ਵਾਲੀ ਕਹਾਵਤ ਤੋਂ ਕੁਝ ਸਿੱਖ ਕੇ ਪਿੱਛੇ ਮੁੜ ਸਕੀਏ।

÷ਅਬ ਪਛਤਾਏ ਤੋਂ ਕਿਆ ਹੁਆ,ਜਬ ਚਿੜੀਆ ਚੁਗ ਗਈ ਖੇਤ ÷
ਅੱਜ ਇਸ ਗੱਲ ਦਾ ਪਛਤਾਵਾ ਹੋਣਾ ਸ਼ੁਰੂ ਹੋ ਗਿਆ ਹੈ ਕਿ ਅਸੀਂ ਸੰਤੁਲਨ ਬਣਾ ਕੇ ਨਹੀਂ ਚੱਲੇ ਇਸ ਦੇ ਪ੍ਰਭਾਵ ਪ੍ਰਤੱਖ ਨਜ਼ਰ ਆਉਣ ਲੱਗ ਪਏ ਹਨ। ਹੁਣ ਵੀ ਜੇ ਚੁਗੇ ਖੇਤਾਂ ਨੂੰ ਦੁਬਾਰਾ ਬੀਜ ਲਈਏ ਤਾਂ ਫਸਲ ਦੁਬਾਰੇ ਹਰੀ ਭਰੀ ਹੋ ਸਕਦੀ ਹੈ। ਪੰਜਾਬ ਮੁੜ ਲੀਹਾਂ ਉਤੇ ਆ ਸਕਦਾ ਹੈ।

ਸੰਪਾਦਕੀ

75 ਫ਼ੀਸਦੀ ਅਗਨੀਵੀਰਾਂ ਦਾ ਕੀ ਬਣੇਗਾ

ਨਵੰਬਰ-ਦਸੰਬਰ ਤੱਕ ਅਗਨੀਵੀਰਾਂ ਦਾ ਪਹਿਲਾ ਬੈਚ ਆਪਣਾ ਚਾਰ ਸਾਲ ਦਾ ਕਾਰਜਕਾਲ ਪੂਰਾ ਕਰਨ ਜਾ ਰਿਹਾ ਹੈ। ਅਜਿਹੇ ਵਿੱਚ ਉਨ੍ਹਾਂ ਨੂੰ ਸਿਵਲ ਜਾਂ ਨੀਮ-ਫ਼ੌਜੀ ਬਲਾਂ ਵਿੱਚ ਸਹਿਜ ਨਾਲ ਜਜ਼ਬ ਕਰਨਾ ਅਗਨੀਪਥ ਯੋਜਨਾ ਲਈ ਇੱਕ ਵੱਡੀ ਪ੍ਰੀਖਿਆ ਹੋਵੇਗੀ। ਇਹ ਉਸ ਮੁੱਖ ਸਵਾਲ ਦਾ ਅਸਲ ਇਮਤਿਹਾਨ ਹੈ, ਜੋ 2022 ਵਿੱਚ ਇਸ ਯੋਜਨਾ ਦੇ ਸ਼ੁਰੂ ਹੋਣ ਸਮੇਂ ਉੱਠਿਆ ਸੀ ਕਿ ਉਨ੍ਹਾਂ 75 ਫ਼ੀਸਦੀ ਅਗਨੀਵੀਰਾਂ ਦਾ ਕੀ ਬਣੇਗਾ ਜਿਨ੍ਹਾਂ ਨੂੰ ਰੈਗੂਲਰ ਕਾਡਰ ਵਿੱਚ ਅੱਗੇ ਸੇਵਾ ਲਈ ਨਹੀਂ ਚੁਣਿਆ ਜਾਵੇਗਾ? ਸਮੇਂ ਸਿਰ ਅਤੇ ਲਾਹੇਵੰਦ ਰੁਜ਼ਗਾਰ ਦਾ ਪ੍ਰਬੰਧ ਕਰਨ ਦੀ ਅਹਿਮੀਅਤ ਬਹੁਤ ਜ਼ਿਆਦਾ ਹੈ। ਕਿਸੇ ਵੀ ਕਿਸਮ ਦੀ ਦੇਰੀ, ਲਾਪਰਵਾਹੀ ਜਾਂ ਲਾਲਫੀਤਾਸ਼ਾਹੀ ਅਸੰਤੁਸ਼ਟੀ ਨੂੰ ਜਨਮ ਦੇਵੇਗੀ ਅਤੇ ਇਸ ਯੋਜਨਾ ਦੇ ਲੰਮੇ ਸਮੇਂ ਦੇ ਪ੍ਰਭਾਵ ਨੂੰ ਕਮਜ਼ੋਰ ਕਰੇਗੀ। ਭਾਵੇਂ ਕੇਂਦਰ ਸਰਕਾਰ ਨੇ ਪਹਿਲਾਂ ਹੀ ਨੌਕਰੀਆਂ ਵਿੱਚ ਕੋਟਾ ਤੈਅ ਕੀਤਾ ਹੈ ਪਰ ਕਈ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੇ ਵੀ ਨੌਕਰੀਆਂ ਵਿੱਚ ਰਾਖਵਾਂਕਰਨ ਅਤੇ ਭਰਤੀ ਵਿੱਚ ਛੋਟਾਂ ਦਾ ਐਲਾਨ ਕੀਤਾ ਹੈ। ਹੁਣ ਸਾਡੀ ਮੁੱਖ ਤਰਜੀਹ ਇਨ੍ਹਾਂ ਭਰੋਸਿਆਂ ਨੂੰ ਅਸਲ ਰੂਪ ਵਿੱਚ ਲਾਗੂ ਕਰਨ ਦੀ ਹੋਣੀ ਚਾਹੀਦੀ ਹੈ।

ਆਖ਼ਰਕਾਰ ਸਰਕਾਰਾਂ ਨੂੰ ਅਜਿਹੀਆਂ ਵਿਸ਼ੇਸ਼ ਟਾਸਕ ਫੋਰਸਾਂ ਦਾ ਸਹਾਰਾ ਲੈਣਾ ਪਵੇਗਾ, ਜੋ ਹੁਨਰ ਦੀ ਪਛਾਣ ਕਰ ਸਕਣ, ਖ਼ਾਲੀ ਅਹੁਦਿਆਂ ਦਾ ਪਤਾ ਲਗਾ ਸਕਣ, ਵਾਧੂ ਸਿਖਲਾਈ ਦੇ ਸਕਣ ਅਤੇ ਰੁਜ਼ਗਾਰ ਦੇਣ ਵਾਲਿਆਂ ਨਾਲ ਤਾਲਮੇਲ ਬਣਾ ਸਕਣ। ਜੇ ਉੱਤਰਾਖੰਡ ਦੇ ਅਗਨੀਵੀਰ ਸੈੱਲ ਵੱਲੋਂ ਤਿਆਰ ਕੀਤਾ ਗਿਆ ਢਾਂਚਾ ਆਪਣੇ ਵਾਅਦਿਆਂ ’ਤੇ ਪੂਰਾ ਉੱਤਰਦਾ ਹੈ ਤਾਂ ਇਹ ਦੂਜੇ ਸੂਬਿਆਂ ਲਈ ਵੀ ਅਪਣਾਉਣਯੋਗ ਮਾਡਲ ਬਣ ਸਕਦਾ ਹੈ। ਕੰਮ ਨੂੰ ਸੌਖਾ ਬਣਾਉਣ ਲਈ ਸੰਸਥਾਗਤ ਤੌਰ ’ਤੇ ਸੰਪਰਕ ਦਾ ਇੱਕੋ ਇੱਕ ਜ਼ਰੀਆ ਹੋਣਾ ਸਭ ਤੋਂ ਕਾਰਗਰ ਹੱਲ ਹੈ। ਸਾਬਕਾ ਸੈਨਿਕ ਸੰਗਠਨਾਂ ਨੇ ਮਸਲਿਆਂ ਨੂੰ ਹੱਲ ਕਰਨ ਅਤੇ ਸਾਬਕਾ ਸੈਨਿਕਾਂ ਦੀ ਦੇਖਭਾਲ ਕਰਨ ਵਿੱਚ ਇੱਕ ਉੱਚਾ ਮਿਆਰ ਕਾਇਮ ਕੀਤਾ ਹੈ। ਅਗਨੀਵੀਰ ਵੀ ਅਜਿਹੇ ਹੀ ਸਰਬਪੱਖੀ ਸਹਿਯੋਗ ਵਾਲੇ ਮਾਹੌਲ ਦੇ ਹੱਕਦਾਰ ਹਨ। ਉਨ੍ਹਾਂ ਦੀ ਫ਼ੌਜੀ ਸਿਖਲਾਈ ਅਤੇ ਤਜਰਬੇ ਦਾ ਸਹੀ ਇਸਤੇਮਾਲ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਫ਼ੌਜ ਵਿੱਚ ਬਿਤਾਇਆ ਥੋੜ੍ਹਾ ਸਮਾਂ ਵੀ ਅਨੁਸ਼ਾਸਨ ਅਤੇ ਮੁੱਢਲੀਆਂ ਕਦਰਾਂ-ਕੀਮਤਾਂ ਦੀ ਇੱਕ ਪੱਕੀ ਨੀਂਹ ਤਿਆਰ ਕਰ ਦਿੰਦਾ ਹੈ।

ਕੇਂਦਰੀ ਨੀਮ-ਫ਼ੌਜੀ ਬਲਾਂ ਤੋਂ ਲੈ ਕੇ ਸੂਬੇ ਦੀ ਪੁਲੀਸ ਅਤੇ ਹੋਰ ਵੱਖ-ਵੱਖ ਸੇਵਾਵਾਂ ਤੱਕ ਅਗਨੀਵੀਰਾਂ ਲਈ ਕਈ ਤਰ੍ਹਾਂ ਦੇ ਪੇਸ਼ੇਵਰ ਬਦਲ ਪੇਸ਼ ਕਰਨ ਵਾਲੀ ਇਸ ਨਵੀਂ ਵਿਵਸਥਾ ਵਿੱਚ ਸ਼ੁਰੂਆਤੀ ਪੱਧਰ ’ਤੇ ਪ੍ਰਸ਼ਾਸਕੀ ਅੜਿੱਕੇ ਅਤੇ ਦਫ਼ਤਰੀ ਰੁਕਾਵਟਾਂ ਆਉਣਾ ਸੁਭਾਵਿਕ ਹੈ। ਹਾਲਾਂਕਿ, ਇਨ੍ਹਾਂ ਸਾਰੀਆਂ ਖ਼ਾਮੀਆਂ ਅਤੇ ਸਮੱਸਿਆਵਾਂ ਨੂੰ ਸਖ਼ਤੀ ਨਾਲ ਤੈਅ ਸਮਾਂ-ਸੀਮਾ ਦੇ ਅੰਦਰ ਹੱਲ ਕਰਨ ਲਈ ਇੱਕ ਪ੍ਰਭਾਵਸ਼ਾਲੀ ਰੈਗੂਲੇਟਰੀ ਸੰਸਥਾ ਦਾ ਹੋਣਾ ਬਹੁਤ ਜ਼ਰੂਰੀ ਹੈ ਤਾਂ ਜੋ ਨੌਜਵਾਨਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਅੱਜ ਰੈਗੂਲਰ ਅਗਨੀਵੀਰਾਂ ਦੀ ਗਿਣਤੀ ਵਧਾਉਣ ਦੀ ਮੰਗ ਹਰ ਪਾਸਿਉਂ ਜ਼ੋਰ ਫੜ ਰਹੀ ਹੈ, ਪਰ ਸੇਵਾਮੁਕਤ ਹੋਣ ਵਾਲੇ ਬਾਕੀ ਜਵਾਨਾਂ ਲਈ ਇੱਕ ਸਨਮਾਨਜਨਕ ਵਿਦਾਇਗੀ ਅਤੇ ਸੁਖਾਵਾਂ ਰੁਜ਼ਗਾਰ ਯਕੀਨੀ ਬਣਾਉਣਾ ਵੀ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਹੋਣੀ ਚਾਹੀਦੀ ਹੈ।

ਸੁਖਬੀਰ ਬਾਦਲ ਪਹੁੰਚੇ ਝੋਟਾ ਦੇ ਘਰ, ਕਿਹਾ- ਇਨਸਾਫ਼ ਦੀ ਲੜਾਈ ’ਚ ਪਰਿਵਾਰ ਨਾਲ ਚੱਟਾਨ ਵਾਂਗ ਖੜ੍ਹਾ ਅਕਾਲੀ ਦਲ

➢ ਝੋਟਾ ਦੇ ਘਰ ਪਹੁੰਚੇ ਸੁਖਬੀਰ ਬਾਦਲ, ਕਿਹਾ- ਇਨਸਾਫ਼ ਦੀ ਲੜਾਈ ’ਚ ਪਰਿਵਾਰ ਨਾਲ ਚੱਟਾਨ ਵਾਂਗ ਖੜ੍ਹਾ ਅਕਾਲੀ ਦਲ

➢ ਨਸ਼ਿਆਂ ਵਿਰੁੱਧ ਲੜਾਈ ’ਚ ਭਾਈ ਝੋਟਾ ਦੀ ਕੁਰਬਾਨੀ ਨੂੰ ਕੀਤਾ ਜਾਵੇਗਾ ਯਾਦ: ਸੁਖਬੀਰ ਸਿੰਘ ਬਾਦਲ ਦਾ ਵੱਡਾ ਬਿਆਨ

ਮਾਨਸਾ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅੱਜ ਮਾਨਸਾ ਵਿਖੇ ਪਰਵਿੰਦਰ ਸਿੰਘ ਝੋਟਾ ਦੇ ਗ੍ਰਹਿ ਵਿਖੇ ਪਹੁੰਚੇ, ਜਿੱਥੇ ਉਨ੍ਹਾਂ ਨੇ ਪਰਿਵਾਰਕ ਮੈਂਬਰਾਂ ਨਾਲ ਮੁਲਾਕਾਤ ਕਰਕੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਦੁੱਖ ਦੀ ਘੜੀ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਪਰਿਵਾਰ ਦੇ ਅਟੱਲ ਹੌਸਲੇ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਇਨਸਾਫ਼ ਦੀ ਇਸ ਸੰਘਰਸ਼ਪੂਰਨ ਲੜਾਈ ਵਿੱਚ ਹਰ ਸੰਭਵ ਮਦਦ ਅਤੇ ਪੂਰਨ ਸਹਿਯੋਗ ਦੇਣ ਦਾ ਪੱਕਾ ਭਰੋਸਾ ਦਿਵਾਇਆ।

ਮੀਡੀਆ ਨਾਲ ਗੱਲਬਾਤ ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਉਹ ਭਾਈ ਝੋਟਾ ਦੇ ਮਾਤਾ-ਪਿਤਾ, ਧਰਮਪਤਨੀ ਅਤੇ ਉਨ੍ਹਾਂ ਦੇ ਦੋਵੇਂ ਛੋਟੇ ਮਾਸੂਮ ਬੱਚਿਆਂ ਦੇ ਜਜ਼ਬੇ ਅਤੇ ਦ੍ਰਿੜ੍ਹ ਇਰਾਦੇ ਅੱਗੇ ਸ਼ਰਧਾ ਨਾਲ ਸਿਰ ਝੁਕਾਉਂਦੇ ਹਨ। ਉਨ੍ਹਾਂ ਕਿਹਾ ਕਿ ਇੰਨੇ ਵੱਡੇ ਦੁੱਖ ਅਤੇ ਦੁਖਾਂਤ ਦੇ ਬਾਵਜੂਦ, ਪਰਿਵਾਰ ਵੱਲੋਂ ਜਿਸ ਨਿਡਰਤਾ ਅਤੇ ਹੌਸਲੇ ਨਾਲ ਇਨਸਾਫ਼ ਦੀ ਲੜਾਈ ਲੜੀ ਜਾ ਰਹੀ ਹੈ, ਉਹ ਪੂਰੇ ਸਮਾਜ ਲਈ ਹਿੰਮਤ ਅਤੇ ਦ੍ਰਿੜ੍ਹਤਾ ਦੀ ਇੱਕ ਸੁਚੱਜੀ ਮਿਸਾਲ ਹੈ।

ਉਨ੍ਹਾਂ ਅੱਗੇ ਸਪੱਸ਼ਟ ਕੀਤਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਰਿਵਾਰ ਅਤੇ ਸੰਘਰਸ਼ ਕਰ ਰਹੀ ਐਕਸ਼ਨ ਕਮੇਟੀ ਨੂੰ ਪੂਰਨ ਵਿਸ਼ਵਾਸ ਦਿਵਾਇਆ ਗਿਆ ਹੈ ਕਿ ਪਾਰਟੀ ਅਤੇ ਉਹ ਆਪ ਨਿੱਜੀ ਤੌਰ ’ਤੇ ਵੀ ਇਨਸਾਫ਼ ਦੀ ਇਸ ਜੰਗ ਵਿੱਚ ਸ਼ੁਰੂ ਤੋਂ ਲੈ ਕੇ ਅੰਤ ਤੱਕ ਉਨ੍ਹਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਨ। ਉਨ੍ਹਾਂ ਆਖਿਆ ਕਿ ਪਰਿਵਾਰ ਨੂੰ ਇਕੱਲਾ ਨਹੀਂ ਛੱਡਿਆ ਜਾਵੇਗਾ ਅਤੇ ਇਨਸਾਫ਼ ਦੀ ਪ੍ਰਾਪਤੀ ਤੱਕ ਇਹ ਸੰਘਰਸ਼ ਜਾਰੀ ਰਹੇਗਾ।

ਪੰਜਾਬ ਵਿੱਚ ਫੈਲੇ ਨਸ਼ਿਆਂ ਦੇ ਮੁਕੱਦਮੇ ਅਤੇ ਗੰਭੀਰ ਮੁੱਦੇ ’ਤੇ ਚਰਚਾ ਕਰਦਿਆਂ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਦੀ ਦਲਦਲ ਤੋਂ ਬਚਾਉਣ ਲਈ ਭਾਈ ਪਰਵਿੰਦਰ ਸਿੰਘ ਝੋਟਾ ਵੱਲੋਂ ਪਾਇਆ ਗਿਆ ਅਹਿਮ ਯੋਗਦਾਨ ਅਤੇ ਦਿੱਤੀ ਗਈ ਮਹਾਨ ਕੁਰਬਾਨੀ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੀ ਜਵਾਨੀ ਨੂੰ ਸੰਭਾਲਣਾ ਸਾਡਾ ਸਭ ਦਾ ਸਾਂਝਾ ਫ਼ਰਜ਼ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਮੰਗ ਕੀਤੀ ਕਿ ਇਸ ਮਾਮਲੇ ਦੇ ਦੋਸ਼ੀਆਂ ਵਿਰੁੱਧ ਬਿਨਾਂ ਕਿਸੇ ਦੇਰੀ ਦੇ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਯਕੀਨੀ ਬਣਾਈ ਜਾਵੇ ਤਾਂ ਜੋ ਪੀੜਤ ਪਰਿਵਾਰ ਨੂੰ ਸੱਚਾ ਇਨਸਾਫ਼ ਮਿਲ ਸਕੇ। ਸੁਖਬੀਰ ਸਿੰਘ ਬਾਦਲ ਦੇ ਇਸ ਦੌਰੇ ਦਾ ਮੁੱਖ ਕੇਂਦਰ ਪਰਵਿੰਦਰ ਸਿੰਘ ਝੋਟਾ ਦੇ ਪਰਿਵਾਰ ਨੂੰ ਇਨਸਾਫ਼ ਦਿਵਾਉਣ ਲਈ ਹਰ ਪੱਧਰ ’ਤੇ ਡਟਣ ਦਾ ਸੱਦਾ ਦੇਣਾ ਅਤੇ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਦੀ ਲਾਹਨਤ ਤੋਂ ਬਚਾਉਣ ਦੇ ਅਹਿਮ ਮੁੱਦੇ ਨੂੰ ਜ਼ੋਰਦਾਰ ਢੰਗ ਨਾਲ ਉਭਾਰਨਾ ਰਿਹਾ।

ਅਸੀਂ ਬਰਾਬਰੀ, ਮਾਣ-ਸਨਮਾਨ ਅਤੇ ਨਿਆ ’ਤੇ ਅਧਾਰਤ ਪੰਜਾਬ ਦੇ ਨਿਰਮਾਣ ਲਈ ਭਗਵਾਨ ਵਾਲਮੀਕਿ ਜੀ ਦੇ ਦਰਸਾਏ ਮਾਰਗ ’ਤੇ ਚੱਲ ਰਹੇ ਹਾਂ: ਮਾਨ

ਧੂਰੀ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਮਹਾਰਿਸ਼ੀ ਭਗਵਾਨ ਵਾਲਮੀਕਿ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਧੂਰੀ ਦੀ ਗਾਂਧੀ ਬਸਤੀ ਵਿਖੇ ਵਿਸ਼ਾਲ ਸ਼ੋਭਾ ਯਾਤਰਾ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਦੌਰਾਨ ਉਨ੍ਹਾਂ ਮਹਾਰਿਸ਼ੀ ਭਗਵਾਨ ਵਾਲਮੀਕਿ ਵੱਲੋਂ ਦਰਸਾਏ ਸੱਚ, ਧਰਮ, ਬਰਾਬਰੀ ਅਤੇ ਨਿਆ ਦੇ ਮਾਰਗ ’ਤੇ ਚੱਲਣ ਦੀ ਆਪਣੀ ਸਰਕਾਰ ਦੀ ਵਚਨਬੱਧਤਾ ਦੁਹਰਾਈ। ਰਾਮਾਇਣ ਦੀਆਂ ਸਦੀਵੀ ਸਿੱਖਿਆਵਾਂ ਦਾ ਹਵਾਲਾ ਦਿੰਦਿਆਂ ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ, ਸੰਤਾਂ ਅਤੇ ਪੀਰਾਂ-ਫ਼ਕੀਰਾਂ ਦੀ ਪਵਿੱਤਰ ਧਰਤੀ ਪੰਜਾਬ ਇਨਸਾਨੀਅਤ, ਅਣਖ ਅਤੇ ਭਾਈਚਾਰਕ ਸਾਂਝ ਦੇ ਮੁੱਲਾਂ ’ਤੇ ਪਹਿਰਾ ਦਿੰਦੀ ਰਹੇਗੀ, ਜਿੱਥੇ ਨਫ਼ਰਤ ਦੇ ਬੀਜ ਕਦੇ ਵੀ ਨਹੀਂ ਉੱਗ ਸਕਦੇ।

ਸਿੱਖਿਆ ਨੂੰ ਜੀਵਨ ਬਦਲਣ ਦਾ ਸਭ ਤੋਂ ਸ਼ਕਤੀਸ਼ਾਲੀ ਜ਼ਰੀਆ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਸਾਲ ਪੰਜਾਬ ਦੇ ਸਰਕਾਰੀ ਸਕੂਲਾਂ ਦੇ 882 ਵਿਦਿਆਰਥੀਆਂ ਨੇ ’ਨੀਟ’ ਦੀ ਪ੍ਰੀਖਿਆ ਪਾਸ ਕੀਤੀ ਹੈ, ਜਦੋਂ ਕਿ 2021 ਵਿੱਚ ਇਹ ਗਿਣਤੀ ਸਿਰਫ਼ 80 ਸੀ। ਇਹ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਗੁਣਵੱਤਾਪੂਰਨ ਸਿੱਖਿਆ ਕਿਸ ਤਰ੍ਹਾਂ ਗਰੀਬ ਪਰਿਵਾਰਾਂ ਦੇ ਬੱਚਿਆਂ ਲਈ ਸੁਨਹਿਰੀ ਭਵਿੱਖ ਦੇ ਰਾਹ ਖੋਲ੍ਹ ਰਹੀ ਹੈ।

ਇਸ ਮੌਕੇ ਦੀਆਂ ਕੁਝ ਝਲਕੀਆਂ ਸਾਂਝੀਆਂ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਅੱਜ ਸੰਗਰੂਰ ਦੇ ਧੂਰੀ ਹਲਕੇ ਦੀ ਗਾਂਧੀ ਬਸਤੀ ਵਿਖੇ ਮਹਾਰਿਸ਼ੀ ਭਗਵਾਨ ਵਾਲਮੀਕਿ ਜੀ ਦੇ ਪ੍ਰਕਾਸ਼ ਪੁਰਬ ਸਮਾਗਮਾਂ ਦੀ ਲੜੀ ਤਹਿਤ ਸਜਾਈ ਗਈ ਵਿਸ਼ਾਲ ਸ਼ੋਭਾ ਯਾਤਰਾ ਵਿੱਚ ਸ਼ਿਰਕਤ ਕੀਤੀ ਅਤੇ ਰਸਮੀ ਤੌਰ ’ਤੇ ਹਰੀ ਝੰਡੀ ਦਿਖਾ ਕੇ ਸ਼ੋਭਾ ਯਾਤਰਾ ਰਵਾਨਾ ਕੀਤੀ। ਮਹਾਰਿਸ਼ੀ ਭਗਵਾਨ ਵਾਲਮੀਕਿ ਜੀ ਵੱਲੋਂ ਰਚਿਤ ਪਵਿੱਤਰ ਰਾਮਾਇਣ ਨੇਕੀ, ਸੱਚਾਈ ਅਤੇ ਬਰਾਬਰੀ ਦਾ ਸਦੀਵੀ ਸੁਨੇਹਾ ਦਿੰਦੀ ਹੈ। ਉਨ੍ਹਾਂ ਦੀਆਂ ਮਹਾਨ ਸਿੱਖਿਆਵਾਂ ਅੱਜ ਵੀ ਸਾਡੇ ਸਮਾਜ ਲਈ ਮਾਰਗਦਰਸ਼ਕ ਦਾ ਕੰਮ ਕਰ ਰਹੀਆਂ ਹਨ।

ਉਨ੍ਹਾਂ ਅੱਗੇ ਕਿਹਾ, ਕੱਲ੍ਹ ਮਨਾਏ ਜਾ ਰਹੇ ਮਹਾਰਿਸ਼ੀ ਭਗਵਾਨ ਵਾਲਮੀਕਿ ਜੈਅੰਤੀ ਦੇ ਸ਼ੁਭ ਦਿਹਾੜੇ ’ਤੇ ਪੰਜਾਬ, ਦੇਸ਼-ਵਿਦੇਸ਼ਾਂ ਵਿੱਚ ਵਸਦੀ ਸਮੂਹ ਸੰਗਤ ਨੂੰ ਲੱਖ-ਲੱਖ ਮੁਬਾਰਕਾਂ। ਆਓ ਸਾਰੇ ਮਹਾਰਿਸ਼ੀ ਭਗਵਾਨ ਵਾਲਮੀਕਿ ਜੀ ਦੁਆਰਾ ਦਰਸਾਏ ਮਾਰਗ ’ਤੇ ਚੱਲਣ ਅਤੇ ਉਨ੍ਹਾਂ ਦੀਆਂ ਉੱਚੀਆਂ-ਸੁੱਚੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਧਾਰਨ ਕਰਨ ਦਾ ਪ੍ਰਣ ਕਰੀਏ।

ਮਹਾਰਿਸ਼ੀ ਭਗਵਾਨ ਵਾਲਮੀਕਿ ਜੀ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸੰਸਕ੍ਰਿਤ ਸਾਹਿਤ ਦੇ ਪਿਤਾਮਾ ਅਤੇ ਆਦਿ ਕਵੀ ਮਹਾਰਿਸ਼ੀ ਭਗਵਾਨ ਵਾਲਮੀਕਿ ਜੀ ਨੇ ਦੁਨੀਆ ਨੂੰ ਰਾਮਾਇਣ ਵਰਗਾ ਅਮਰ ਮਹਾਕਾਵਿ ਦਿੱਤਾ, ਜੋ ਬਦੀ ’ਤੇ ਨੇਕੀ ਦੀ ਜਿੱਤ ਦਾ ਸਦੀਵੀ ਸੁਨੇਹਾ ਦਿੰਦਾ ਹੈ। ਨੈਤਿਕਤਾ, ਆਦਰਸ਼ਕ ਅਗਵਾਈ ਅਤੇ ਧਾਰਮਿਕ ਆਚਰਣ ਬਾਰੇ ਇਸ ਦੀਆਂ ਸਿੱਖਿਆਵਾਂ ਨੇ ਪੀੜ੍ਹੀਆਂ ਦਾ ਮਾਰਗਦਰਸ਼ਨ ਕੀਤਾ ਹੈ ਅਤੇ ਇਹ ਅੱਜ ਵੀ ਪੂਰੀ ਤਰ੍ਹਾਂ ਪ੍ਰਸੰਗਿਕ ਹਨ।

ਮੁੱਖ ਮੰਤਰੀ ਨੇ ਕਿਹਾ, ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਸਾਨੂੰ ਸੱਚ, ਇਨਸਾਨੀਅਤ ਅਤੇ ਸਮਾਜਿਕ ਜ਼ਿੰਮੇਵਾਰੀ ਦੀਆਂ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਮਹਾਰਿਸ਼ੀ ਭਗਵਾਨ ਵਾਲਮੀਕਿ ਜੀ ਦੀਆਂ ਸਿੱਖਿਆਵਾਂ ਸਾਨੂੰ ਯਾਦ ਦਿਵਾਉਂਦੀਆਂ ਹਨ ਕਿ ਧਰਮ, ਬਰਾਬਰੀ ਅਤੇ ਹਰ ਮਨੁੱਖ ਦਾ ਸਤਿਕਾਰ ਹੀ ਸਮਾਜ ਦੀ ਨੀਂਹ ਹੋਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਖੁਸ਼ਕਿਸਮਤ ਹੈ ਕਿ ਇਸ ਦਾ ਸਬੰਧ ਮਹਾਰਿਸ਼ੀ ਭਗਵਾਨ ਵਾਲਮੀਕਿ ਜੀ ਦੀ ਪਵਿੱਤਰ ਵਿਰਾਸਤ ਨਾਲ ਹੈ, ਜਿਨ੍ਹਾਂ ਨੇ ਇਸ ਪਵਿੱਤਰ ਧਰਤੀ ’ਤੇ ਭਗਵਾਨ ਰਾਮ ਦੇ ਸਪੁੱਤਰਾਂ ਲਵ ਅਤੇ ਕੁਸ਼ ਨੂੰ ਗਿਆਨ ਤੇ ਸ਼ਸਤਰ ਵਿੱਦਿਆ ਦਿੱਤੀ। ਉਨ੍ਹਾਂ ਕਿਹਾ ਕਿ ਮਹਾਨ ਸੰਤਾਂ, ਗੁਰੂਆਂ, ਰਿਸ਼ੀਆਂ-ਮੁਨੀਆਂ ਅਤੇ ਸ਼ਹੀਦਾਂ ਨੇ ਹਮੇਸ਼ਾ ਲੋਕਾਂ ਨੂੰ ਵੰਡੀਆਂ ਤੋਂ ਉੱਪਰ ਉੱਠ ਕੇ ਏਕਤਾ, ਭਾਈਚਾਰਕ ਸਾਂਝ ਅਤੇ ਬਰਾਬਰੀ ’ਤੇ ਅਧਾਰਤ ਸਮਾਜ ਦੀ ਸਿਰਜਣਾ ਲਈ ਪ੍ਰੇਰਿਤ ਕੀਤਾ ਹੈ।

ਸਿੱਖਿਆ ਦੀ ਬਦਲਾਅ ਲਿਆਉਣ ਵਾਲੀ ਸ਼ਕਤੀ ’ਤੇ ਜ਼ੋਰ ਦਿੰਦਿਆਂ ਮੁੱਖ

ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਸਿੱਖਿਆ ਸਮਾਜਿਕ ਤਬਦੀਲੀ ਦਾ ਸਭ ਤੋਂ ਕਾਰਗਰ ਹਥਿਆਰ ਹੈ। ਆਰਥਿਕ ਤੌਰ ’ਤੇ ਕਮਜ਼ੋਰ ਪਰਿਵਾਰਾਂ ਦੇ ਬੱਚੇ ਹੁਣ ਦੇਸ਼ ਦੀਆਂ ਸਭ ਤੋਂ ਔਖੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਪਾਸ ਕਰ ਰਹੇ ਹਨ, ਜਿਸ ਨਾਲ ਇਹ ਸਾਬਤ ਹੁੰਦਾ ਹੈ ਕਿ ਯੋਗਤਾ ਕਿਸੇ ਦੀ ਮੁਥਾਜ ਨਹੀਂ ਹੁੰਦੀ।

ਉਨ੍ਹਾਂ ਕਿਹਾ, ਹਰ ਸਾਲ 30 ਲੱਖ ਤੋਂ ਵੱਧ ਵਿਦਿਆਰਥੀ ਨੀਟ ਦੀ ਪ੍ਰੀਖਿਆ ਵਿੱਚ ਬੈਠਦੇ ਹਨ ਅਤੇ ਇਹ ਬਹੁਤ ਹੀ ਮਾਣ ਵਾਲੀ ਗੱਲ ਹੈ ਕਿ ਹਾਲ ਹੀ ਵਿੱਚ ਐਲਾਨੇ ਨਤੀਜਿਆਂ ਵਿੱਚ ਪੰਜਾਬ ਦੇ ਸਰਕਾਰੀ ਸਕੂਲਾਂ ਦੇ 882 ਵਿਦਿਆਰਥੀਆਂ ਨੇ ਇਹ ਪ੍ਰੀਖਿਆ ਪਾਸ ਕੀਤੀ ਹੈ।

ਸਰਕਾਰੀ ਸਕੂਲਾਂ ਦੀ ਸਿੱਖਿਆ ਵਿੱਚ ਆਏ ਸੁਧਾਰ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ, ਸਾਲ 2021 ਵਿੱਚ ਸਰਕਾਰੀ ਸਕੂਲਾਂ ਦੇ ਸਿਰਫ਼ 80 ਵਿਦਿਆਰਥੀਆਂ ਨੇ ਨੀਟ ਪਾਸ ਕੀਤਾ ਸੀ। ਅੱਜ ਇਹ ਗਿਣਤੀ ਵਧ ਕੇ 882 ਹੋ ਗਈ ਹੈ, ਜੋ ਮਹਿਜ਼ ਚਾਰ ਸਾਲਾਂ ਵਿੱਚ ਲਗਪਗ 11 ਗੁਣਾ ਵਾਧਾ ਹੈ। ਇਹ ਪ੍ਰਾਪਤੀ ਸਾਡੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦੇ ਮਿਆਰ ਨੂੰ ਸੁਧਾਰਨ ਲਈ ਕੀਤੇ ਜਾ ਰਹੇ ਸ਼ਾਨਦਾਰ ਯਤਨਾਂ ਨੂੰ ਦਰਸਾਉਂਦੀ ਹੈ।

ਉਨ੍ਹਾਂ ਕਿਹਾ ਕਿ ਇਹ ਪ੍ਰਾਪਤੀ ਇਸ ਲਈ ਵੀ ਬਹੁਤ ਅਹਿਮ ਹੈ ਕਿਉਂਕਿ ਇਨ੍ਹਾਂ ਵਿੱਚੋਂ ਬਹੁਤੇ ਵਿਦਿਆਰਥੀ ਸਾਧਾਰਨ ਆਰਥਿਕ ਪਿਛੋਕੜ ਨਾਲ ਸਬੰਧਤ ਹਨ। ਇਨ੍ਹਾਂ ਦੇ ਮਾਪਿਆਂ ਵਿੱਚ ਰੇਹੜੀ-ਫੜ੍ਹੀ ਵਾਲੇ, ਛੋਟੇ ਦੁਕਾਨਦਾਰ, ਸਬਜ਼ੀ ਵੇਚਣ ਵਾਲੇ ਅਤੇ ਹੋਰ ਮਿਹਨਤਕਸ਼ ਲੋਕ ਸ਼ਾਮਲ ਹਨ, ਜੋ ਆਪਣੇ ਬੱਚਿਆਂ ਦੇ ਚੰਗੇ ਭਵਿੱਖ ਲਈ ਦਿਨ-ਰਾਤ ਮਿਹਨਤ ਕਰਦੇ ਹਨ। ਕੋਈ ਰੇਹੜੀ ਚਲਾਉਂਦਾ ਹੈ, ਕੋਈ ਛੋਟੀ ਦੁਕਾਨ ਚਲਾਉਂਦਾ ਹੈ ਅਤੇ ਕੋਈ ਸਬਜ਼ੀ ਵੇਚ ਕੇ ਗੁਜ਼ਾਰਾ ਕਰਦਾ ਹੈ। ਫਿਰ ਵੀ ਉਨ੍ਹਾਂ ਦੇ ਬੱਚੇ ਹੁਣ ’ਨੀਟ’ ਵਰਗੀਆਂ ਪ੍ਰੀਖਿਆਵਾਂ ਪਾਸ ਕਰ ਕੇ ਡਾਕਟਰ ਬਣਨ ਵੱਲ ਵਧ ਰਹੇ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਇਹ ਸਿੱਖਿਆ ਦੀ ਅਸਲ ਤਾਕਤ ਹੈ ਅਤੇ ਇਹੋ ਬਦਲਾਅ ਅਸੀਂ ਪੰਜਾਬ ਵਿੱਚ ਲਿਆਉਣਾ ਚਾਹੁੰਦੇ ਹਾਂ। ਗਰੀਬੀ ਨੂੰ ਸਿਰਫ਼ ਆਰਥਿਕ ਮਦਦ ਜਾਂ ਰਾਸ਼ਨ ਕਾਰਡਾਂ ਅਤੇ ਹੋਰ ਭਲਾਈ ਯੋਜਨਾਵਾਂ ’ਤੇ ਨਿਰਭਰ ਰੱਖ ਕੇ ਖ਼ਤਮ ਨਹੀਂ ਕੀਤਾ ਜਾ ਸਕਦਾ। ਅਸਲ ਆਰਥਿਕ ਸਮਰੱਥਾ ਗੁਣਵੱਤਾਪੂਰਨ ਸਿੱਖਿਆ ਨਾਲ ਆਉਂਦੀ ਹੈ, ਜੋ ਬੱਚਿਆਂ ਨੂੰ ਮਾਣਯੋਗ ਕਰੀਅਰ ਬਣਾਉਣ ਅਤੇ ਆਪਣੇ ਪਰਿਵਾਰਾਂ ਦਾ ਭਵਿੱਖ ਸੁਰੱਖਿਅਤ ਕਰਨ ਦੇ ਯੋਗ ਬਣਾਉਂਦੀ ਹੈ।

ਉਨ੍ਹਾਂ ਅੱਗੇ ਕਿਹਾ, ਭਲਾਈ ਸਹੂਲਤਾਂ ਸਹਾਰਾ ਦੇ ਸਕਦੀਆਂ ਹਨ ਪਰ ਸਿੱਖਿਆ ਬੱਚਿਆਂ ਨੂੰ ਆਪਣੇ ਪੂਰੇ ਪਰਿਵਾਰ ਦਾ ਭਵਿੱਖ ਬਦਲਣ ਦੀ ਤਾਕਤ ਦਿੰਦੀ ਹੈ। ਆਪਣੇ ਬੱਚਿਆਂ ਨੂੰ ਪੜ੍ਹਾਓ ਅਤੇ ਉਨ੍ਹਾਂ ਨੂੰ ਅਫ਼ਸਰ, ਡਾਕਟਰ ਅਤੇ ਪੇਸ਼ੇਵਰ ਬਣਨ ਵਿੱਚ ਮਦਦ ਕਰੋ ਤਾਂ ਜੋ ਉਹ ਆਪਣੇ ਪਰਿਵਾਰਾਂ ਨੂੰ ਗਰੀਬੀ ਵਿੱਚੋਂ ਬਾਹਰ ਕੱਢ ਸਕਣ। ਜਦੋਂ ਕਿਸੇ ਗਰੀਬ ਘਰ ਦਾ ਬੱਚਾ ਡਾਕਟਰ, ਅਫ਼ਸਰ ਜਾਂ ਸਫ਼ਲ ਪੇਸ਼ੇਵਰ ਬਣਦਾ ਹੈ ਤਾਂ ਇਹ ਪ੍ਰਾਪਤੀ ਨਾ ਸਿਰਫ਼ ਉਸ ਬੱਚੇ ਦੀ ਜ਼ਿੰਦਗੀ ਬਦਲਦੀ ਹੈ, ਸਗੋਂ ਉਸ ਦੇ ਪੂਰੇ ਪਰਿਵਾਰ ਅਤੇ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਵੀ ਸਵਾਰ ਦਿੰਦੀ ਹੈ।

ਇਸ ਪਵਿੱਤਰ ਦਿਹਾੜੇ ’ਤੇ ਵੱਡੀ ਗਿਣਤੀ ਵਿੱਚ ਪੁੱਜੀ ਸੰਗਤ ਦਾ ਸਵਾਗਤ ਕਰਦਿਆਂ ਮੁੱਖ ਮੰਤਰੀ ਨੇ ਮਾਵਾਂ, ਭੈਣਾਂ, ਬਜ਼ੁਰਗਾਂ, ਨੌਜਵਾਨਾਂ ਅਤੇ ਬੱਚਿਆਂ ਦਾ ਆਪਣੀਆਂ ਰੋਜ਼ਾਨਾ ਦੀਆਂ ਜ਼ਿੰਮੇਵਾਰੀਆਂ ਦੇ ਬਾਵਜੂਦ ਸ਼ੋਭਾ ਯਾਤਰਾ ਵਿੱਚ ਸ਼ਾਮਲ ਹੋਣ ਲਈ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ, ਮੈਂ ਅੱਜ ਸਾਡੇ ਨਾਲ ਜੁੜੀ ਸਮੂਹ ਸੰਗਤ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਸਾਡੀਆਂ ਮਾਵਾਂ, ਭੈਣਾਂ, ਭਰਾਵਾਂ ਅਤੇ ਬੱਚਿਆਂ ਦੀ ਹਾਜ਼ਰੀ ਇਸ ਪਵਿੱਤਰ ਦਿਹਾੜੇ ਨੂੰ ਹੋਰ ਵੀ ਖ਼ਾਸ ਬਣਾਉਂਦੀ ਹੈ।

ਉਨ੍ਹਾਂ ਕਿਹਾ ਕਿ ਮਹਾਰਿਸ਼ੀ ਭਗਵਾਨ ਵਾਲਮੀਕਿ ਜੀ ਅਤੇ ਹੋਰ ਮਹਾਨ ਰੂਹਾਨੀ ਸ਼ਖ਼ਸੀਅਤਾਂ ਦੀਆਂ ਸਿੱਖਿਆਵਾਂ ਲੋਕਾਂ ਨੂੰ ਇਨਸਾਨੀਅਤ ਅਤੇ ਆਪਸੀ ਸਤਿਕਾਰ ’ਤੇ ਪਹਿਰਾ ਦੇਣ ਲਈ ਪ੍ਰੇਰਿਤ ਕਰਦੀਆਂ ਰਹਿਣਗੀਆਂ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, ਪੰਜਾਬ ਅਤੇ ਦੇਸ਼ ਦੇ ਮਹਾਨ ਸੰਤਾਂ, ਗੁਰੂਆਂ ਅਤੇ ਸ਼ਹੀਦਾਂ ਦਾ ਸੁਨੇਹਾ ਹਮੇਸ਼ਾ ਇੱਕੋ ਰਿਹਾ ਹੈ: ਏਕਤਾ, ਬਰਾਬਰੀ, ਦਇਆ ਅਤੇ ਹਰ ਮਨੁੱਖ ਦਾ ਸਤਿਕਾਰ। ਮਹਾਰਿਸ਼ੀ ਭਗਵਾਨ ਵਾਲਮੀਕਿ ਜੀ ਨੇ ਦੁਨੀਆ ਨੂੰ ਬਰਾਬਰੀ ਅਤੇ ਧਰਮ ਦਾ ਸੁਨੇਹਾ ਦਿੱਤਾ ਅਤੇ ਸਾਨੂੰ ਯਾਦ ਦਿਵਾਇਆ ਕਿ ਇਨਸਾਨੀਅਤ ਸਭ ਤੋਂ ਉੱਪਰ ਹੈ।

ਪੰਜਾਬ ਨੂੰ ਉਪਜਾਊ ਜ਼ਮੀਨ ਅਤੇ ਭਾਈਚਾਰਕ ਸਾਂਝ ਦੀ ਅਮੀਰ ਵਿਰਾਸਤ ਵਾਲੀ ਧਰਤੀ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ, ਪੰਜਾਬ ਇੱਕ ਅਜਿਹੀ ਧਰਤੀ ਹੈ, ਜਿੱਥੇ ਤੁਸੀਂ ਕੋਈ ਵੀ ਬੀਜ ਬੀਜੋਗੇ ਤਾਂ ਉਹ ਉੱਗ ਜਾਵੇਗਾ, ਪਰ ਇੱਥੇ ਨਫ਼ਰਤ ਦੇ ਬੀਜ ਕਦੇ ਨਹੀਂ ਉੱਗਦੇ। ਸਾਡੇ ਲੋਕ ਪਿਆਰ, ਖ਼ੁਸ਼ੀ ਅਤੇ ਭਾਈਚਾਰਕ ਸਾਂਝ ਨਾਲ ਮਿਲ ਕੇ ਤਿਉਹਾਰ ਮਨਾਉਂਦੇ ਹਨ। ਏਕਤਾ ਦੀ ਇਹ ਭਾਵਨਾ ਸਾਡੀ ਸਭ ਤੋਂ ਵੱਡੀ ਤਾਕਤ ਹੈ ਅਤੇ ਸਾਨੂੰ ਹਰ ਕੀਮਤ ’ਤੇ ਇਸ ਨੂੰ ਬਚਾ ਕੇ ਰੱਖਣਾ ਚਾਹੀਦਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਡੀ ਸਰਕਾਰ, ਸਰਕਾਰੀ ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ ਤਾਂ ਜੋ ਆਰਥਿਕ ਤੌਰ ’ਤੇ ਕਮਜ਼ੋਰ ਵਰਗਾਂ ਦੇ ਬੱਚੇ ਵੀ ਅਮੀਰ ਪਰਿਵਾਰਾਂ ਦੇ ਬੱਚਿਆਂ ਨਾਲ ਬਰਾਬਰੀ ਦੇ ਪੱਧਰ ’ਤੇ ਮੁਕਾਬਲਾ ਕਰ ਸਕਣ। ਪਿਛਲੀਆਂ ਸਰਕਾਰਾਂ ’ਤੇ ਨਿਸ਼ਾਨਾ ਸਾਧਦਿਆਂ ਉਨ੍ਹਾਂ ਕਿਹਾ ਕਿ ਗਰੀਬ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਹੱਕ ਦੇ ਪ੍ਰੀ-ਮੈਟ੍ਰਿਕ ਅਤੇ ਪੋਸਟ-ਮੈਟ੍ਰਿਕ ਸਕਾਲਰਸ਼ਿਪ ਫੰਡਾਂ ਤੋਂ ਵਾਂਝਾ ਰੱਖਿਆ ਗਿਆ, ਜਿਸ ਨਾਲ ਲੋੜਵੰਦ ਪਰਿਵਾਰਾਂ ਦੀਆਂ ਆਸਾਂ ਨੂੰ ਢਾਹ ਲੱਗੀ ਅਤੇ ਯੋਗ ਬੱਚਿਆਂ ਨੂੰ ਅੱਗੇ ਵਧਣ ਦੇ ਮੌਕਿਆਂ ਤੋਂ ਵਾਂਝਾ ਕੀਤਾ ਗਿਆ।

ਉਨ੍ਹਾਂ ਕਿਹਾ, ਸਾਡੀ ਸਰਕਾਰ ਪਛੜੇ ਵਰਗਾਂ ਦੇ ਵਿਦਿਆਰਥੀਆਂ ਦੇ ਹਿੱਤਾਂ ਦੀ ਰਾਖੀ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਸਿੱਖਿਆ ਸਮਾਜਿਕ ਨਿਆਂ ਦਾ ਇੱਕ ਪ੍ਰਭਾਵਸ਼ਾਲੀ ਸਾਧਨ ਬਣੇ। ਗਰੀਬੀ ਦੇ ਕਾਰਨ ਕਿਸੇ ਵੀ ਬੱਚੇ ਨੂੰ ਮੌਕਿਆਂ ਤੋਂ ਵਾਂਝਾ ਨਹੀਂ ਰੱਖਿਆ ਜਾਣਾ ਚਾਹੀਦਾ ਅਤੇ ਕਿਸੇ ਵੀ ਵਿਅਕਤੀ ਨਾਲ ਕੋਈ ਵਿਤਕਰਾ ਨਹੀਂ ਹੋਣਾ ਚਾਹੀਦਾ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮਹਾਰਿਸ਼ੀ ਭਗਵਾਨ ਵਾਲਮੀਕਿ ਜੀ ਦੇ ਆਦਰਸ਼ਾਂ ਦਾ ਸੱਚਾ ਸਤਿਕਾਰ ਇੱਕ ਅਜਿਹੇ ਸਮਾਜ ਦਾ ਨਿਰਮਾਣ ਕਰ ਕੇ ਹੀ ਕੀਤਾ ਜਾ ਸਕਦਾ ਹੈ, ਜਿੱਥੇ ਹਰੇਕ ਵਿਅਕਤੀ ਮਾਣ-ਸਤਿਕਾਰ ਨਾਲ ਜੀ ਸਕੇ ਅਤੇ ਹਰ ਪਰਿਵਾਰ ਸਖ਼ਤ ਮਿਹਨਤ ਅਤੇ ਸਿੱਖਿਆ ਰਾਹੀਂ ਬਿਹਤਰ ਭਵਿੱਖ ਦੀ ਆਸ ਰੱਖ ਸਕੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਮਹਾਰਿਸ਼ੀ ਭਗਵਾਨ ਵਾਲਮੀਕਿ ਜੀ ਦੀਆਂ ਸਿੱਖਿਆਵਾਂ ’ਤੇ ਚੱਲਣ ਅਤੇ ਸਮਾਜਿਕ ਸਦਭਾਵਨਾ, ਭਾਈਚਾਰਕ ਸਾਂਝ ਅਤੇ ਸਮਾਨਤਾ ਨੂੰ ਮਜ਼ਬੂਤ ਕਰਨ ਲਈ ਇਕਜੁੱਟ ਹੋ ਕੇ ਕੰਮ ਕਰਨ।

ਝੋਟਾ ਕਤਲਕਾਂਡ: ਪੁਲਿਸ ਰੇਡਾਂ ਤੋਂ ਨਾਰਾਜ਼ ਰੋਪੜ ਕੈਮਿਸਟ ਐਸੋਸੀਏਸ਼ਨ ਦਾ ਵੱਡਾ ਫ਼ੈਸਲਾ; ਨਸ਼ੀਲੀਆਂ ਸਮਝੀਆਂ ਜਾਂਦੀਆਂ ਦਵਾਈਆਂ ਦੀ ਵਿਕਰੀ ਤੇ ਖ਼ੁਦ ਲਾਈ ਰੋਕ

➢ ਪ੍ਰੇਗਾਬਾਲਿਨ ਸਮੇਤ ਆਦਤ ਪਾਉਣ ਵਾਲੀਆਂ ਦਵਾਈਆਂ ਦੀ ਵਿਕਰੀ ਬੰਦ ਕਰਨ ਦੇ ਫ਼ੈਸਲੇ ਦਾ ਰੋਪੜ ਕੈਮਿਸਟ ਐਸੋਸੀਏਸ਼ਨ ਵੱਲੋਂ ਸਮਰਥਨ ➢ ਇਮਾਨਦਾਰੀ ਨਾਲ ਕਾਰੋਬਾਰ ਕਰਨ ਵਾਲੇ ਕੈਮਿਸਟਾਂ ਨੂੰ ਸਮੂਹਿਕ ਤੌਰ ’ਤੇ ਦੋਸ਼ੀ ਠਹਿਰਾਉਣਾ ਗ਼ਲਤ: ਐਸੋਸੀਏਸ਼ਨ ➢ ਪੰਜਾਬ ਸਰਕਾਰ, ਪੁਲਿਸ ਅਤੇ ਡਰੱਗ ਕੰਟਰੋਲ ਵਿਭਾਗ ਤੋਂ ਨਿਰਪੱਖ ਕਾਰਵਾਈ ਦੀ ਮੰਗ

ਰੋਪੜ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਮਾਨਸਾ ਅੰਦਰ ਹਾਲ ਹੀ ਵਿੱਚ ਵਾਪਰੀ ਮੰਦਭਾਗੀ ਘਟਨਾ ਤੋਂ ਬਾਅਦ ਪੰਜਾਬ ਭਰ ਵਿੱਚ ਪੈਦਾ ਹੋਏ ਹਾਲਾਤ ਦੇ ਮੱਦੇਨਜ਼ਰ ਰੋਪੜ ਡਰੱਗਿਸਟਸ ਐਂਡ ਕੈਮਿਸਟਸ ਐਸੋਸੀਏਸ਼ਨ (ਰਜਿ.) ਨੇ ਕੈਮਿਸਟ ਭਾਈਚਾਰੇ ਪ੍ਰਤੀ ਬਣ ਰਹੇ ਨਕਾਰਾਤਮਕ ਮਾਹੌਲ ’ਤੇ ਗੰਭੀਰ ਚਿੰਤਾ ਪ੍ਰਗਟਾਈ ਹੈ। ਐਸੋਸੀਏਸ਼ਨ ਦਾ ਕਹਿਣਾ ਹੈ ਕਿ ਕੁਝ ਵਿਅਕਤੀਆਂ ਦੀਆਂ ਕਥਿਤ ਗ਼ਲਤ ਸਰਗਰਮੀਆਂ ਕਾਰਨ ਸਮੁੱਚੇ ਪੰਜਾਬ ਦੇ ਕੈਮਿਸਟ ਭਾਈਚਾਰੇ ਨੂੰ ਨਸ਼ੇ ਵਾਲੀਆਂ ਦਵਾਈਆਂ ਦੀ ਵਿਕਰੀ ਨਾਲ ਜੋੜ ਕੇ ਦੇਖਣਾ ਠੀਕ ਨਹੀਂ ਹੈ। ਇਸ ਨਾਲ ਨਿਯਮਾਂ ਅਨੁਸਾਰ ਕਾਰੋਬਾਰ ਕਰਨ ਵਾਲੇ ਹਜ਼ਾਰਾਂ ਇਮਾਨਦਾਰ ਕੈਮਿਸਟਾਂ ਦਾ ਮਨੋਬਲ, ਪੇਸ਼ੇਵਰ ਭਰੋਸਾ ਅਤੇ ਸਮਾਜਿਕ ਸਾਖ ਪ੍ਰਭਾਵਿਤ ਹੋ ਰਹੀ ਹੈ।

ਮੌਜੂਦਾ ਹਾਲਾਤ ਨੂੰ ਗੰਭੀਰਤਾ ਨਾਲ ਲੈਂਦਿਆਂ ਪੰਜਾਬ ਕੈਮਿਸਟਸ ਐਸੋਸੀਏਸ਼ਨ (ਪੀਸੀਏ) ਨੇ ਸੂਬੇ ਦੇ ਵੱਖ-ਵੱਖ ਜ਼ਿਲ੍ਹਿਆਂ ਦੀਆਂ ਕੈਮਿਸਟ ਐਸੋਸੀਏਸ਼ਨਾਂ ਨਾਲ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਸਮੂਹਿਕ ਤੌਰ ’ਤੇ ਫ਼ੈਸਲਾ ਕੀਤਾ ਹੈ ਕਿ ਪ੍ਰੇਗਾਬਾਲਿਨ ਸਮੇਤ ਆਦਤ ਪਾਉਣ ਵਾਲੀਆਂ ਸਾਰੀਆਂ ਦਵਾਈਆਂ (Habit-Forming Medicines) ਦੀ ਵਿਕਰੀ ਤੁਰੰਤ ਪ੍ਰਭਾਵ ਨਾਲ, ਪੀਸੀਏ ਦੇ ਅਗਲੇ ਹੁਕਮਾਂ ਤੱਕ, ਬੰਦ ਰੱਖੀ ਜਾਵੇਗੀ।

ਰੋਪੜ ਡਰੱਗਿਸਟਸ ਐਂਡ ਕੈਮਿਸਟਸ ਐਸੋਸੀਏਸ਼ਨ ਨੇ ਇਸ ਫ਼ੈਸਲੇ ਦਾ ਸਮਰਥਨ ਕਰਦਿਆਂ ਆਪਣੇ ਖੇਤਰ ਦੇ ਸਾਰੇ ਕੈਮਿਸਟਾਂ ਨੂੰ ਇਸ ਦੀ ਪਾਲਣਾ ਯਕੀਨੀ ਬਣਾਉਣ ਦੀ ਅਪੀਲ ਕੀਤੀ ਹੈ। ਮੌਜੂਦਾ ਸਟਾਕ ਸਬੰਧੀ ਲੋੜੀਂਦੀ ਕਾਰਵਾਈ ਲਾਗੂ ਕਾਨੂੰਨਾਂ ਅਤੇ ਅਧਿਕਾਰਤ ਵਾਪਸੀ ਪ੍ਰਕਿਰਿਆ ਅਨੁਸਾਰ ਕਰਨ ਲਈ ਵੀ ਕਿਹਾ ਗਿਆ ਹੈ।

ਐਸੋਸੀਏਸ਼ਨ ਨੇ ਸਪੱਸ਼ਟ ਕੀਤਾ ਕਿ ਜੇਕਰ ਕੋਈ ਵਿਅਕਤੀ ਦਵਾਈਆਂ ਦੀ ਨਾਜਾਇਜ਼ ਵਿਕਰੀ ਜਾਂ ਕਿਸੇ ਹੋਰ ਗ਼ੈਰ-ਕਾਨੂੰਨੀ ਸਰਗਰਮੀ ਵਿੱਚ ਸ਼ਾਮਲ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਪਰ ਕੁਝ ਵਿਅਕਤੀਆਂ ਦੀਆਂ ਗ਼ਲਤੀਆਂ ਲਈ ਪੂਰੇ ਕੈਮਿਸਟ ਭਾਈਚਾਰੇ ਨੂੰ ਦੋਸ਼ੀ ਠਹਿਰਾਉਣਾ ਨਿਆਂਸੰਗਤ ਨਹੀਂ ਹੈ।

ਐਸੋਸੀਏਸ਼ਨ ਅਨੁਸਾਰ, ਕਾਨੂੰਨੀ ਤੌਰ ’ਤੇ ਕਾਰੋਬਾਰ ਕਰਨ ਵਾਲੇ ਕੈਮਿਸਟ ਸਿਹਤ ਸੇਵਾ ਪ੍ਰਣਾਲੀ ਦਾ ਅਹਿਮ ਹਿੱਸਾ ਹਨ। ਉਹ ਮਰੀਜ਼ਾਂ ਨੂੰ ਲੋੜੀਂਦੀਆਂ ਅਤੇ ਅਸਲੀ ਦਵਾਈਆਂ ਮੁਹੱਈਆ ਕਰਵਾਉਂਦੇ ਹਨ ਅਤੇ ਨਿਰਧਾਰਤ ਨਿਯਮਾਂ ਅਨੁਸਾਰ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹਨ। ਇਸ ਲਈ ਕਿਸੇ ਵੀ ਕਾਰਵਾਈ ਦੌਰਾਨ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਅਤੇ ਨਿਯਮਾਂ ਦੀ ਪਾਲਣਾ ਕਰਨ ਵਾਲੇ ਦਵਾਈ ਵਿਕਰੇਤਾਵਾਂ ਵਿਚਕਾਰ ਸਪੱਸ਼ਟ ਫ਼ਰਕ ਰੱਖਿਆ ਜਾਣਾ ਚਾਹੀਦਾ ਹੈ।

ਐਸੋਸੀਏਸ਼ਨ ਨੇ ਕਿਹਾ ਕਿ, ਕੈਮਿਸਟ ਭਾਈਚਾਰੇ ਨੇ ਹਮੇਸ਼ਾ ਔਖੇ ਸਮੇਂ ਵਿੱਚ ਸਮਾਜ ਦੀ ਸੇਵਾ ਕੀਤੀ ਹੈ। ਕੋਰੋਨਾ ਮਹਾਮਾਰੀ ਦੌਰਾਨ, ਜਦੋਂ ਆਮ ਜਨਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਿਆ ਸੀ ਅਤੇ ਲੋਕਾਂ ਨੂੰ ਜ਼ਰੂਰੀ ਸੇਵਾਵਾਂ ਹਾਸਲ ਕਰਨ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਉਸ ਸਮੇਂ ਵੀ ਕੈਮਿਸਟਾਂ ਨੇ ਆਪਣੀ ਜ਼ਿੰਮੇਵਾਰੀ ਨਿਭਾਉਂਦਿਆਂ ਮਰੀਜ਼ਾਂ ਤੱਕ ਦਵਾਈਆਂ ਪਹੁੰਚਾਈਆਂ।

ਇਸ ਦੌਰਾਨ ਕਈ ਕੈਮਿਸਟਾਂ ਨੇ ਲੋੜਵੰਦ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਮੁਹੱਈਆ ਕਰਵਾਈਆਂ ਅਤੇ ਆਰਥਿਕ ਸਹਾਇਤਾ ਦੇ ਕੇ ਵੀ ਮਨੁੱਖਤਾ ਦੀ ਸੇਵਾ ਕੀਤੀ। ਇਸੇ ਤਰ੍ਹਾਂ ਪੰਜਾਬ ਵਿੱਚ ਆਏ ਹੜ੍ਹਾਂ ਦੌਰਾਨ ਵੀ ਕੈਮਿਸਟ ਭਾਈਚਾਰੇ ਨੇ ਪ੍ਰਭਾਵਿਤ ਇਲਾਕਿਆਂ ਵਿੱਚ ਲੋੜੀਂਦੀਆਂ ਦਵਾਈਆਂ ਪਹੁੰਚਾਉਣ ਅਤੇ ਰਾਹਤ ਕਾਰਜਾਂ ਵਿੱਚ ਸਹਿਯੋਗ ਦੇਣ ਲਈ ਆਪਣਾ ਯੋਗਦਾਨ ਪਾਇਆ।

ਐਸੋਸੀਏਸ਼ਨ ਨੇ ਦੱਸਿਆ ਕਿ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੀ ਸਹਾਇਤਾ ਲਈ ਮੁੱਖ ਮੰਤਰੀ ਦੀ ‘ਰੰਗਲਾ ਪੰਜਾਬ’ ਪਹਿਲਕਦਮੀ ਤਹਿਤ ਵੀ ਕੈਮਿਸਟ ਭਾਈਚਾਰੇ ਦੇ ਮੈਂਬਰਾਂ ਨੇ ਆਰਥਿਕ ਸਹਿਯੋਗ ਦਿੱਤਾ। ਐਸੋਸੀਏਸ਼ਨ ਅਨੁਸਾਰ, ਇਹ ਉਦਾਹਰਨਾਂ ਦਰਸਾਉਂਦੀਆਂ ਹਨ ਕਿ ਸਥਾਨਕ ਕੈਮਿਸਟ ਸਿਰਫ਼ ਦਵਾਈਆਂ ਦਾ ਕਾਰੋਬਾਰ ਕਰਨ ਵਾਲੇ ਵਪਾਰੀ ਹੀ ਨਹੀਂ ਹਨ, ਸਗੋਂ ਸਮਾਜ ਦੀਆਂ ਸਿਹਤ ਸਬੰਧੀ ਲੋੜਾਂ ਪੂਰੀਆਂ ਕਰਨ ਵਾਲੇ ਮਹੱਤਵਪੂਰਨ ਸੇਵਾ ਪ੍ਰਦਾਤਾ ਵੀ ਹਨ। ਮੁਸ਼ਕਲ ਹਾਲਾਤ ਵਿੱਚ ਉਨ੍ਹਾਂ ਨੇ ਹਮੇਸ਼ਾ ਲੋਕਾਂ ਦੇ ਨਾਲ ਖੜ੍ਹ ਕੇ ਆਪਣੀ ਸਮਾਜਿਕ ਜ਼ਿੰਮੇਵਾਰੀ ਨਿਭਾਈ ਹੈ।

ਰੋਪੜ ਡਰੱਗਿਸਟਸ ਐਂਡ ਕੈਮਿਸਟਸ ਐਸੋਸੀਏਸ਼ਨ ਨੇ ਪੰਜਾਬ ਸਰਕਾਰ, ਪੁਲਿਸ ਅਤੇ ਡਰੱਗ ਕੰਟਰੋਲ ਵਿਭਾਗ ਨੂੰ ਅਪੀਲ ਕੀਤੀ ਹੈ ਕਿ ਦਵਾਈਆਂ ਦੀ ਵਿਕਰੀ ਨਾਲ ਸਬੰਧਤ ਨਿਯਮਾਂ ਨੂੰ ਨਿਰਪੱਖਤਾ, ਪਾਰਦਰਸ਼ਤਾ ਅਤੇ ਜ਼ਿੰਮੇਵਾਰੀ ਨਾਲ ਲਾਗੂ ਕੀਤਾ ਜਾਵੇ। ਐਸੋਸੀਏਸ਼ਨ ਨੇ ਕਿਹਾ ਕਿ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ, ਪਰ ਇਮਾਨਦਾਰੀ ਨਾਲ ਕਾਰੋਬਾਰ ਕਰਨ ਵਾਲੇ ਕੈਮਿਸਟਾਂ ਨੂੰ ਬਿਨਾਂ ਵਜ੍ਹਾ ਪ੍ਰੇਸ਼ਾਨ ਕਰਨ ਤੋਂ ਗੁਰੇਜ਼ ਕੀਤਾ ਜਾਣਾ ਚਾਹੀਦਾ ਹੈ। ਕੁਝ ਵਿਅਕਤੀਆਂ ਦੇ ਕਥਿਤ ਗ਼ਲਤ ਕੰਮਾਂ ਕਾਰਨ ਸਮੁੱਚੇ ਭਾਈਚਾਰੇ ਦੀ ਸਮਾਜਿਕ ਸਾਖ ਨੂੰ ਠੇਸ ਪਹੁੰਚਾਉਣਾ ਵੀ ਉਚਿਤ ਨਹੀਂ ਹੈ।

ਐਸੋਸੀਏਸ਼ਨ ਨੇ ਜ਼ੋਰ ਦੇ ਕੇ ਕਿਹਾ ਕਿ ਨਸ਼ਿਆਂ ਵਿਰੁੱਧ ਲੜਾਈ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਸਰਕਾਰ, ਪੁਲਿਸ ਪ੍ਰਸ਼ਾਸਨ, ਸਿਹਤ ਸੇਵਾ ਪ੍ਰਦਾਤਾਵਾਂ ਅਤੇ ਸਮਾਜ ਨੂੰ ਮਿਲ ਕੇ ਕੰਮ ਕਰਨਾ ਪਵੇਗਾ। ਦਵਾਈਆਂ ਦੀ ਵੰਡ ਪ੍ਰਣਾਲੀ ਨੂੰ ਜ਼ਿੰਮੇਵਾਰ ਬਣਾਉਣਾ ਅਤੇ ਜਨਤਕ ਸਿਹਤ ਦੀ ਸੁਰੱਖਿਆ ਯਕੀਨੀ ਬਣਾਉਣਾ ਇਸ ਮੁਹਿੰਮ ਦੇ ਅਹਿਮ ਪਹਿਲੂ ਹਨ।

ਰੋਪੜ ਡਰੱਗਿਸਟਸ ਐਂਡ ਕੈਮਿਸਟਸ ਐਸੋਸੀਏਸ਼ਨ (ਰਜਿ.) ਨੇ ਮੁੜ ਦੁਹਰਾਇਆ ਕਿ ਉਹ ਨਸ਼ਿਆਂ ਵਿਰੁੱਧ ਲੜਾਈ, ਜਨਤਕ ਸਿਹਤ ਦੀ ਸੁਰੱਖਿਆ ਅਤੇ ਕਾਨੂੰਨ ਅਨੁਸਾਰ ਦਵਾਈਆਂ ਦੀ ਵੰਡ ਪ੍ਰਣਾਲੀ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਦੇ ਨਾਲ ਹੀ ਐਸੋਸੀਏਸ਼ਨ ਨੇ ਕਿਹਾ ਕਿ ਸਮਾਜ ਦੀ ਸੇਵਾ ਕਰਨ ਵਾਲੇ ਇਮਾਨਦਾਰ ਕੈਮਿਸਟਾਂ ਦੇ ਮਾਣ-ਸਨਮਾਨ, ਸਮਾਜਿਕ ਸਾਖ ਅਤੇ ਅਧਿਕਾਰਾਂ ਦੀ ਰੱਖਿਆ ਕਰਨਾ ਵੀ ਜ਼ਰੂਰੀ ਹੈ।

ਨਸ਼ਿਆਂ ਵਿਰੁੱਧ ਕਾਰਵਾਈ ਕਰਦਿਆਂ ਦੋਸ਼ੀਆਂ ਨੂੰ ਕਾਨੂੰਨ ਅਨੁਸਾਰ ਸਜ਼ਾ ਦਿਵਾਉਣ ਦੇ ਨਾਲ-ਨਾਲ ਬੇਕਸੂਰ ਅਤੇ ਨਿਯਮਾਂ ਦੀ ਪਾਲਣਾ ਕਰਨ ਵਾਲੇ ਵਪਾਰੀਆਂ ਨਾਲ ਨਿਆਂ ਕਰਨਾ ਵੀ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ।

ਪਰਾਲੀ ਸਾੜਨ ਦੀ ਬਜਾਏ ਆਧੁਨਿਕ ਤਕਨੀਕ ਅਪਣਾਉਣ ਕਿਸਾਨ: ਮੁੱਖ ਖੇਤੀਬਾੜੀ ਅਫ਼ਸਰ

ਬਠਿੰਡਾ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਬਠਿੰਡਾ ਦੇ ਪਿੰਡ ਕੋਟਸਮੀਰ ਦੇ ਅਗਾਂਹਵਧੂ ਕਿਸਾਨ ਅਮਰੀਕ ਸਿੰਘ ਪੁੱਤਰ ਜਗੀਰ ਸਿੰਘ ਨੇ ਝੋਨੇ ਦੀ ਪਰਾਲੀ ਦੇ ਸੁਚੱਜੇ ਸੰਭਾਲ ਲਈ ਰਾਊਂਡ ਬੇਲਰ ਮਸ਼ੀਨ ਦੀ ਵਰਤੋਂ ਕਰਕੇ ਪਰਾਲੀ ਦੀਆਂ ਗੱਠਾਂ ਤਿਆਰ ਕੀਤੀਆਂ ਹਨ। ਉਨ੍ਹਾਂ ਵੱਲੋਂ ਅਪਣਾਈ ਗਈ ਇਸ ਆਧੁਨਿਕ ਤਕਨੀਕ ਨਾਲ ਪਰਾਲੀ ਨੂੰ ਅੱਗ ਲਗਾਉਣ ਦੀ ਲੋੜ ਨਹੀਂ ਪੈਂਦੀ ਅਤੇ ਇਸ ਦੀ ਸੁਚੱਜੀ ਸੰਭਾਲ ਕੀਤੀ ਜਾ ਸਕਦੀ ਹੈ। ਕਿਸਾਨ ਅਮਰੀਕ ਸਿੰਘ ਦਾ ਇਹ ਉਪਰਾਲਾ ਵਾਤਾਵਰਨ ਦੀ ਸੁਰੱਖਿਆ ਅਤੇ ਖੇਤੀਬਾੜੀ ਨੂੰ ਟਿਕਾਊ ਬਣਾਉਣ ਵੱਲ ਇੱਕ ਸ਼ਲਾਘਾਯੋਗ ਕਦਮ ਹੈ।

ਕਿਸਾਨ ਅਮਰੀਕ ਸਿੰਘ ਨੇ ਆਧੁਨਿਕ ਖੇਤੀ ਮਸ਼ੀਨਰੀ ਦੀ ਵਰਤੋਂ ਕਰਕੇ ਹੋਰਨਾਂ ਕਿਸਾਨਾਂ ਨੂੰ ਵੀ ਪਰਾਲੀ ਸੰਭਾਲ ਲਈ ਪ੍ਰੇਰਿਤ ਕੀਤਾ ਹੈ। ਪਰਾਲੀ ਨੂੰ ਅੱਗ ਨਾ ਲਗਾਉਣ ਨਾਲ ਹਵਾ ਦੇ ਪ੍ਰਦੂਸ਼ਣ ਨੂੰ ਘਟਾਉਣ, ਮਿੱਟੀ ਦੀ ਉਪਜਾਊ ਸ਼ਕਤੀ ਬਰਕਰਾਰ ਰੱਖਣ ਅਤੇ ਵਾਤਾਵਰਨ ਨੂੰ ਸਾਫ਼-ਸੁਥਰਾ ਬਣਾਉਣ ਵਿੱਚ ਮਦਦ ਮਿਲਦੀ ਹੈ। ਉਨ੍ਹਾਂ ਦਾ ਇਹ ਉਪਰਾਲਾ ਹੋਰਨਾਂ ਕਿਸਾਨਾਂ ਲਈ ਪ੍ਰੇਰਨਾਦਾਇਕ ਹੈ ਅਤੇ ਕਿਸਾਨਾਂ ਨੂੰ ਪਰਾਲੀ ਸਾੜਨ ਦੀ ਬਜਾਏ ਆਧੁਨਿਕ ਤਕਨੀਕਾਂ ਅਪਣਾ ਕੇ ਇਸ ਦਾ ਸੁਚੱਜਾ ਪ੍ਰਬੰਧਨ ਕਰਨ ਦਾ ਸੰਦੇਸ਼ ਦਿੰਦਾ ਹੈ।

ਮੁੱਖ ਖੇਤੀਬਾੜੀ ਅਫ਼ਸਰ ਡਾ. ਹਰਪ੍ਰੀਤ ਪਾਲ ਕੌਰ ਨੇ ਕਿਸਾਨ ਅਮਰੀਕ ਸਿੰਘ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਵੀ ਫ਼ਸਲਾਂ ਦੀ ਰਹਿੰਦ-ਖੂੰਹਦ ਦੇ ਦੀ ਸੰਭਾਲ ਲਈ ਆਧੁਨਿਕ ਮਸ਼ੀਨਾਂ ਦੀ ਵਰਤੋਂ ਕਰਨ। ਉਨ੍ਹਾਂ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ, ਮਿੱਟੀ ਅਤੇ ਪਾਣੀ ਦੀ ਸਿਹਤ ’ਤੇ ਮਾੜਾ ਅਸਰ ਪੈਂਦਾ ਹੈ ਅਤੇ ਜ਼ਮੀਨ ਵਿੱਚ ਮੌਜੂਦ ਮਿੱਤਰ ਕੀਟ ਨਸ਼ਟ ਹੋ ਜਾਂਦੇ ਹਨ । ਜਿਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਪ੍ਰਭਾਵਿਤ ਹੁੰਦੀ ਹੈ।

ਮੁੱਖ ਖੇਤੀਬਾੜੀ ਅਫ਼ਸਰ ਨੇ ਕਿਸਾਨਾਂ ਨੂੰ ਸਲਾਹ ਦਿੱਤੀ ਕਿ ਉਹ ਸਹਿਕਾਰੀ ਸਭਾਵਾਂ ਅਤੇ ਹੋਰ ਉਪਲਬਧ ਸਾਧਨਾਂ ਰਾਹੀਂ ਬੇਲਰ ਸਮੇਤ ਫ਼ਸਲਾਂ ਦੀ ਰਹਿੰਦ-ਖੂੰਹਦ ਦੀ ਸੰਭਾਲ ਲਈ ਵਰਤੀਆਂ ਜਾਣ ਵਾਲੀਆਂ ਮਸ਼ੀਨਾਂ ਦਾ ਲਾਭ ਲੈਣ ਅਤੇ ਪਰਾਲੀ ਦਾ ਵਾਤਾਵਰਨ ਪੱਖੀ ਤਰੀਕਿਆਂ ਨਾਲ ਨਿਪਟਾਰਾ ਕਰਨ। ਉਨ੍ਹਾਂ ਕਿਹਾ ਕਿ ਅਮਰੀਕ ਸਿੰਘ ਵਰਗੇ ਅਗਾਂਹਵਧੂ ਕਿਸਾਨਾਂ ਨੂੰ ਆਪਣੇ ਆਲੇ-ਦੁਆਲੇ ਦੇ ਕਿਸਾਨਾਂ ਨੂੰ ਵੀ ਪਰਾਲੀ ਨਾ ਸਾੜਨ ਲਈ ਪ੍ਰੇਰਿਤ ਕਰਨਾ ਚਾਹੀਦਾ ਹੈ, ਤਾਂ ਜੋ ਵਾਤਾਵਰਨ ਦੀ ਸੁਰੱਖਿਆ ਦੇ ਨਾਲ-ਨਾਲ ਖੇਤੀਬਾੜੀ ਨੂੰ ਵੀ ਟਿਕਾਊ ਬਣਾਇਆ ਜਾ ਸਕੇ।

ਇਸ ਮੌਕੇ ਖੇਤੀਬਾੜੀ ਵਿਕਾਸ ਅਫ਼ਸਰ ਡਾ. ਗੁਰਜੀਤ ਵਿਰਕ, ਡਾ. ਅਸਮਾਨਦੀਪ ਸਿੰਘ, ਟੈਕਨੀਕਲ ਅਸਿਸਟੈਂਟ ਸੁਖਦੀਪ ਸਿੰਘ ਜੂਨੀਅਰ ਅਤੇ ਅਮਨਦੀਪ ਕੌਰ ਵੀ ਹਾਜ਼ਰ ਸਨ।

ਨਸ਼ਿਆਂ ਵਿਰੁੱਧ ਜ਼ਿਲ੍ਹਾ ਪ੍ਰਸ਼ਾਸਨ ਦੀ ਵੱਡੀ ਪਹਿਲ, ਡਿਪਟੀ ਕਮਿਸ਼ਨਰ ਅਤੇ ਜ਼ਿਲ੍ਹਾ ਪੁਲਿਸ ਮੁਖੀ ਵੱਲੋਂ ਪਿੰਡਾਂ ’ਚ ਲੋਕਾਂ ਨਾਲ ਮੀਟਿੰਗਾਂ

ਬਠਿੰਡਾ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ’ਯੁੱਧ ਨਸ਼ਿਆਂ ਵਿਰੁੱਧ’ ਮੁਹਿੰਮ ਨੂੰ ਹੋਰ ਤੇਜ਼ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਿੰਡ ਪੱਧਰ ’ਤੇ ਜਾਗਰੂਕਤਾ ਮੀਟਿੰਗਾਂ ਤਹਿਤ ਅੱਜ ਡਿਪਟੀ ਕਮਿਸ਼ਨਰ ਬਠਿੰਡਾ ਸ੍ਰੀ ਰਾਜੇਸ਼ ਧੀਮਾਨ ਅਤੇ ਜ਼ਿਲ੍ਹਾ ਪੁਲਿਸ ਮੁਖੀ ਸ਼੍ਰੀ ਸੁਹੇਲ ਕਾਸਿਮ ਮੀਰ ਵੱਲੋਂ ਜ਼ਿਲ੍ਹੇ ਦੇ ਪਿੰਡ ਭੋਖੜਾ ਅਤੇ ਜੀਦਾ ਦਾ ਦੌਰਾ ਕਰਕੇ ਪਿੰਡ ਵਾਸੀਆਂ ਨਾਲ ਸਿੱਧੀ ਗੱਲਬਾਤ ਕੀਤੀ ਗਈ। ਮੀਟਿੰਗਾਂ ਦੌਰਾਨ ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ਼ ਧੀਮਾਨ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਮੁੱਖ ਟੀਚਾ ਪੰਜਾਬ ਨੂੰ ਫਿਰ ਤੋਂ ਰੰਗਲਾ ਪੰਜਾਬ ਬਣਾਉਣਾ ਹੈ ਅਤੇ ਇਹ ਟੀਚਾ ਲੋਕਾਂ ਦੇ ਸਹਿਯੋਗ ਤੋਂ ਬਿਨਾਂ ਪੂਰਾ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਕਿ ਨਸ਼ਾ ਇੱਕ ਸਮਾਜਿਕ ਬੁਰਾਈ ਹੈ ਜੋ ਪੂਰੇ ਪਰਿਵਾਰ ਨੂੰ ਤਬਾਹ ਕਰ ਦਿੰਦੀ ਹੈ, ਇਸ ਲਈ ਹਰ ਪਿੰਡ ਵਿੱਚ ਡਿਫੈਂਸ ਕਮੇਟੀਆਂ ਨੂੰ ਹੋਰ ਸਰਗਰਮ ਕੀਤਾ ਜਾਵੇਗਾ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿ ਕੇ ਖੇਡਾਂ, ਸਿੱਖਿਆ ਅਤੇ ਹੁਨਰ ਵਿਕਾਸ ਵੱਲ ਧਿਆਨ ਦੇਣ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਿੰਡਾਂ ਚ ਖੇਡਾਂ ਦੀਆਂ ਟੀਮਾਂ ਬਣਾਈਆਂ ਜਾ ਰਹੀਆਂ ਹਨ, ਜਿਨ੍ਹਾਂ ਦੇ ਆਪਸ ਵਿਚ ਮੁਕਾਬਲੇ ਕਰਵਾਏ ਜਾਣਗੇ। ਇਸ ਮੌਕੇ ਜ਼ਿਲ੍ਹਾ ਪੁਲਿਸ ਮੁਖੀ ਸ਼੍ਰੀ ਸੁਹੇਲ ਕਾਸਿਮ ਮੀਰ ਨੇ ਸਖ਼ਤ ਸੰਦੇਸ਼ ਦਿੰਦਿਆਂ ਕਿਹਾ ਕਿ ਨਸ਼ਾ ਵੇਚਣ ਵਾਲਿਆਂ ਨੂੰ ਕਿਸੇ ਵੀ ਕੀਮਤ ’ਤੇ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਕਿਸੇ ਨੂੰ ਵੀ ਆਪਣੇ ਪਿੰਡ ਜਾਂ ਆਲੇ-ਦੁਆਲੇ ਨਸ਼ਾ ਵਿਕਣ ਦੀ ਸੂਚਨਾ ਮਿਲਦੀ ਹੈ ਤਾਂ ਉਹ ਬੇਝਿਜਕ ਪੁਲਿਸ ਹੈਲਪਲਾਈਨ 112 ਜਾਂ ਐਂਟੀ-ਡਰੱਗ ਹੈਲਪਲਾਈਨ ਨੰਬਰ ’ਤੇ ਸੂਚਨਾ ਦੇ ਸਕਦਾ ਹੈ, ਸੂਚਨਾ ਦੇਣ ਵਾਲੇ ਦੀ ਪਛਾਣ ਪੂਰੀ ਤਰ੍ਹਾਂ ਗੁਪਤ ਰੱਖੀ ਜਾਵੇਗੀ। ਉਨ੍ਹਾਂ ਅੱਗੇ ਦੱਸਿਆ ਕਿ ਨਸ਼ੇ ਦੀ ਦਲਦਲ ਵਿੱਚ ਫਸੇ ਨੌਜਵਾਨਾਂ ਦੇ ਇਲਾਜ ਲਈ ਸਰਕਾਰੀ ਨਸ਼ਾ ਛੁਡਾਊ ਕੇਂਦਰਾਂ ਵਿੱਚ ਮੁਫ਼ਤ ਇਲਾਜ, ਕਾਊਂਸਲਿੰਗ ਕੀਤੀ ਜਾਂਦੀ ਹੈ।

ਛਠ ਪੂਜਾ ਦੀਆਂ ਤਿਆਰੀਆਂ ਨੂੰ ਲੈ ਕੇ ਚੰਡੀਗੜ੍ਹ ਦੇ ਸੈਕਟਰ-42 ਦੀ ਝੀਲ ਤੇ ਵਿਵਸਥਾਵਾਂ ਦੀ ਸਮੀਖਿਆ

ਚੰਡੀਗੜ੍ਹ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-
ਯੂ.ਟੀ. ਚੰਡੀਗੜ੍ਹ ਦੇ ਇੰਜੀਨੀਅਰਿੰਗ ਵਿਭਾਗ ਦੇ ਮੁੱਖ ਇੰਜੀਨੀਅਰ, ਸ੍ਰੀ ਸੀ. ਬੀ. ਓਝਾ ਨੇ ਵਿਭਾਗੀ ਅਧਿਕਾਰੀਆਂ ਦੇ ਨਾਲ ਸੈਕਟਰ-42 ਸਥਿਤ ਝੀਲ ਦਾ ਦੌਰਾ ਕਰਕੇ ਆਗਾਮੀ ਛਠ ਪੂਜਾ ਪੁਰਬ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ। ਇਸ ਅਵਸਰ 'ਤੇ 'ਪੂਰਵਾਂਚਲ ਵੈਲਫੇਅਰ ਐਸੋਸੀਏਸ਼ਨ, ਚੰਡੀਗੜ੍ਹ' ਦੇ ਚੇਅਰਮੈਨ ਸ੍ਰੀ ਰਾਜੇਂਦਰ ਸਿੰਘ, ਸ੍ਰੀ ਬੀ. ਕੇ. ਸਿੰਘ ਤੇ ਸ੍ਰੀ ਚੰਦਰਮਾ ਮਿਸ਼ਰਾ ਵੀ ਉਪਸਥਿਤ ਰਹੇ।

ਦੌਰੇ ਦੇ ਦੌਰਾਨ ਅਧਿਕਾਰੀਆਂ ਨੇ ਝੀਲ ਪਰਿਸਰ ਦਾ ਨਿਰੀਖਣ ਕੀਤਾ ਅਤੇ ਛਠ ਪੂਜਾ ਦੇ ਸੁਚਾਰੂ, ਸੁਰੱਖਿਅਤ ਅਤੇ ਵਿਵਸਥਿਤ ਆਯੋਜਨ ਲਈ ਕੀਤੀਆਂ ਜਾ ਰਹੀਆਂ ਤਿਆਰੀਆਂ ਦੀ ਸਮੀਖਿਆ ਕੀਤੀ। ਇਸ ਦੌਰਾਨ ਸ਼ਰਧਾਲੂਆਂ ਦੀ ਸੁਰੱਖਿਆ, ਸਵੱਛਤਾ ਅਤੇ ਸੁਵਿਧਾਵਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ।

ਤਿਆਰੀਆਂ ਦੇ ਤਹਿਤ ਸੀਸੀਟੀਵੀ ਕੈਮਰੇ ਲਗਾਉਣ, ਚੌਬੀ ਘੰਟੇ ਨਿਗਰਾਨੀ ਲਈ 24x7 ਕੰਟਰੋਲ ਰੂਮ ਸਥਾਪਿਤ ਕਰਨ ਅਤੇ ਪੁਰਬ ਦੇ ਦੌਰਾਨ ਨਿਰਵਿਘਨ ਬਿਜਲੀ ਸਪਲਾਈ ਸੁਨਿਸ਼ਚਿਤ ਕਰਨ ਲਈ ਉਚਿਤ ਪ੍ਰਕਾਸ਼ ਵਿਵਸਥਾ ਅਤੇ ਪਾਵਰ ਬੈਕਅੱਪ ਉਪਲਬਧ ਕਰਵਾਉਣ 'ਤੇ ਚਰਚਾ ਕੀਤੀ ਗਈ।

ਇਸ ਤੋਂ ਇਲਾਵਾ, ਝੀਲ ਪਰਿਸਰ ਵਿੱਚ ਸਥਿਤ ਪੁਲ ਦੀ ਮੁਰੰਮਤ ਅਤੇ ਰੰਗ-ਰੋਗਨ, ਪਰਿਸਰ ਦੀ ਵਿਆਪਕ ਸਫ਼ਾਈ ਅਤੇ ਸ਼ਰਧਾਲੂਆਂ ਅਤੇ ਆਉਣ ਵਾਲੇ ਲੋਕਾਂ ਦੀ ਸੁਵਿਧਾ ਲਈ ਉਚਿਤ ਪਾਰਕਿੰਗ ਵਿਵਸਥਾ ਦੀ ਵੀ ਸਮੀਖਿਆ ਕੀਤੀ ਗਈ, ਤਾਕਿ ਪੁਰਬ ਦੇ ਦੌਰਾਨ ਆਵਾਗਮਨ ਸੁਚਾਰੂ ਬਣਿਆ ਰਹੇ।

ਚੀਫ ਇੰਜੀਨੀਅਰ ਸ੍ਰੀ ਸੀ. ਬੀ. ਓਝਾ ਨੇ ਸਬੰਧਿਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਾਰੇ ਜ਼ਰੂਰੀ ਕਾਰਜ ਸਮਾਂਬੱਧ ਤਰੀਕੇ ਨਾਲ ਪੂਰੇ ਕੀਤੇ ਜਾਣ। ਉਨ੍ਹਾਂ ਨੇ ਵਿਭਾਗਾਂ ਦੇ ਦਰਮਿਆਨ ਬਿਹਤਰ ਤਾਲਮੇਲ ਬਣਾਈ ਰੱਖਣ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਛਠ ਪੂਜਾ ਸ਼ੁਰੂ ਹੋਣ ਤੋਂ ਪਹਿਲਾਂ ਸਾਰੀਆਂ ਜ਼ਰੂਰੀ ਸੁਵਿਧਾਵਾਂ ਸੁਨਿਸ਼ਚਿਤ ਕੀਤੀਆਂ ਜਾਣ।

ਇੰਜੀਨੀਅਰਿੰਗ ਵਿਭਾਗ, ਚੰਡੀਗੜ੍ਹ ਪ੍ਰਸ਼ਾਸਨ ਅਤੇ 'ਪੂਰਵਾਂਚਲ ਵੈਲਫੇਅਰ ਐਸੋਸੀਏਸ਼ਨ' ਦੇ ਆਪਸੀ ਤਾਲਮੇਲ ਨਾਲ ਸ਼ਰਧਾਲੂਆਂ ਲਈ ਸੁਰੱਖਿਅਤ, ਸਵੱਛ ਅਤੇ ਸੁਵਿਵਸਥਿਤ ਵਾਤਾਵਰਣ ਉਪਲਬਧ ਕਰਵਾਉਣ ਦੇ ਪ੍ਰਯਾਸ ਕੀਤੇ ਜਾ ਰਹੇ ਹਨ, ਤਾਕਿ ਸੈਕਟਰ-42 ਝੀਲ ਵਿਖੇ ਛਠ ਪੂਜਾ ਦਾ ਪੁਰਬ ਸ਼ਾਂਤੀਪੂਰਨ ਅਤੇ ਸੁਚਾਰੂ ਤੌਰ 'ਤੇ ਸੰਪੰਨ ਹੋ ਸਕੇ।

ਕਣਕ ਵਿੱਚ ਸੰਤੁਲਿਤ ਖਾਦਾਂ ਦੀ ਵਰਤੋਂ ਕਰਨ ਕਿਸਾਨ: ਡਾ. ਗਰਗ

ਧੂਰੀ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-
ਕੁਦਰਤੀ ਸਰੋਤਾਂ ਦੀ ਸੰਭਾਲ ਅਤੇ ਖੇਤੀਬਾੜੀ ਨੂੰ ਵਧੇਰੇ ਟਿਕਾਊ ਬਣਾਉਣ ਦੇ ਉਦੇਸ਼ ਨਾਲ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀਏਯੂ), ਲੁਧਿਆਣਾ ਦੇ ਨਿਰਦੇਸ਼ਕ ਪਸਾਰ ਸਿੱਖਿਆ ਦੇ ਦਿਸ਼ਾ-ਨਿਰਦੇਸ਼ਾਂ ਹੇਠ ਫਾਰਮ ਸਲਾਹਕਾਰ ਸੇਵਾ ਕੇਂਦਰ (ਐਫਏਐਸਸੀ), ਸੰਗਰੂਰ ਵੱਲੋਂ ਪਿੰਡ ਹੇੜੀਕੇ ਦੀ ਕੋਆਪ੍ਰੇਟਿਵ ਸੁਸਾਇਟੀ ਵਿਖੇ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ।

ਇਸ ਦੌਰਾਨ ਝੋਨੇ ਦੀ ਪਰਾਲੀ ਦੇ ਵਿਗਿਆਨਕ ਪ੍ਰਬੰਧਨ, ਖਾਦਾਂ ਦੀ ਸੰਤੁਲਿਤ ਵਰਤੋਂ, ਫਾਸਫੋਰਸ ਦੇ ਬਦਲਵੇਂ ਸਰੋਤਾਂ, ਕਣਕ ਦੀਆਂ ਸੁਧਰੀਆਂ ਕਿਸਮਾਂ ਅਤੇ ਹਾੜ੍ਹੀ ਦੀਆਂ ਫ਼ਸਲਾਂ ਦੀ ਵਿਭਿੰਨਤਾ ਬਾਰੇ ਕਿਸਾਨਾਂ ਨੂੰ ਜਾਣਕਾਰੀ ਦਿੱਤੀ ਗਈ। ਕੈਂਪ ਵਿੱਚ ਹੇੜੀਕੇ ਦੇ 30 ਤੋਂ ਵੱਧ ਕਿਸਾਨਾਂ ਨੇ ਭਾਗ ਲਿਆ।

ਡਾ. ਅਸ਼ੋਕ ਕੁਮਾਰ ਗਰਗ, ਸੀਨੀਅਰ ਪਸਾਰ ਵਿਗਿਆਨੀ ਅਤੇ ਇੰਚਾਰਜ ਨੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਸਾੜਨ ਦੀ ਪ੍ਰਥਾ ਛੱਡ ਕੇ ਇਸ ਨੂੰ ਮਿੱਟੀ ਦੀ ਸਿਹਤ ਸੁਧਾਰਨ ਲਈ ਵਰਤਣ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਫ਼ਸਲਾਂ ਦੀ ਰਹਿੰਦ-ਖੂੰਹਦ ਜੈਵਿਕ ਕਾਰਬਨ ਅਤੇ ਪੌਦਿਆਂ ਲਈ ਜ਼ਰੂਰੀ ਖੁਰਾਕੀ ਤੱਤਾਂ ਦਾ ਮਹੱਤਵਪੂਰਨ ਸਰੋਤ ਹੈ। ਇਸ ਨੂੰ ਖੇਤਾਂ ਵਿੱਚ ਹੀ ਸੰਭਾਲਣ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਸੁਧਾਰ ਅਤੇ ਲੰਮੇ ਸਮੇਂ ਤੱਕ ਫ਼ਸਲਾਂ ਦੀ ਉਤਪਾਦਕਤਾ ਬਣਾਈ ਰੱਖਣ ਵਿੱਚ ਮਦਦ ਮਿਲਦੀ ਹੈ।

ਪਰਾਲੀ ਸਾੜਨ ਨਾਲ ਹੋਣ ਵਾਲੇ ਨੁਕਸਾਨਾਂ ਬਾਰੇ ਜਾਣਕਾਰੀ ਦਿੰਦਿਆਂ ਡਾ. ਗਰਗ ਨੇ ਦੱਸਿਆ ਕਿ ਇੱਕ ਟਨ ਝੋਨੇ ਦੀ ਪਰਾਲੀ ਸਾੜਨ ਨਾਲ ਲਗਭਗ 400 ਕਿਲੋਗ੍ਰਾਮ ਜੈਵਿਕ ਕਾਰਬਨ, 5.5 ਕਿਲੋਗ੍ਰਾਮ ਨਾਈਟ੍ਰੋਜਨ, 2.3 ਕਿਲੋਗ੍ਰਾਮ ਫਾਸਫੋਰਸ, 25 ਕਿਲੋਗ੍ਰਾਮ ਪੋਟਾਸ਼ੀਅਮ ਅਤੇ 1.2 ਕਿਲੋਗ੍ਰਾਮ ਗੰਧਕ ਦਾ ਨੁਕਸਾਨ ਹੁੰਦਾ ਹੈ। ਉਨ੍ਹਾਂ ਕਿਸਾਨਾਂ ਨੂੰ ਹੈਪੀ ਸੀਡਰ, ਸੁਪਰ ਸੀਡਰ, ਪੀਏਯੂ ਸਮਾਰਟ ਸੀਡਰ ਅਤੇ ਸਰਫੇਸ ਸੀਡਿੰਗ-ਕਮ-ਮਲਚਿੰਗ ਵਰਗੀਆਂ ਪੀਏਯੂ ਦੀਆਂ ਸਿਫ਼ਾਰਸ਼ ਕੀਤੀਆਂ ਮਸ਼ੀਨਾਂ ਅਤੇ ਤਕਨੀਕਾਂ ਅਪਣਾਉਣ ਲਈ ਪ੍ਰੇਰਿਤ ਕੀਤਾ, ਤਾਂ ਜੋ ਪਰਾਲੀ ਨੂੰ ਅੱਗ ਲਗਾਏ ਬਿਨਾਂ ਅਗਲੀ ਕਣਕ ਦੀ ਫ਼ਸਲ ਦੀ ਬਿਜਾਈ ਕੀਤੀ ਜਾ ਸਕੇ।

ਖਾਦ ਪ੍ਰਬੰਧਨ ਬਾਰੇ ਚਰਚਾ ਕਰਦਿਆਂ ਡਾ. ਗਰਗ ਨੇ ਜ਼ੋਰ ਦਿੱਤਾ ਕਿ ਖਾਦਾਂ ਦੀ ਵਰਤੋਂ ਮਿੱਟੀ ਦੀ ਪਰਖ, ਫ਼ਸਲ ਦੀ ਲੋੜ ਅਤੇ ਖੁਰਾਕੀ ਤੱਤਾਂ ਦੀ ਸੰਤੁਲਿਤ ਪੂਰਤੀ ਦੇ ਆਧਾਰ 'ਤੇ ਕਰਨੀ ਚਾਹੀਦੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਫਾਸਫੋਰਸ ਦੀ ਪੂਰਤੀ ਲਈ ਡੀਏਪੀ ਹੀ ਇਕਲੌਤਾ ਵਿਕਲਪ ਨਹੀਂ ਹੈ। ਸਿੰਗਲ ਸੁਪਰ ਫਾਸਫੇਟ (ਐਸਐਸਪੀ), ਟ੍ਰਿਪਲ ਸੁਪਰ ਫਾਸਫੇਟ (ਟੀਐਸਪੀ) ਅਤੇ ਐਨਪੀਕੇ 12:32:16 ਵਰਗੀਆਂ ਖਾਦਾਂ ਦੀ ਵੀ ਢੁਕਵੀਂ ਵਰਤੋਂ ਕੀਤੀ ਜਾ ਸਕਦੀ ਹੈ।

ਡਾ. ਗਰਗ ਨੇ ਕਿਸਾਨਾਂ ਨੂੰ ਖੇਤੀਬਾੜੀ ਯੂਨੀਵਰਸਿਟੀ ਦੁਆਰਾ ਕਣਕ ਦੇ ਬੀਜ ਨੂੰ ਲਗਾਉਣ ਵਾਲਾ ਜੀਵਾਣੂੰ ਖਾਦ ਦਾ ਟੀਕਾ, ਉਸ ਵਿੱਚ ਮੌਜੂਦ ਜੀਵਾਣੂੰ ਅਤੇ ਫਾਇਦਿਆਂ ਸਬੰਧੀ ਭਰਪੂਰ ਜਾਣਕਾਰੀ ਸਾਂਝੀ ਕੀਤੀ।

ਕੈਂਪ ਦੌਰਾਨ ਕਿਸਾਨਾਂ ਨੂੰ ਆਉਣ ਵਾਲੇ ਹਾੜ੍ਹੀ ਦੇ ਸੀਜ਼ਨ ਲਈ ਪੀਏਯੂ ਵੱਲੋਂ ਸਿਫ਼ਾਰਸ਼ ਕੀਤੀਆਂ ਕਣਕ ਦੀਆਂ ਕਿਸਮਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਡਾ. ਗਰਗ ਨੇ ਪੀਬੀਡਬਲਯੂ 887 ਕਿਸਮ ਦੀਆਂ ਵਿਸ਼ੇਸ਼ਤਾਵਾਂ ਬਾਰੇ ਦੱਸਦਿਆਂ ਕਿਹਾ ਕਿ ਇਹ ਕਿਸਮ ਲਗਭਗ 155 ਦਿਨਾਂ ਵਿੱਚ ਪੱਕ ਜਾਂਦੀ ਹੈ ਅਤੇ ਇਸ ਦੀ ਔਸਤ ਪੈਦਾਵਾਰ ਸਮਰੱਥਾ 24.60 ਕੁਇੰਟਲ ਪ੍ਰਤੀ ਏਕੜ ਹੈ। ਇਸ ਤੋਂ ਇਲਾਵਾ ਪੀਬੀਡਬਲਯੂ 872 ਅਤੇ ਪੀਬੀਡਬਲਯੂ 826 ਦੇ ਨਾਲ-ਨਾਲ ਵਿਸ਼ੇਸ਼ ਵਰਤੋਂ ਅਤੇ ਪੌਸ਼ਟਿਕ ਗੁਣਾਂ ਲਈ ਵਿਕਸਿਤ ਕਿਸਮਾਂ, ਜਿਵੇਂ ਕਿ ਪੀਬੀਡਬਲਯੂ ਜ਼ਿੰਕ 2, ਪੀਬੀਡਬਲਯੂ 1 ਚਪਾਤੀ ਅਤੇ ਪੀਬੀਡਬਲਯੂ ਆਰਐਸ 1 ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਗਈ।

ਹਾੜ੍ਹੀ ਦੀਆਂ ਫ਼ਸਲਾਂ ਦੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਦਿਆਂ ਡਾ. ਗਰਗ ਨੇ ਕਿਸਾਨਾਂ ਨੂੰ ਢੁਕਵੇਂ ਹਾਲਾਤ ਵਿੱਚ ਕਣਕ ਦੇ ਨਾਲ-ਨਾਲ ਦਾਲਾਂ ਅਤੇ ਤੇਲਬੀਜ ਵਾਲੀਆਂ ਫ਼ਸਲਾਂ ਦੀ ਕਾਸ਼ਤ ਕਰਨ ਦੀ ਸਲਾਹ ਦਿੱਤੀ। ਉਨ੍ਹਾਂ ਘਰੇਲੂ ਵਰਤੋਂ ਲਈ ਗੋਭੀ ਸਰ੍ਹੋਂ ਦੀ ਕਿਸਮ ਜੀਐਸਸੀ 7, ਛੋਲਿਆਂ ਦੀ ਕਿਸਮ ਪੀਬੀਜੀ 10 ਅਤੇ ਮਟਰਾਂ ਦੀ ਕਿਸਮ ਪੀਬੀ 90 ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਅਜਿਹੀ ਫ਼ਸਲੀ ਵਿਭਿੰਨਤਾ ਖੁਰਾਕ ਵਿੱਚ ਪੌਸ਼ਟਿਕਤਾ ਅਤੇ ਵੰਨ-ਸੁਵੰਨਤਾ ਵਧਾਉਣ ਦੇ ਨਾਲ-ਨਾਲ ਪੌਸ਼ਟਿਕ ਸੁਰੱਖਿਆ ਅਤੇ ਟਿਕਾਊ ਖੇਤੀਬਾੜੀ ਨੂੰ ਵੀ ਉਤਸ਼ਾਹਿਤ ਕਰਦੀ ਹੈ।

ਕੈਂਪ ਦੌਰਾਨ ਕਿਸਾਨਾਂ ਨੇ ਪਰਾਲੀ ਪ੍ਰਬੰਧਨ, ਖਾਦਾਂ ਦੀ ਚੋਣ, ਮੈਗਨੀਜ਼ ਤੱਤ ਦੇ ਛਿੜਕਾਅ ਦਾ ਸਮਾਂ ਅਤੇ ਮਾਤਰਾ, ਕਣਕ ਦੀਆਂ ਕਿਸਮਾਂ ਅਤੇ ਹਾੜ੍ਹੀ ਦੀਆਂ ਫ਼ਸਲਾਂ ਦੀ ਵਿਉਂਤਬੰਦੀ ਸਬੰਧੀ ਵੱਖ-ਵੱਖ ਸਵਾਲ ਪੁੱਛੇ, ਜਿਨ੍ਹਾਂ ਦੇ ਡਾ. ਗਰਗ ਵੱਲੋਂ ਢੁਕਵੇਂ ਜਵਾਬ ਦਿੱਤੇ ਗਏ।

ਕਿਸਾਨਾਂ ਨੂੰ ਪੀਏਯੂ ਦੀਆਂ ਸਿਫ਼ਾਰਸ਼ਾਂ ਅਪਣਾਉਣ ਲਈ ਉਤਸ਼ਾਹਿਤ ਕਰਨ ਵਾਸਤੇ ਗੋਭੀ ਸਰ੍ਹੋਂ ਦਾ ਬੀਜ, ਕਣਕ ਲਈ ਜੈਵਿਕ ਖਾਦ ਅਤੇ ਪੀਏਯੂ ਦਾ ਖੇਤੀਬਾੜੀ ਸਾਹਿਤ ਵੀ ਉਪਲੱਬਧ ਕਰਵਾਇਆ ਗਿਆ।

ਇਸ ਪ੍ਰੋਗਰਾਮ ਦੀ ਸਫ਼ਲਤਾ ਵਿੱਚ ਸ. ਰਵਿੰਦਰ ਸਿੰਘ, ਅਤੇ ਸ. ਕੁਲਦੀਪ ਸਿੰਘ, ਸੈਕਟਰੀ ਕੋਆਪ੍ਰੇਟਿਵ ਸੋਸਾਇਟੀ ਅਤੇ ਪਿੰਡ ਹੇੜੀਕੇ ਦੇ ਹੋਰਨਾਂ ਕਿਸਾਨਾਂ ਨੇ ਵਡਮੁੱਲਾ ਯੋਗਦਾਨ ਪਾਇਆ। ਅਖੀਰ ਵਿੱਚ ਸ. ਰਵਿੰਦਰ ਸਿੰਘ ਦੇ ਬਾਸਮਤੀ ਦੇ ਖੇਤਾਂ ਦਾ ਦੌਰਾ ਵੀ ਕੀਤਾ ਗਿਆ।

ਦੱਖਣੀ ਕੋਰੀਆਈ ਪੁਰਸ਼ ਹਾਕੀ ਟੀਮ ਦਾ ਮੋਹਾਲੀ ਹਵਾਈ ਅੱਡੇ ਤੇ ਢੋਲ, ਭੰਗੜੇ ਅਤੇ ਫੁਲਕਾਰੀਆਂ ਨਾਲ ਨਿੱਘਾ ਸਵਾਗਤ

ਮੋਹਾਲੀ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-
ਦੱਖਣੀ ਕੋਰੀਆਈ ਪੁਰਸ਼ ਹਾਕੀ ਟੀਮ ਦਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਦੇ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਹੁੰਚਣ 'ਤੇ ਸ਼ਾਨਦਾਰ ਪੰਜਾਬੀ ਅੰਦਾਜ਼ ਵਿੱਚ ਸਵਾਗਤ ਕੀਤਾ ਗਿਆ, ਜਿਸ ਦੇ ਨਾਲ ਏਸ਼ੀਅਨ ਚੈਂਪੀਅਨਜ਼ ਟਰਾਫੀ ਹਾਕੀ ਟੂਰਨਾਮੈਂਟ 2026 ਵਿੱਚ ਭਾਗ ਲੈਣ ਵਾਲੀਆਂ ਸਾਰੀਆਂ ਛੇ ਟੀਮਾਂ ਪੰਜਾਬ ਪਹੁੰਚ ਗਈਆਂ ਹਨ । ਇਸ ਦੌਰਾਨ ਖਿਡਾਰੀਆਂ ਅਤੇ ਸਹਾਇਤਾ ਸਟਾਫ ਦਾ ਢੋਲ ਦੀਆਂ ਤਾਲਾਂ , ਸਥਾਨਕ ਕਲਾਕਾਰਾਂ ਵੱਲੋਂ ਭੰਗੜੇ ਦੇ ਦਿਲ - ਖਿੱਚਵੇਂ ਪ੍ਰਦਰਸ਼ਨ ਅਤੇ ਰੰਗੀਨ ਫੁਲਕਾਰੀਆਂ ਨਾਲ ਸਵਾਗਤ ਕੀਤਾ ਗਿਆ, ਜਿਸ ਨਾਲ ਉਨ੍ਹਾਂ ਨੂੰ ਪੰਜਾਬ ਦੀ ਅਮੀਰ ਸੱਭਿਆਚਾਰਕ ਵਿਰਾਸਤ ਅਤੇ ਖੁੱਲ੍ਹ-ਦਿਲੀ ਪਰਾਹੁਣਚਾਰੀ ਦੀ ਸੰਖੇਪ ਝਲਕ ਦੇਖਣ ਨੂੰ ਮਿਲੀ।

ਜ਼ਿਕਰਯੋਗ ਹੈ ਕਿ 27 ਅਕਤੂਬਰ ਤੋਂ 5 ਨਵੰਬਰ, 2026 ਤੱਕ ਜਲੰਧਰ ਦੇ ਓਲੰਪੀਅਨ ਸੁਰਜੀਤ ਹਾਕੀ ਸਟੇਡੀਅਮ ਅਤੇ ਮੋਹਾਲੀ ਦੇ ਓਲੰਪੀਅਨ ਬਲਬੀਰ ਸਿੰਘ ਸੀਨੀਅਰ ਇੰਟਰਨੈਸ਼ਨਲ ਹਾਕੀ ਸਟੇਡੀਅਮ ਵਿੱਚ ਹੋਣ ਵਾਲਾ ਇਹ ਟੂਰਨਾਮੈਂਟ , ਚੋਟੀ ਦੀਆਂ ਏਸ਼ੀਆਈ ਹਾਕੀ ਟੀਮਾਂ ਦੇ ਦਿਲਚਸਪ ਮੁਕਾਬਲੇ ਦਾ ਗਵਾਹ ਬਣਨ ਜਾ ਰਿਹਾ ਹੈ । ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਟੂਰਨਾਮੈਂਟ 'ਚ ਭਾਗ ਲੈਣ ਵਾਲੇ ਸਾਰੇ ਦੇਸ਼ਾਂ ਲਈ ਵਿਸ਼ਵ ਪੱਧਰੀ ਬੁਨਿਆਦੀ ਢਾਂਚਾ, ਨਿਰਵਿਘਨ ਲੌਜਿਸਟਿਕਸ ਅਤੇ ਨਿੱਘੀ ਮਹਿਮਾਨਨਿਵਾਜ਼ੀ ਨੂੰ ਯਕੀਨੀ ਬਣਾਉਣ ਲਈ ਪੁਖ਼ਤਾ ਪ੍ਰਬੰਧ ਕੀਤੇ ਹਨ।

ਦੱਖਣੀ ਕੋਰੀਆਈ ਦਲ 20 ਮੈਂਬਰੀ ਟੀਮ ਦੇ ਨਾਲ ਪਹੁੰਚਿਆ ਹੈ, ਜਿਸ ਵਿੱਚ ਕਿਮ ਜੈਹਯੋਂਗ ਅਤੇ ਸੋਨ ਤਾਇਮੀਨ ਗੋਲਕੀਪਰ ਵਜੋਂ ਖੇਡਣਗੇ ਜਦਕਿ ਬਾਕੀ ਖਿਡਾਰੀਆਂ ਵਿੱਚ ਪਾਰਕ ਗਿਓਨੋਵੂ,ਜਿਓਂਗ ਜੰਸੀਓਂਗ, ਗੋ ਸੌਂਗ ਹੂਨ, ਕਿਮ ਜੈਹੋ, ਸੋਨ ਡੇਨ, ਕਿਮ ਯੋਂਗ ਬੋਕ, ਚੂਨ ਸੇਮਿਨ, ਸੋਂਗ ਜੀਓਂਗਸੀਓਬ, ਯੂ ਹਯੋਗੁਕ, ਕੋਂਗ ਯੂਨਹੋ, ਓਮ ਜੂਨਯੋਂਗ, ਕਵੋਨ ਯੇਚਨ, ਸੋਂਗ ਹਾਇਸੋਂਗ, ਬੇ ਸੋਂਗ ਮਿਨ, ਹਾਨ ਸੰਗਜੂਨ, ਕਿਮ ਡੇਹਯੂਨ, ਚੋਈ ਗਾਜਿਨ ਅਤੇ ਕਿਮ ਡੋਂਗਗੇਓਨ ਸ਼ਾਮਲ ਹਨ।

ਸੂਬਾ ਸਰਕਾਰ ਨੇ ਟੀਮਾਂ ਦੀ ਰਿਹਾਇਸ਼, ਆਵਾਜਾਈ, ਸੁਰੱਖਿਆ ਅਤੇ ਅਭਿਆਸ ਸਬੰਧੀ ਸਹੂਲਤਾਂ ਲਈ ਪੁਖ਼ਤਾ ਪ੍ਰਬੰਧ ਕੀਤੇ ਹਨ ਤਾਂ ਜੋ ਪੂਰੇ ਟੂਰਨਾਮੈਂਟ ਦੌਰਾਨ ਸੁਚਾਰੂ ਅਤੇ ਯਾਦਗਾਰੀ ਅਨੁਭਵ ਯਕੀਨੀ ਬਣਾਇਆ ਜਾ ਸਕੇ। ਇਹ ਤਿਆਰੀਆਂ ਅੰਤਰਰਾਸ਼ਟਰੀ ਖੇਡ ਸਮਾਗਮਾਂ ਨੂੰ ਉਤਸ਼ਾਹਿਤ ਕਰਨ ਅਤੇ ਖਿਡਾਰੀਆਂ ਨੂੰ ਵਿਸ਼ਵ ਪੱਧਰੀ ਸਹੂਲਤਾਂ ਪ੍ਰਦਾਨ ਕਰਨ ਲਈ ਪੰਜਾਬ ਦੀ ਵਚਨਬੱਧਤਾ ਦਾ ਪ੍ਰਤੱਖ ਪ੍ਰਮਾਣ ਹਨ।

ਟੂਰਨਾਮੈਂਟ ਵਿੱਚ ਭਾਗ ਲੈਣ ਵਾਲੀਆਂ ਸਾਰੀਆਂ ਛੇ ਟੀਮਾਂ ਹੁਣ ਪੰਜਾਬ ਵਿੱਚ ਹਨ, ਇਸ ਲਈ ਖੇਡ ਪ੍ਰੇਮੀਆਂ ਵਿੱਚ ਟੂਰਨਾਮੈਂਟ ਲਈ ਤਾਂਘ ਅਤੇ ਉਮੀਦਾਂ ਵਧ ਰਹੀਆਂ ਹਨ 9 ਆਉਣ ਵਾਲੇ ਦਿਨਾਂ ਵਿੱਚ ਲੋਕਾਂ ਨੂੰ ਉੱਚ-ਤੀਬਰਤਾ ਵਾਲੇ ਹਾਕੀ ਐਕਸ਼ਨ ਦੇਖਣ ਨੂੰ ਮਿਲ ਸਕਦੇ ਹਨ । ਜਲੰਧਰ ਅਤੇ ਮੋਹਾਲੀ ਵਿੱਚ ਵੱਕਾਰੀ ਚੈਂਪੀਅਨਸ਼ਿਪ ਦੀ ਮੇਜ਼ਬਾਨੀ ਨਾ ਸਿਰਫ ਭਾਰਤੀ ਹਾਕੀ ਵਿੱਚ ਪੰਜਾਬ ਦੇ ਸਥਾਈ ਯੋਗਦਾਨ ਨੂੰ ਹੋਰ ਉਜਾਗਰ ਕਰੇਗੀ ਸਗੋਂ ਖੇਡਾਂ ਲਈ ਦੇਸ਼ ਦੇ ਪ੍ਰਮੁੱਖ ਕੇਂਦਰਾਂ ਵਜੋਂ ਇਸਦੀ ਸਾਖ਼ ਅਤੇ ਰੁਤਬੇ ਨੂੰ ਵੀ ਮਜ਼ਬੂਤ ਕਰੇਗੀ।

ਪਿੰਡ ਘਨੌਲਾ ਵਿਖੇ ਪੰਜਵਾਂ ਵਿਸ਼ਾਲ ਭਗਵਤੀ ਜਾਗਰਣ ਸ਼ਰਧਾ ਤੇ ਉਤਸ਼ਾਹ ਨਾਲ ਕਰਵਾਇਆ

ਰੂਪਨਗਰ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-
ਜੈ ਮਾਂ ਨੈਣਾ ਦੇਵੀ ਜਾਗਰਣ ਕਮੇਟੀ ਪਿੰਡ ਘਨੌਲਾ ਵੱਲੋਂ ਪੰਜਵਾਂ ਵਿਸ਼ਾਲ ਭਗਵਤੀ ਜਾਗਰਣ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਇਆ ਗਿਆ। ਇਸ ਧਾਰਮਿਕ ਸਮਾਗਮ ਦੌਰਾਨ ਹਲਕਾ ਵਿਧਾਇਕ ਦਿਨੇਸ਼ ਚੱਢਾ ਨੇ ਉਚੇਚੇ ਤੌਰ 'ਤੇ ਸ਼ਿਰਕਤ ਕਰਕੇ ਮਹਾਮਾਈ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਉੱਘੇ ਧਾਰਮਿਕ ਕਲਾਕਾਰਾਂ ਗੌਤਮ ਜਲੰਧਰੀ ਅਤੇ ਅਭਿਸ਼ੇਕ ਸੋਨੀ ਨੇ ਆਪਣੀਆਂ ਭੇਟਾਂ ਰਾਹੀਂ ਮਾਂ ਭਗਵਤੀ ਦਾ ਗੁਣਗਾਨ ਕੀਤਾ ਅਤੇ ਹਾਜ਼ਰ ਸੰਗਤਾਂ ਨੂੰ ਭਗਤੀ ਰੰਗ ਵਿੱਚ ਰੰਗ ਦਿੱਤਾ। ਸਮਾਗਮ ਦੌਰਾਨ ਸੰਗਤਾਂ ਨੇ ਸ਼ਰਧਾਪੂਰਵਕ ਹਾਜ਼ਰੀ ਭਰ ਕੇ ਮਹਾਮਾਈ ਦਾ ਗੁਣਗਾਨ ਸਰਵਣ ਕੀਤਾ।

ਇਸ ਮੌਕੇ ਵਿਧਾਇਕ ਦਿਨੇਸ਼ ਚੱਢਾ ਨੇ ਕਿਹਾ ਕਿ ਧਾਰਮਿਕ ਸਮਾਗਮ ਸਾਡੀ ਅਮੀਰ ਵਿਰਾਸਤ ਅਤੇ ਸੱਭਿਆਚਾਰ ਦਾ ਅਹਿਮ ਹਿੱਸਾ ਹਨ। ਅਜਿਹੇ ਸਮਾਗਮ ਮਨੁੱਖ ਨੂੰ ਪਰਮਾਤਮਾ ਨਾਲ ਜੋੜਨ ਦੇ ਨਾਲ-ਨਾਲ ਆਪਸੀ ਪਿਆਰ, ਭਾਈਚਾਰਕ ਸਾਂਝ ਅਤੇ ਸੇਵਾ ਭਾਵਨਾ ਨੂੰ ਵੀ ਮਜ਼ਬੂਤ ਕਰਦੇ ਹਨ। ਉਨ੍ਹਾਂ ਕਿਹਾ ਕਿ ਮਾਤਾ ਰਾਣੀ ਦੀ ਭਗਤੀ ਸਾਨੂੰ ਸੱਚਾਈ, ਨੇਕੀ ਅਤੇ ਦੂਜਿਆਂ ਦੀ ਮਦਦ ਕਰਨ ਦਾ ਰਾਹ ਦਿਖਾਉਂਦੀ ਹੈ। ਉਨ੍ਹਾਂ ਕਮੇਟੀ ਵੱਲੋਂ ਧਾਰਮਿਕ ਸਮਾਗਮ ਕਰਵਾਉਣ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਧਾਰਮਿਕ ਅਤੇ ਸਮਾਜਿਕ ਕਾਰਜਾਂ ਵਿੱਚ ਸਾਰਿਆਂ ਨੂੰ ਵੱਧ-ਚੜ੍ਹ ਕੇ ਯੋਗਦਾਨ ਪਾਉਣਾ ਚਾਹੀਦਾ ਹੈ।

ਇਸ ਮੌਕੇ ਦਿਓਟ ਸਿੱਧ ਬਾਬਾ ਬਾਲਕ ਨਾਥ ਮੰਦਰ, ਹਿਮਾਚਲ ਪ੍ਰਦੇਸ਼ ਦੇ ਮੁੱਖ ਗੱਦੀਨਸ਼ੀਨ ਸ਼੍ਰੀ ਸ਼੍ਰੀ 1008 ਮਹੰਤ ਰਜਿੰਦਰ ਗਿਰੀ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਸੰਗਤਾਂ ਨੂੰ ਧਰਮ ਦੇ ਮਾਰਗ 'ਤੇ ਚੱਲਣ, ਨਾਮ ਸਿਮਰਨ ਕਰਨ ਅਤੇ ਲੋੜਵੰਦਾਂ ਦੀ ਸੇਵਾ ਕਰਨ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਮਨੁੱਖੀ ਜੀਵਨ ਦੀ ਅਸਲ ਸਫਲਤਾ ਦੂਜਿਆਂ ਪ੍ਰਤੀ ਪਿਆਰ, ਨਿਮਰਤਾ ਅਤੇ ਸੇਵਾ ਦੀ ਭਾਵਨਾ ਵਿੱਚ ਹੈ। ਉਨ੍ਹਾਂ ਸੰਗਤਾਂ ਨੂੰ ਆਪਸੀ ਭਾਈਚਾਰਾ ਬਣਾਈ ਰੱਖਣ ਅਤੇ ਚੰਗੇ ਕਰਮ ਕਰਨ ਲਈ ਪ੍ਰੇਰਿਤ ਕੀਤਾ।

ਬਾਬਨਜੋਤ ਸਿੰਘ ਅਤੇ ਹਰਪਨਦੀਪ ਸਿੰਘ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਦਾ ਨਾਮ ਕੀਤਾ ਰੌਸ਼ਨ

ਜਲੰਧਰ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-
ਯੂਥ ਐਂਡ ਸਪੋਰਟਸ ਪ੍ਰਮੋਸ਼ਨ ਐਸੋਸੀਏਸ਼ਨ ਆਫ ਪੰਜਾਬ ਵੱਲੋਂ 25 ਅਕਤੂਬਰ 2026 ਨੂੰ ਕੈਂਬਰਿਜ ਇੰਟਰਨੈਸ਼ਨਲ ਸਕੂਲ, ਜਲੰਧਰ ਵਿਖੇ ਕਰਵਾਈ ਗਈ ਪੰਜਾਬ ਸਟੇਟ ਸਕੇਟਿੰਗ ਚੈਂਪੀਅਨਸ਼ਿਪ 2026 ਵਿੱਚ ਅਕਾਲ ਅਕੈਡਮੀ ਫਤਿਹਗੜ੍ਹ ਛੰਨਾ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸੋਨ ਤਗਮੇ ਜਿੱਤ ਕੇ ਸਕੂਲ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ।

ਇਸ ਰਾਜ ਪੱਧਰੀ ਸਕੇਟਿੰਗ ਚੈਂਪੀਅਨਸ਼ਿਪ ਵਿੱਚ ਅੰਡਰ-17 ਵਰਗ ਵਿੱਚ ਬਾਬਨਜੋਤ ਸਿੰਘ ਨੇ ਸੋਨ ਤਗਮਾ ਜਿੱਤਿਆ, ਜਦਕਿ ਅੰਡਰ-19 ਵਰਗ ਵਿੱਚ ਹਰਪਨਦੀਪ ਸਿੰਘ ਨੇ ਸੋਨ ਤਗਮਾ ਹਾਸਲ ਕਰਕੇ ਆਪਣੀ ਖੇਡ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਦੋਵਾਂ ਖਿਡਾਰੀਆਂ ਦੀ ਇਸ ਪ੍ਰਾਪਤੀ ਨਾਲ ਸਕੂਲ ਵਿੱਚ ਖੁਸ਼ੀ ਦਾ ਮਾਹੌਲ ਬਣ ਗਿਆ।

ਇਸ ਮੌਕੇ ਅਕਾਲ ਅਕੈਡਮੀ ਫਤਿਹਗੜ੍ਹ ਛੰਨਾ ਦੀ ਮੈਡਮ ਰਵਿੰਦਰ ਕੌਰ ਨੇ ਦੋਵਾਂ ਵਿਦਿਆਰਥੀਆਂ ਨੂੰ ਸੋਨ ਤਗਮੇ ਜਿੱਤਣ 'ਤੇ ਵਧਾਈ ਦਿੱਤੀ। ਉਨ੍ਹਾਂ ਨੇ ਕਿਹਾ ਕਿ ਖੇਡਾਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਖੇਡਾਂ ਰਾਹੀਂ ਬੱਚਿਆਂ ਵਿੱਚ ਅਨੁਸ਼ਾਸਨ, ਆਤਮ-ਵਿਸ਼ਵਾਸ, ਇਕਾਗਰਤਾ ਅਤੇ ਮਿਹਨਤ ਕਰਨ ਦੀ ਭਾਵਨਾ ਪੈਦਾ ਹੁੰਦੀ ਹੈ। ਉਨ੍ਹਾਂ ਨੇ ਦੋਵਾਂ ਖਿਡਾਰੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

ਖਿਡਾਰੀਆਂ ਦੇ ਕੋਚ ਗੁਰਪ੍ਰੀਤ ਸਿੰਘ ਨੇ ਵੀ ਇਸ ਸ਼ਾਨਦਾਰ ਪ੍ਰਾਪਤੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਦੋਵਾਂ ਖਿਡਾਰੀਆਂ ਨੂੰ ਮੁਬਾਰਕਬਾਦ ਦਿੱਤੀ। ਉਨ੍ਹਾਂ ਕਿਹਾ ਕਿ ਖੇਡਾਂ ਵਿੱਚ ਸਫਲਤਾ ਹਾਸਲ ਕਰਨ ਲਈ ਨਿਯਮਿਤ ਅਭਿਆਸ, ਸਖ਼ਤ ਮਿਹਨਤ ਅਤੇ ਅਨੁਸ਼ਾਸਨ ਬਹੁਤ ਜ਼ਰੂਰੀ ਹਨ। ਉਨ੍ਹਾਂ ਨੇ ਕਿਹਾ ਕਿ ਬਾਬਨਜੋਤ ਸਿੰਘ ਅਤੇ ਹਰਪਨਦੀਪ ਸਿੰਘ ਦੀ ਪ੍ਰਾਪਤੀ ਹੋਰ ਵਿਦਿਆਰਥੀਆਂ ਨੂੰ ਵੀ ਖੇਡਾਂ ਵਿੱਚ ਭਾਗ ਲੈਣ ਅਤੇ ਆਪਣੀ ਪ੍ਰਤਿਭਾ ਨਿਖਾਰਨ ਲਈ ਪ੍ਰੇਰਿਤ ਕਰੇਗੀ।

ਪੰਜਾਬ ਵੱਲੋਂ ਕਰਵਾਈ ਗਈ ਇਸ ਚੈਂਪੀਅਨਸ਼ਿਪ ਦਾ ਉਦੇਸ਼ ਪੰਜਾਬ ਵਿੱਚ ਸਕੇਟਿੰਗ ਨੂੰ ਉਤਸ਼ਾਹਿਤ ਕਰਨਾ ਅਤੇ ਨੌਜਵਾਨ ਖਿਡਾਰੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਲਈ ਰਾਜ ਪੱਧਰ ਦਾ ਮੰਚ ਪ੍ਰਦਾਨ ਕਰਨਾ ਹੈ। ਅਜਿਹੇ ਮੁਕਾਬਲੇ ਖਿਡਾਰੀਆਂ ਨੂੰ ਤਜਰਬਾ ਹਾਸਲ ਕਰਨ, ਆਪਣੀ ਖੇਡ ਵਿੱਚ ਸੁਧਾਰ ਕਰਨ ਅਤੇ ਭਵਿੱਖ ਵਿੱਚ ਹੋਰ ਉੱਚ ਪੱਧਰ 'ਤੇ ਪ੍ਰਦਰਸ਼ਨ ਕਰਨ ਲਈ ਉਤਸ਼ਾਹਿਤ ਕਰਦੇ ਹਨ।

ਅਕਾਲ ਅਕੈਡਮੀ ਫਤਿਹਗੜ੍ਹ ਛੰਨਾ ਦੇ ਦੋਵਾਂ ਵਿਦਿਆਰਥੀਆਂ ਦੀ ਇਸ ਪ੍ਰਾਪਤੀ 'ਤੇ ਸਕੂਲ ਅਤੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਹੈ। ਬਾਬਨਜੋਤ ਸਿੰਘ ਅਤੇ ਹਰਪਨਦੀਪ ਸਿੰਘ ਨੇ ਸੋਨ ਤਗਮੇ ਜਿੱਤ ਕੇ ਇਹ ਸਾਬਤ ਕੀਤਾ ਕਿ ਲਗਨ, ਮਿਹਨਤ ਅਤੇ ਸਹੀ ਮਾਰਗਦਰਸ਼ਨ ਨਾਲ ਖੇਡਾਂ ਦੇ ਖੇਤਰ ਵਿੱਚ ਵੱਡੀਆਂ ਪ੍ਰਾਪਤੀਆਂ ਹਾਸਲ ਕੀਤੀਆਂ ਜਾ ਸਕਦੀਆਂ ਹਨ।

ਜਸਵੀਰ ਸਿੰਘ ਗੜ੍ਹੀ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਹਰਿਦੁਆਰ ਅਤੇ ਰਿਸ਼ੀਕੇਸ਼ ਦੇ ਗੁਰਧਾਮਾਂ ਦੇ ਦਰਸ਼ਨਾਂ ਲਈ ਬੱਸ ਰਵਾਨਾ

ਮੋਰਿੰਡਾ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-
ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਆਮ ਆਦਮੀ ਪਾਰਟੀ ਦੇ ਹਲਕਾ ਸ੍ਰੀ ਚਮਕੌਰ ਸਾਹਿਬ ਦੇ ਇੰਚਾਰਜ ਜਸਵੀਰ ਸਿੰਘ ਗੜ੍ਹੀ ਵੱਲੋਂ ਗੁਰਦੁਆਰਾ ਸ੍ਰੀ ਸ਼ਹੀਦਗੰਜ ਸਾਹਿਬ, ਮੋਰਿੰਡਾ ਤੋਂ ਸੰਗਤਾਂ ਦੀ ਇੱਕ ਬੱਸ ਹਰਿਦੁਆਰ ਅਤੇ ਰਿਸ਼ੀਕੇਸ਼ ਦੇ ਗੁਰਧਾਮਾਂ ਅਤੇ ਪਵਿੱਤਰ ਤੀਰਥ ਸਥਾਨਾਂ ਦੇ ਦਰਸ਼ਨਾਂ ਲਈ ਰਵਾਨਾ ਕੀਤੀ ਗਈ।

ਇਸ ਮੌਕੇ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਅਜਿਹਾ ਉਪਰਾਲਾ ਨਹੀਂ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਆਮ ਲੋਕਾਂ ਨੂੰ ਬਿਨਾਂ ਕੋਈ ਖ਼ਰਚਾ ਕੀਤੇ ਆਧੁਨਿਕ ਸਹੂਲਤਾਂ ਨਾਲ ਧਾਰਮਿਕ ਅਸਥਾਨਾਂ ਦੀ ਯਾਤਰਾ ਕਰਵਾਈ ਜਾ ਰਹੀ ਹੈ।

ਉਨ੍ਹਾਂ ਦੱਸਿਆ ਕਿ ਇਹ ਯਾਤਰਾ ਤਿੰਨ ਦਿਨਾਂ ਦੀ ਹੁੰਦੀ ਹੈ ਅਤੇ ਇਸ ਦੌਰਾਨ ਸੰਗਤਾਂ ਦੇ ਰਹਿਣ-ਸਹਿਣ ਅਤੇ ਖਾਣ-ਪੀਣ ਦਾ ਖ਼ਰਚਾ ਵੀ ਪੰਜਾਬ ਸਰਕਾਰ ਵੱਲੋਂ ਕੀਤਾ ਜਾਂਦਾ ਹੈ। ਇਸ ਯੋਜਨਾ ਦਾ ਮਕਸਦ ਲੋਕਾਂ ਨੂੰ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਦੀ ਸਹੂਲਤ ਪ੍ਰਦਾਨ ਕਰਨਾ ਹੈ।

ਇਸ ਮੌਕੇ ਨਗਰ ਕੌਂਸਲ ਮੋਰਿੰਡਾ ਦੇ ਪ੍ਰਧਾਨ ਜਗਪਾਲ ਸਿੰਘ ਜੌਲੀ, ਮੀਤ ਪ੍ਰਧਾਨ ਹਰਜਿੰਦਰ ਸਿੰਘ ਛਿੱਬਰ, ਮਾਰਕੀਟ ਕਮੇਟੀ ਮੋਰਿੰਡਾ ਦੇ ਚੇਅਰਮੈਨ ਐਨ.ਪੀ. ਰਾਣਾ, ਨਵਸੀਪ ਸਿੰਘ ਟੋਨੀ, ਅਨਿਲ ਕੁਮਾਰ ਸ਼ਰਮਾ, ਰਾਹੁਲ ਸ਼ਰਮਾ, ਕਰਨਵੀਰ ਸਿੰਘ, ਸਰੋਜ਼ ਸ਼ਰਮਾ, ਮਨਜੀਤ ਕੌਰ ਆਦਿ ਹਾਜ਼ਰ ਸਨ।

ਮਨੁੱਖੀ ਅਧਿਕਾਰਾਂ ਦੇ ਘਾਣ ਵਿਰੁੱਧ ਕਮਿਸ਼ਨ ਸਖ਼ਤ, ਪੀੜਤਾਂ ਨੂੰ ਨਿਆਂ ਦਿਵਾਉਣ ਦਾ ਭਰੋਸਾ

ਫ਼ਰੀਦਕੋਟ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-
ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੈਂਬਰ ਪਦਮ ਸ਼੍ਰੀ ਜਤਿੰਦਰ ਸਿੰਘ ਸ਼ੰਟੀ ਨੇ ਅੱਜ ਬਾਬਾ ਫ਼ਰੀਦ ਨਰਸਿੰਗ ਕਾਲਜ, ਫ਼ਰੀਦਕੋਟ ਰੋਡ, ਕੋਟਕਪੂਰਾ ਵਿਖੇ ਜਨਤਕ ਸੁਣਵਾਈ ਦੌਰਾਨ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ। ਉਨ੍ਹਾਂ ਕਿਹਾ ਕਿ ਮਨੁੱਖੀ ਅਧਿਕਾਰਾਂ ਦੀ ਰਾਖੀ ਅਤੇ ਪੀੜਤਾਂ ਨੂੰ ਨਿਆਂ ਦਿਵਾਉਣਾ ਕਮਿਸ਼ਨ ਦੀ ਮੁੱਖ ਤਰਜੀਹ ਹੈ ਅਤੇ ਅਧਿਕਾਰਾਂ ਦੀ ਉਲੰਘਣਾ ਬਰਦਾਸ਼ਤ ਨਹੀਂ ਕੀਤੀ ਜਾਵੇਗੀ।ਜ਼ਿਲ੍ਹਿਆਂ 'ਚ 15 ਮੈਂਬਰੀ ਕੋਰ ਗਰੁੱਪ, ਸ਼ਿਕਾਇਤਾਂ 'ਤੇ ਕਾਰਵਾਈ ਦਾ ਭਰੋਸਾ ਸ੍ਰੀ ਸ਼ੰਟੀ ਨੇ ਦੱਸਿਆ ਕਿ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ 15 ਮੈਂਬਰੀ ਕੋਰ ਗਰੁੱਪ ਬਣਾਏ ਗਏ ਹਨ, ਜਿਨ੍ਹਾਂ ਵਿੱਚ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਸ਼ਾਮਲ ਹਨ। ਇਹ ਨੁਮਾਇੰਦੇ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 11 ਤੋਂ ਦੁਪਹਿਰ 1 ਵਜੇ ਤੱਕ ਪ੍ਰਸ਼ਾਸਨਿਕ ਅਤੇ ਪੁਲਿਸ ਅਧਿਕਾਰੀਆਂ ਨੂੰ ਮਿਲ ਕੇ ਲੋਕਾਂ ਦੀਆਂ ਸਮੱਸਿਆਵਾਂ ਉਠਾ ਸਕਦੇ ਹਨ।

ਉਨ੍ਹਾਂ ਕਿਹਾ ਕਿ ਕਮਿਸ਼ਨ ਦੀ ਐਡਵਾਈਜ਼ਰੀ ਅਨੁਸਾਰ ਹਸਪਤਾਲ ਮਰੀਜ਼ ਦੀ ਮੌਤ ਮਗਰੋਂ ਬਕਾਇਆ ਬਿੱਲ ਦੀ ਵਸੂਲੀ ਲਈ ਮ੍ਰਿਤਕ ਦੇਹ ਪਰਿਵਾਰ ਨੂੰ ਸੌਂਪਣ ਤੋਂ ਇਨਕਾਰ ਨਹੀਂ ਕਰ ਸਕਦੇ। ਸਫ਼ਾਈ ਕਰਮਚਾਰੀਆਂ ਨੂੰ ਦਸਤਾਨੇ, ਵਰਦੀ, ਮਾਸਕ ਅਤੇ ਬੀਮਾ ਮੁਹੱਈਆ ਕਰਵਾਉਣ ਦੀ ਹਦਾਇਤ ਬਾਰੇ ਵੀ ਜਾਣਕਾਰੀ ਦਿੱਤੀ।

ਮਨੁੱਖੀ ਅਧਿਕਾਰਾਂ ਦੀ ਉਲੰਘਣਾ ਸਬੰਧੀ ਸ਼ਿਕਾਇਤ ਵਟਸਐਪ ਨੰਬਰ 98554-75547 ਜਾਂ ਕਮਿਸ਼ਨ ਦੀ ਵੈੱਬਸਾਈਟ pshrc.net 'ਤੇ ਭੇਜੀ ਜਾ ਸਕਦੀ ਹੈ।ਵਧੀਕ ਡਿਪਟੀ ਕਮਿਸ਼ਨਰ ਕੇਸ਼ਵ ਗੋਇਲ ਨੇ ਭਰੋਸਾ ਦਿੱਤਾ ਕਿ ਸੁਣਵਾਈ ਦੌਰਾਨ ਪ੍ਰਾਪਤ ਸ਼ਿਕਾਇਤਾਂ ਦਾ ਸਮਾਂਬੱਧ ਨਿਪਟਾਰਾ ਕਰਵਾਇਆ ਜਾਵੇਗਾ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਕਰਮਚਾਰੀ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਹਾਜ਼ਰ ਸਨ।

ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਪੀਈਸੀ (ਪੰਜਾਬ ਇੰਜੀਨੀਅਰਿੰਗ ਕਾਲਜ), ਚੰਡੀਗੜ੍ਹ (ਡੀਮਡ ਟੂ ਬੀ ਯੂਨੀਵਰਸਿਟੀ) ਦੇ 56ਵੇਂ ਕਨਵੋਕੇਸ਼ਨ ਸਮਾਰੋਹ ਦੀ ਸ਼ੋਭਾ ਵਧਾਈ

ਚੰਡੀਗੜ੍ਹ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-
ਪੀਈਸੀ (ਪੰਜਾਬ ਇੰਜੀਨੀਅਰਿੰਗ ਕਾਲਜ), ਚੰਡੀਗੜ੍ਹ (ਡੀਮਡ ਟੂ ਬੀ ਯੂਨੀਵਰਸਿਟੀ) ਵੱਲੋਂ ਆਪਣਾ 56ਵਾਂ ਕਨਵੋਕੇਸ਼ਨ ਸਮਾਰੋਹ ਬੜੇ ਉਤਸ਼ਾਹ ਅਤੇ ਅਕਾਦਮਿਕ ਗਰਿਮਾ ਨਾਲ ਮਨਾਇਆ ਗਿਆ। ਇਸ ਮੌਕੇ ਪੰਜਾਬ ਦੇ ਮਾਣਯੋਗ ਰਾਜਪਾਲ, ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੇ ਪ੍ਰਸ਼ਾਸਕ ਅਤੇ ਪੀਈਸੀ ਦੇ ਕੁਲਪਤੀ ਸ਼੍ਰੀ ਗੁਲਾਬ ਚੰਦ ਕਟਾਰੀਆ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਪੀਈਸੀ ਦੇ ਵਾਈਸ ਚਾਂਸਲਰ ਪ੍ਰੋ. ਭੋਲਾ ਰਾਮ ਗੁਰਜਰ ਸਮੇਤ ਹੋਰ ਪਤਵੰਤੇ ਵਿਅਕਤੀ, ਵਿਸ਼ੇਸ਼ ਮਹਿਮਾਨ, ਫੈਕਲਟੀ ਮੈਂਬਰ, ਡਿਗਰੀਆਂ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਣਮੱਤੇ ਪਰਿਵਾਰਿਕ ਮੈਂਬਰ ਵੀ ਸਮਾਰੋਹ ਵਿੱਚ ਮੌਜੂਦ ਸਨ।

ਇਹ ਕਨਵੋਕੇਸ਼ਨ ਸਮਾਰੋਹ ਵਿਦਿਆਰਥੀਆਂ ਦੇ ਅਕਾਦਮਿਕ ਸਫ਼ਰ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਸਾਬਤ ਹੋਇਆ, ਜਿਸ ਦੌਰਾਨ ਉਨ੍ਹਾਂ ਦੀ ਮਿਹਨਤ, ਦ੍ਰਿੜ੍ਹਤਾ ਅਤੇ ਪ੍ਰਾਪਤੀਆਂ ਦਾ ਜਸ਼ਨ ਮਨਾਇਆ ਗਿਆ। ਇਸ ਸਮਾਰੋਹ ਨੇ ਤਕਨੀਕੀ ਸਿੱਖਿਆ, ਖੋਜ ਅਤੇ ਇਨੋਵੇਸ਼ਨ ਦੇ ਖੇਤਰ ਵਿੱਚ ਪੀਈਸੀ ਦੀ ਸ਼ਾਨਦਾਰ ਵਿਰਾਸਤ ਅਤੇ ਭਵਿੱਖ ਦੀਆਂ ਚੁਣੌਤੀਆਂ ਲਈ ਤਿਆਰ ਪੇਸ਼ੇਵਰਾਂ ਤੇ ਜ਼ਿੰਮੇਦਾਰ ਆਗੂਆਂ ਨੂੰ ਵਿਕਸਿਤ ਕਰਨ ਪ੍ਰਤੀ ਸੰਸਥਾ ਦੀ ਪ੍ਰਤੀਬੱਧਤਾ ਨੂੰ ਦਰਸਾਇਆ।

ਵਿਭਿੰਨ ਅਕਾਦਮਿਕ ਪ੍ਰੋਗਰਾਮਾਂ ਦੇ ਤਹਿਤ ਕੁੱਲ 824 ਡਿਗਰੀਆਂ ਪ੍ਰਦਾਨ ਕੀਤੀਆਂ ਗਈਆਂ, ਜਿਨ੍ਹਾਂ ਵਿੱਚ 737 ਬੀ.ਟੈੱਕ., 69 ਐੱਮ.ਟੈੱਕ. ਅਤੇ 18 ਪੀਐੱਚ.ਡੀ. ਡਿਗਰੀਆਂ ਸ਼ਾਮਲ ਸਨ। ਇਨ੍ਹਾਂ ਵਿੱਚੋਂ 675 ਵਿਦਿਆਰਥੀਆਂ ਨੇ ਸਮਾਰੋਹ ਵਿੱਚ ਨਿਜੀ ਤੌਰ 'ਤੇ ਹਾਜ਼ਰ ਹੋ ਕੇ ਆਪਣੀਆਂ ਡਿਗਰੀਆਂ ਪ੍ਰਾਪਤ ਕੀਤੀਆਂ, ਜਦਕਿ 149 ਡਿਗਰੀਆਂ ਗ਼ੈਰ-ਹਾਜ਼ਰੀ ਵਿੱਚ ਪ੍ਰਦਾਨ ਕੀਤੀਆਂ ਗਈਆਂ।

ਪੀਈਸੀ ਦੇ ਵਾਈਸ ਚਾਂਸਲਰ ਪ੍ਰੋ. ਭੋਲਾ ਰਾਮ ਗੁਰਜਰ ਨੇ ਮੁੱਖ ਮਹਿਮਾਨ ਸ਼੍ਰੀ ਗੁਲਾਬ ਚੰਦ ਕਟਾਰੀਆ ਦਾ ਸੁਆਗਤ ਕੀਤਾ ਅਤੇ ਡਿਗਰੀਆਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਹਾਜ਼ਰ ਇਕੱਠ ਨੂੰ ਸਾਲ ਦੌਰਾਨ ਸੰਸਥਾ ਦੀਆਂ ਪ੍ਰਮੁੱਖ ਪ੍ਰਾਪਤੀਆਂ ਬਾਰੇ ਜਾਣੂ ਕਰਵਾਇਆ। ਉਨ੍ਹਾਂ ਨੇ ਅਕਾਦਮਿਕ ਉੱਤਮਤਾ ਨੂੰ ਮਜ਼ਬੂਤ ਕਰਨ, ਅੰਤਰ-ਵਿਸ਼ਾਗਤ ਖੋਜ ਨੂੰ ਉਤਸ਼ਾਹਿਤ ਕਰਨ, ਉੱਦਮਸ਼ੀਲਤਾ ਨੂੰ ਪ੍ਰੋਤਸਾਹਨ ਦੇਣ ਅਤੇ ਉਦਯੋਗ ਜਗਤ ਤੇ ਪ੍ਰਮੁੱਖ ਅਕਾਦਮਿਕ ਸੰਸਥਾਵਾਂ ਨਾਲ ਸਹਿਯੋਗ ਵਧਾਉਣ ਲਈ ਕੀਤੇ ਜਾ ਰਹੇ ਨਿਰੰਤਰ ਯਤਨਾਂ 'ਤੇ ਪ੍ਰਕਾਸ਼ ਪਾਇਆ। ਇਸ ਮੌਕੇ ਵਾਈਸ ਚਾਂਸਲਰ ਨੇ ਸੰਸਥਾ ਦੀ ਵਾਰਸ਼ਿਕ ਰਿਪੋਰਟ ਵੀ ਮੁੱਖ ਮਹਿਮਾਨ ਨੂੰ ਭੇਟ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪੀਈਸੀ ਦੀਆਂ ਕਦਰਾਂ-ਕੀਮਤਾਂ ਅਤੇ ਪਰੰਪਰਾਵਾਂ ਨੂੰ ਕਾਇਮ ਰੱਖਣ ਅਤੇ ਆਪਣੇ ਪੇਸ਼ੇਵਰ ਕਾਰਜਾਂ ਰਾਹੀਂ ਸਮਾਜ ਵਿੱਚ ਸਾਰਥਕ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ।

ਸਮਾਗਮ ਨੂੰ ਸੰਬੋਧਨ ਕਰਦਿਆਂ ਸ਼੍ਰੀ ਗੁਲਾਬ ਚੰਦ ਕਟਾਰੀਆ ਨੇ ਡਿਗਰੀਆਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਉਨ੍ਹਾਂ ਦੀਆਂ ਪ੍ਰਾਪਤੀਆਂ ਲਈ ਵਧਾਈ ਦਿੱਤੀ। ਉਨ੍ਹਾਂ ਨੇ ਪੀਈਸੀ ਦੀ ਸ਼ਾਨਦਾਰ ਵਿਰਾਸਤ ਦਾ ਜ਼ਿਕਰ ਕਰਦਿਆਂ ਪ੍ਰਸਿੱਧ ਵਿਗਿਆਨੀ ਪ੍ਰੋ. ਸਤੀਸ਼ ਧਵਨ ਅਤੇ ਸੰਸਥਾ ਦੀ ਮਾਣਮੱਤੀ ਸਾਬਕਾ ਵਿਦਿਆਰਥਣ ਤੇ ਪੁਲਾੜ ਯਾਤਰੀ ਕਲਪਨਾ ਚਾਵਲਾ ਨੂੰ ਯਾਦ ਕੀਤਾ।

ਉਨ੍ਹਾਂ ਨੇ ਇਨ੍ਹਾਂ ਮਹਾਨ ਸ਼ਖ਼ਸੀਅਤਾਂ ਨੂੰ ਇੰਜੀਨੀਅਰਾਂ ਅਤੇ ਨੌਜਵਾਨਾਂ ਦੀਆਂ ਪੀੜ੍ਹੀਆਂ ਲਈ ਸਦੀਵੀ ਪ੍ਰੇਰਣਾ ਦਾ ਸਰੋਤ ਦੱਸਿਆ। ਇਸ ਮੌਕੇ ਪੀਈਸੀ ਦੀ ਸਾਬਕਾ ਵਿਦਿਆਰਥਣ ਸ਼੍ਰੀਮਤੀ ਕੰਵਰਦੀਪ ਕੌਰ, ਆਈਪੀਐੱਸ, ਐੱਸਐੱਸਪੀ ਚੰਡੀਗੜ੍ਹ ਦਾ ਵੀ ਜ਼ਿਕਰ ਕੀਤਾ ਗਿਆ, ਜਿਨ੍ਹਾਂ ਨੂੰ ਫੇਮ ਇੰਡੀਆ-ਏਸ਼ੀਆ ਪੋਸਟ ਵੱਲੋਂ ਭਾਰਤ ਦੇ ਚੋਟੀ ਦੇ 25 ਪੁਲਿਸ ਅਧਿਕਾਰੀਆਂ ਵਿੱਚ ਸ਼ਾਮਲ ਕੀਤਾ ਗਿਆ ਹੈ।

ਗ੍ਰੈਜੂਏਟ ਵਿਦਿਆਰਥੀਆਂ ਨੂੰ ਭਾਰਤ ਦੇ ਭਵਿੱਖ ਦੇ ਨੌਜਵਾਨ ਦੱਸਦਿਆਂ ਰਾਜਪਾਲ ਨੇ ਉਨ੍ਹਾਂ ਨੂੰ ਭਾਰਤ ਦੀ ਸਮ੍ਰਿੱਧ ਵਿਰਾਸਤ ਨੂੰ ਮਾਣ ਅਤੇ ਜ਼ਿੰਮੇਦਾਰੀ ਨਾਲ ਅੱਗੇ ਵਧਾਉਣ ਦਾ ਸੱਦਾ ਦਿੱਤਾ। ਉਨ੍ਹਾਂ ਨੇ ਨਸ਼ਾ ਮੁਕਤੀ 'ਤੇ ਵਿਸ਼ੇਸ਼ ਜ਼ੋਰ ਦਿੰਦਿਆਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਨਸ਼ਾ-ਮੁਕਤ ਸਮਾਜ ਦੇ ਦੂਤ ਬਣਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਤੰਦਰੁਸਤ ਅਤੇ ਇਕਾਗਰ ਨੌਜਵਾਨ ਪੀੜ੍ਹੀ ਹੀ ਇੱਕ ਮਜ਼ਬੂਤ ਰਾਸ਼ਟਰ ਦੀ ਨੀਂਹ ਹੈ।

ਰਾਜਪਾਲ ਨੇ ਨੌਜਵਾਨ ਇੰਜੀਨੀਅਰਾਂ ਨੂੰ ਇਨੋਵੇਸ਼ਨ ਅਪਣਾਉਣ ਅਤੇ ਦੇਸ਼ ਦੀ ਸੇਵਾ ਲਈ ਟੈਕਨੋਲੋਜੀ ਤੇ ਉੱਭਰ ਰਹੀਆਂ ਤਕਨੀਕਾਂ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕੀਤਾ, ਤਾਕਿ ਰਾਸ਼ਟਰੀ ਸੁਰੱਖਿਆ ਅਤੇ ਆਤਮਨਿਰਭਰਤਾ ਨੂੰ ਮਜ਼ਬੂਤ ਕੀਤਾ ਜਾ ਸਕੇ ਅਤੇ ਕਿਸੇ ਵੀ ਚੁਣੌਤੀ ਦੇ ਸਾਹਮਣੇ ਦੇਸ਼ ਦੇ ਹਿਤਾਂ ਤੇ ਅਖੰਡਤਾ ਦੀ ਰੱਖਿਆ ਕੀਤੀ ਜਾ ਸਕੇ।

ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਗ੍ਰੈਜੂਏਟ ਵਿਦਿਆਰਥੀ ਪੇਸ਼ੇਵਰ ਨੈਤਿਕਤਾ ਦੇ ਉੱਚ ਮਾਪਦੰਡਾਂ ਨੂੰ ਕਾਇਮ ਰੱਖਣਗੇ ਅਤੇ ਆਪਣੇ ਗਿਆਨ ਤੇ ਹੁਨਰ ਦੀ ਵਰਤੋਂ ਸਮਾਜਿਕ ਚੁਣੌਤੀਆਂ ਦੇ ਹੱਲ ਅਤੇ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਉਣ ਲਈ ਕਰਨਗੇ।

56ਵਾਂ ਕਨਵੋਕੇਸ਼ਨ ਸਮਾਰੋਹ ਪ੍ਰੇਰਣਾਦਾਇਕ ਮਾਹੌਲ ਵਿੱਚ ਸੰਪੰਨ ਹੋਇਆ। ਇਸ ਮੌਕੇ ਵਿਦਿਆਰਥੀਆਂ ਨੇ ਪੀਈਸੀ ਦੀ ਸ਼ਾਨਦਾਰ ਵਿਰਾਸਤ ਅਤੇ ਉੱਤਮਤਾ, ਇਮਾਨਦਾਰੀ ਤੇ ਰਾਸ਼ਟਰ ਨਿਰਮਾਣ ਪ੍ਰਤੀ ਸੰਸਥਾ ਦੀ ਅਟੁੱਟ ਪ੍ਰਤੀਬੱਧਤਾ ਨੂੰ ਅੱਗੇ ਵਧਾਉਂਦਿਆਂ ਆਪਣੇ ਨਵੇਂ ਪੇਸ਼ੇਵਰ ਅਤੇ ਅਕਾਦਮਿਕ ਸਫ਼ਰ ਦੀ ਸ਼ੁਰੂਆਤ ਕੀਤੀ।

ਵਿਧਾਇਕ ਸਵਨਾ ਨੇ ਰੱਖਿਆ ਲਿੰਕ ਸੜਕ ਨੂੰ ਚੌੜਾ ਕਰਨ ਦਾ ਨੀਂਹ ਪੱਥਰ

ਫਾਜ਼ਿਲਕਾ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-
ਵਿਧਾਇਕ ਸ. ਨਰਿੰਦਰਪਾਲ ਸਿੰਘ ਸਵਨਾ ਵਲੋਂ ਹਲਕਾ ਫਾਜ਼ਿਲਕਾ ਦੇ ਪਿੰਡ ਨੂਰਸਮੰਦ ਵਿਖੇ ਨੂਰਸਮੰਦ ਤੋਂ ਨੂਰਸ਼ਾਹ ਤੱਕ ਜਾਣ ਵਾਲੀ ਸੜਕ ਨੂੰ ਚੌੜਾ ਕਰਨ ਦੇ ਪ੍ਰੋਜੈਕਟ ਦਾ ਨੀਂਹ ਪੱਥਰ ਰੱਖ ਕੇ ਰਸਮੀ ਤੌਰ 'ਤੇ ਕੰਮ ਦੀ ਸ਼ੁਰੂਆਤ ਕਰਵਾਈ ਗਈ। ਇਸ ਪੂਰੇ ਪ੍ਰੋਜੈਕਟ 'ਤੇ 4 ਕਰੋੜ 12 ਲੱਖ ਰੁਪਏ ਦੀ ਲਾਗਤ ਆਵੇਗੀ ਅਤੇ ਨਿਰਧਾਰਿਤ ਸਮੇਂ ਅੰਦਰ ਕੰਮ ਮੁਕੰਮਲ ਕਰ ਦਿੱਤਾ ਜਾਵੇਗਾ। ਇਸ ਮੌਕੇ ਇਲਾਕੇ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਸਵਨਾ ਨੇ ਕਿਹਾ ਕਿ ਹਲਕੇ ਵਿੱਚ ਆਵਾਜਾਈ ਨੂੰ ਸੁਚਾਰੂ ਬਣਾਉਣਾ ਅਤੇ ਵਧੀਆ ਸੜਕੀ ਆਵਾਜਾਈ ਮੁਹੱਈਆ ਕਰਵਾਉਣਾ ਉਨ੍ਹਾਂ ਦੀ ਮੁੱਖ ਤਰਜੀਹ ਹੈ। ਇਸ ਨਵੀਂ ਸੜਕ ਦੇ ਬਣਨ ਨਾਲ ਆਸ-ਪਾਸ ਦੇ ਪਿੰਡਾਂ ਦੇ ਲੋਕਾਂ ਨੂੰ ਆਉਣ-ਜਾਣ ਵਿੱਚ ਭਾਰੀ ਸਹੂਲਤ ਮਿਲੇਗੀ ਅਤੇ ਲੰਮੇ ਸਮੇਂ ਤੋਂ ਚੱਲੀ ਆ ਰਹੀ ਮੰਗ ਪੂਰੀ ਹੋਵੇਗੀ।ਉਨ੍ਹਾਂ ਇਸ ਮੌਕੇ ਆਲੇ ਦੁਆਲੇ ਦੇ ਪਿੰਡਾਂ ਦੇ ਇਕੱਤਰ ਹੋਏ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਪੰਜਾਬ ਵੱਲੋਂ ਹਰ ਖੇਤਰ ਵਿੱਚ ਤਰੱਕੀ ਕੀਤੀ ਜਾ ਰਹੀ ਹੈ। ਵਿੱਦਿਆ ਦੇ ਖੇਤਰ ਵੱਲ ਵੀ ਵਧੇਰੇ ਧਿਆਨ ਦਿੰਦੇ ਹੋਏ ਪਿੰਡਾਂ ਦੇ ਸਕੂਲਾਂ ਦੀਆਂ ਇਮਾਰਤਾਂ ਦੀ ਹਾਲਤ 'ਚ ਸੁਧਾਰ ਕਰਨ ਦੇ ਨਾਲ-ਨਾਲ ਨਵੀਆਂ ਇਮਾਰਤਾਂ ਵੀ ਬਣਾਈਆਂ ਜਾ ਰਹੀਆਂ ਹਨ ਅਤੇ ਨਵੇਂ ਅਧਿਆਪਕਾਂ ਦੀ ਭਰਤੀ ਕੀਤੀ ਜਾ ਰਹੀ ਹੈ, ਤਾਂ ਜੋ ਲੋਕ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ 'ਚ ਪੜ੍ਹਾਉਣ ਲਈ ਤਰਜ਼ੀਹ ਦੇਣ। ਇਸ ਤੋਂ ਇਲਾਵਾ ਸਿਹਤ ਦੇ ਖੇਤਰ ਵੱਲ ਧਿਆਨ ਦਿੰਦੇ ਹੋਏ ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ ਅਤੇ ਲੋਕ ਇੰਨ੍ਹਾਂ ਦਾ ਫਾਇਦਾ ਲੈ ਰਹੇ ਹਨ। ਹਲਕਾ ਵਿਧਾਇਕ ਵੱਲੋਂ ਲੋਕਾਂ ਨੂੰ ਭਰੋਸਾ ਦਿਵਾਇਆ ਗਿਆ।

ਬਠਿੰਡਾ ਕੈਂਟ ਰਿੰਗ ਰੋਡ 'ਤੇ 18 ਏਕੜ ਵਿੱਚ ਬਣੇਗਾ ਪਲਾਜ਼ਾ

ਬਠਿੰਡਾ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-
ਬਠਿੰਡਾ ਕੈਂਟ ਰਿੰਗ ਰੋਡ 'ਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਯਾਦ ਵਿੱਚ ਵਿਕਸਤ ਕੀਤੇ ਜਾ ਰਹੇ ਸ਼ਹੀਦ ਕਰਤਾਰ ਸਿੰਘ ਸਰਾਭਾ ਪਲਾਜ਼ਾ ਦੇ ਐਸਸੀਓ ਦੀ ਨਿਲਾਮੀ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ। ਇਹ ਜਾਣਕਾਰੀ ਨਗਰ ਸੁਧਾਰ ਟਰਸਟ ਦੇ ਚੇਅਰਮੈਨ ਸ਼੍ਰੀ ਜਤਿੰਦਰ ਸਿੰਘ ਭੱਲਾ ਨੇ ਸਾਂਝੀ ਕੀਤੀ।ਉਹਨਾਂ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ ਪਹਿਲੇ ਪੜਾਅ ਵਿੱਚ 22 ਸ਼ਾਪ-ਕਮ-ਆਫਿਸ (ਐਸਸੀਓ) ਦੀ ਨਿਲਾਮੀ ਕੀਤੀ ਗਈ।

ਸਰਦੀ ਦੀ ਆਮਦ: ਬਜ਼ੁਰਗ ਕਿਸ ਤਰ੍ਹਾਂ ਕਰਨ ਤਿਆਰੀ?

ਠੰਢ ਦੇ ਮੌਸਮ ਵਿੱਚ ਦਿਲ, ਸਾਹ ਅਤੇ ਜੋੜਾਂ ਦੀਆਂ ਸਮੱਸਿਆਵਾਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ 65 ਸਾਲ ਤੋਂ ਵੱਧ ਉਮਰ ਦੇ ਵਿਅਕਤੀਆਂ ਲਈ ਗਰਮ ਕੱਪੜੇ, ਸੰਤੁਲਿਤ ਖੁਰਾਕ, ਨਿਯਮਤ ਦਵਾਈਆਂ ਅਤੇ ਸੁਰੱਖਿਅਤ ਕਸਰਤ ਬੇਹੱਦ ਜ਼ਰੂਰੀ



ਵਿਸ਼ੇਸ਼ ਸਿਹਤ ਰਿਪੋਰਟ

ਅਕਤੂਬਰ ਦਾ ਮਹੀਨਾ ਖ਼ਤਮ ਹੋਣ ਵੱਲ ਵਧ ਰਿਹਾ ਹੈ ਅਤੇ ਪੰਜਾਬ ਸਮੇਤ ਉੱਤਰੀ ਭਾਰਤ ਵਿੱਚ ਮੌਸਮ ਹੌਲੀ-ਹੌਲੀ ਕਰਵਟ ਲੈਣ ਲੱਗਾ ਹੈ। ਸਵੇਰ ਅਤੇ ਰਾਤ ਦੇ ਸਮੇਂ ਠੰਢਕ ਮਹਿਸੂਸ ਹੋਣ ਲੱਗਦੀ ਹੈ। ਆਉਣ ਵਾਲੇ ਹਫ਼ਤਿਆਂ ਵਿੱਚ ਤਾਪਮਾਨ ਹੋਰ ਘਟਣ ਨਾਲ ਸਰਦੀ ਦਾ ਅਸਰ ਵਧੇਗਾ। ਮੌਸਮ ਦੀ ਇਹ ਤਬਦੀਲੀ ਜਿੱਥੇ ਆਮ ਲੋਕਾਂ ਲਈ ਸੁਹਾਵਣੀ ਹੁੰਦੀ ਹੈ, ਉੱਥੇ ਬਜ਼ੁਰਗਾਂ ਲਈ ਕਈ ਸਿਹਤ ਸਮੱਸਿਆਵਾਂ ਦਾ ਕਾਰਨ ਵੀ ਬਣ ਸਕਦੀ ਹੈ। ਖ਼ਾਸ ਤੌਰ 'ਤੇ 65 ਸਾਲ ਤੋਂ ਵੱਧ ਉਮਰ ਦੇ ਵਿਅਕਤੀਆਂ ਨੂੰ ਇਸ ਮੌਸਮ ਵਿੱਚ ਆਪਣੀ ਸਿਹਤ ਪ੍ਰਤੀ ਵਧੇਰੇ ਸੁਚੇਤ ਰਹਿਣ ਦੀ ਲੋੜ ਹੁੰਦੀ ਹੈ।

ਉਮਰ ਵਧਣ ਨਾਲ ਸਰੀਰ ਦੀ ਤਾਪਮਾਨ ਨੂੰ ਨਿਯੰਤਰਿਤ ਕਰਨ ਦੀ ਸਮਰੱਥਾ ਘਟ ਸਕਦੀ ਹੈ। ਮਾਸਪੇਸ਼ੀਆਂ ਕਮਜ਼ੋਰ ਹੋਣ, ਖ਼ੂਨ ਦਾ ਸੰਚਾਰ ਪ੍ਰਭਾਵਿਤ ਹੋਣ ਅਤੇ ਰੋਗਾਂ ਨਾਲ ਲੜਨ ਦੀ ਸਮਰੱਥਾ ਘਟਣ ਕਾਰਨ ਬਜ਼ੁਰਗ ਠੰਢ ਤੋਂ ਜ਼ਿਆਦਾ ਪ੍ਰਭਾਵਿਤ ਹੋ ਸਕਦੇ ਹਨ। ਜਿਨ੍ਹਾਂ ਨੂੰ ਪਹਿਲਾਂ ਹੀ ਦਿਲ ਦੀ ਬਿਮਾਰੀ, ਹਾਈ ਬਲੱਡ ਪ੍ਰੈਸ਼ਰ, ਸ਼ੂਗਰ, ਦਮਾ ਜਾਂ ਜੋੜਾਂ ਦਾ ਦਰਦ ਹੈ, ਉਨ੍ਹਾਂ ਲਈ ਸਰਦੀ ਦਾ ਮੌਸਮ ਵਾਧੂ ਸਾਵਧਾਨੀ ਦੀ ਮੰਗ ਕਰਦਾ ਹੈ।

1. ਠੰਢ ਸ਼ੁਰੂ ਹੋਣ ਤੋਂ ਪਹਿਲਾਂ ਸਿਹਤ ਦੀ ਜਾਂਚ ਕਰਵਾਓ

ਸਰਦੀ ਦੀ ਤਿਆਰੀ ਦਾ ਪਹਿਲਾ ਕਦਮ ਆਪਣੀ ਸਿਹਤ ਦੀ ਮੌਜੂਦਾ ਸਥਿਤੀ ਨੂੰ ਸਮਝਣਾ ਹੈ। ਬਜ਼ੁਰਗਾਂ ਨੂੰ ਚਾਹੀਦਾ ਹੈ ਕਿ ਉਹ ਮੌਸਮ ਵਿੱਚ ਵੱਡੀ ਤਬਦੀਲੀ ਆਉਣ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਸਲਾਹ ਕਰਨ। ਖ਼ਾਸ ਤੌਰ 'ਤੇ ਬਲੱਡ ਪ੍ਰੈਸ਼ਰ, ਸ਼ੂਗਰ ਅਤੇ ਦਿਲ ਦੀ ਬਿਮਾਰੀ ਵਾਲੇ ਵਿਅਕਤੀਆਂ ਨੂੰ ਨਿਯਮਤ ਜਾਂਚ ਜਾਰੀ ਰੱਖਣੀ ਚਾਹੀਦੀ ਹੈ।

ਠੰਢ ਵਿੱਚ ਸਰੀਰ ਦੀਆਂ ਖ਼ੂਨ ਦੀਆਂ ਨਾੜੀਆਂ ਸੁੰਗੜ ਸਕਦੀਆਂ ਹਨ, ਜਿਸ ਨਾਲ ਬਲੱਡ ਪ੍ਰੈਸ਼ਰ ਵਧ ਸਕਦਾ ਹੈ। ਇਸ ਕਾਰਨ ਦਿਲ ਉੱਤੇ ਦਬਾਅ ਵਧਣ ਦੀ ਸੰਭਾਵਨਾ ਹੁੰਦੀ ਹੈ। ਜਿਨ੍ਹਾਂ ਵਿਅਕਤੀਆਂ ਨੂੰ ਪਹਿਲਾਂ ਦਿਲ ਦਾ ਦੌਰਾ ਪੈ ਚੁੱਕਾ ਹੈ ਜਾਂ ਸਟੈਂਟ ਪਿਆ ਹੋਇਆ ਹੈ, ਉਨ੍ਹਾਂ ਨੂੰ ਵਿਸ਼ੇਸ਼ ਸਾਵਧਾਨੀ ਵਰਤਣੀ ਚਾਹੀਦੀ ਹੈ।

ਦਵਾਈਆਂ ਦੀ ਮਾਤਰਾ ਆਪਣੀ ਮਰਜ਼ੀ ਨਾਲ ਘਟਾਉਣ ਜਾਂ ਵਧਾਉਣ ਦੀ ਬਜਾਏ ਡਾਕਟਰ ਦੀ ਸਲਾਹ ਲੈਣੀ ਚਾਹੀਦੀ ਹੈ।

2. ਸਵੇਰ ਦੀ ਸੈਰ ਦਾ ਸਮਾਂ ਬਦਲਣਾ ਲਾਹੇਵੰਦ

ਬਹੁਤ ਸਾਰੇ ਬਜ਼ੁਰਗ ਸਵੇਰੇ ਚਾਰ ਜਾਂ ਪੰਜ ਵਜੇ ਉੱਠ ਕੇ ਸੈਰ ਕਰਨ ਦੇ ਆਦੀ ਹੁੰਦੇ ਹਨ। ਗਰਮੀਆਂ ਵਿੱਚ ਇਹ ਸਮਾਂ ਢੁੱਕਵਾਂ ਹੋ ਸਕਦਾ ਹੈ, ਪਰ ਸਰਦੀਆਂ ਵਿੱਚ ਬਹੁਤ ਸਵੇਰੇ ਸੈਰ ਕਰਨਾ ਹਰ ਵਿਅਕਤੀ ਲ ਈ ਸੁਰੱਖਿਅਤ ਨਹੀਂ ਹੁੰਦਾ।

ਸਰਦੀ ਦੇ ਦਿਨਾਂ ਵਿੱਚ ਸਵੇਰੇ ਤਾਪਮਾਨ ਕਾਫ਼ੀ ਘੱਟ ਹੁੰਦਾ ਹੈ। ਧੁੰਦ ਅਤੇ ਹਵਾ ਵਿੱਚ ਪ੍ਰਦੂਸ਼ਣ ਵਧਣ ਕਾਰਨ ਸਾਹ ਦੀਆਂ ਸਮੱਸਿਆਵਾਂ ਵੀ ਪੈਦਾ ਹੋ ਸਕਦੀਆਂ ਹਨ। ਇਸ ਲਈ ਬਜ਼ੁਰਗਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਬਹੁਤ ਠੰਢੇ ਸਮੇਂ ਦੀ ਬਜਾਏ ਦਿਨ ਚੜ੍ਹਨ ਤੋਂ ਬਾਅਦ ਸੈਰ ਕਰਨ।

ਜੇਕਰ ਬਾਹਰ ਬਹੁਤ ਠੰਢ ਜਾਂ ਸੰਘਣੀ ਧੁੰਦ ਹੋਵੇ ਤਾਂ ਘਰ ਦੇ ਅੰਦਰ ਹੀ ਹਲਕੀ ਕਸਰਤ ਕੀਤੀ ਜਾ ਸਕਦੀ ਹੈ। ਸੈਰ ਤੋਂ ਪਹਿਲਾਂ ਪੰਜ ਤੋਂ ਦਸ ਮਿੰਟ ਸਰੀਰ ਨੂੰ ਹੌਲੀ-ਹੌਲੀ ਗਰਮ ਕਰਨਾ ਲਾਹੇਵੰਦ ਹੈ। ਦਿਲ ਦੇ ਮਰੀਜ਼ਾਂ ਨੂੰ ਅਚਾਨਕ ਤੇਜ਼ ਤੁਰਨਾ ਜਾਂ ਭਾਰੀ ਕਸਰਤ ਕਰਨ ਤੋਂ ਬਚਣਾ ਚਾਹੀਦਾ ਹੈ।

3. ਸਿਰ, ਪੈਰ ਅਤੇ ਛਾਤੀ ਨੂੰ ਗਰਮ ਰੱਖਣਾ ਜ਼ਰੂਰੀ

ਸਰਦੀਆਂ ਵਿੱਚ ਬਜ਼ੁਰਗਾਂ ਲਈ ਸਹੀ ਕੱਪੜਿਆਂ ਦੀ ਚੋਣ ਬਹੁਤ ਮਹੱਤਵਪੂਰਨ ਹੈ। ਇੱਕ ਬਹੁਤ ਮੋਟਾ ਕੱਪੜਾ ਪਹਿਨਣ ਦੀ ਬਜਾਏ ਕਈ ਹਲਕੀਆਂ ਪਰਤਾਂ ਵਾਲੇ ਕੱਪੜੇ ਪਹਿਨਣਾ ਵਧੇਰੇ ਲਾਹੇਵੰਦ ਹੋ ਸਕਦਾ ਹੈ।

ਸਿਰ ਉੱਤੇ ਟੋਪੀ ਜਾਂ ਦਸਤਾਰ, ਗਲੇ ਦੁਆਲੇ ਮਫ਼ਲਰ, ਪੈਰਾਂ ਵਿੱਚ ਗਰਮ ਜੁਰਾਬਾਂ ਅਤੇ ਸਰੀਰ ਉੱਤੇ ਸਵੈਟਰ ਜਾਂ ਜੈਕਟ ਪਹਿਨਣੀ ਚਾਹੀਦੀ ਹੈ। ਘਰ ਦੇ ਅੰਦਰ ਵੀ ਜੇਕਰ ਤਾਪਮਾਨ ਘੱਟ ਹੋਵੇ ਤਾਂ ਗਰਮ ਕੱਪੜੇ ਪਹਿਨੇ ਰੱਖਣੇ ਚਾਹੀਦੇ ਹਨ।

ਬਜ਼ੁਰਗਾਂ ਦੇ ਸੌਣ ਵਾਲੇ ਕਮਰੇ ਨੂੰ ਢੁੱਕਵਾਂ ਗਰਮ ਰੱਖਣਾ ਜ਼ਰੂਰੀ ਹੈ। ਕਮਰੇ ਵਿੱਚ ਅੰਗੀਠੀ ਜਾਂ ਕੋਲੇ ਦੀ ਸਿਗੜੀ ਬਾਲ ਕੇ ਸੌਣਾ ਬੇਹੱਦ ਖ਼ਤਰਨਾਕ ਹੋ ਸਕਦਾ ਹੈ, ਕਿਉਂਕਿ ਇਸ ਨਾਲ ਕਾਰਬਨ ਮੋਨੋਆਕਸਾਈਡ ਗੈਸ ਪੈਦਾ ਹੋ ਸਕਦੀ ਹੈ। ਗੈਸ ਹੀਟਰ ਵਰਤਣ ਸਮੇਂ ਵੀ ਹਵਾ ਦੀ ਆਵਾਜਾਈ ਅਤੇ ਉਪਕਰਨ ਦੀ ਸੁਰੱਖਿਆ ਯਕੀਨੀ ਬਣਾਉਣੀ ਚਾਹੀਦੀ ਹੈ।

4. ਖੁਰਾਕ ਵਿੱਚ ਗਰਮ ਅਤੇ ਪੌਸ਼ਟਿਕ ਪਦਾਰਥ ਸ਼ਾਮਲ ਕਰੋ

ਸਰਦੀਆਂ ਵਿੱਚ ਸਰੀਰ ਨੂੰ ਤੰਦਰੁਸਤ ਰੱਖਣ ਲਈ ਸੰਤੁਲਿਤ ਖੁਰਾਕ ਦੀ ਬਹੁਤ ਮਹੱਤਤਾ ਹੈ। ਬਜ਼ੁਰਗਾਂ ਨੂੰ ਦਾਲਾਂ, ਹਰੀਆਂ ਸਬਜ਼ੀਆਂ, ਮੌਸਮੀ ਫਲ, ਦੁੱਧ, ਦਹੀਂ ਅਤੇ ਪ੍ਰੋਟੀਨ ਵਾਲੇ ਹੋਰ ਪਦਾਰਥ ਆਪਣੀ ਖੁਰਾਕ ਵਿੱਚ ਸ਼ਾਮਲ ਕਰਨੇ ਚਾਹੀਦੇ ਹਨ।

ਗਾਜਰ, ਪਾਲਕ, ਮੇਥੀ, ਸਰ੍ਹੋਂ ਦਾ ਸਾਗ ਅਤੇ ਮੌਸਮੀ ਸਬਜ਼ੀਆਂ ਪੌਸ਼ਟਿਕ ਤੱਤਾਂ ਦੇ ਚੰਗੇ ਸਰੋਤ ਹਨ। ਬਦਾਮ, ਅਖਰੋਟ ਅਤੇ ਹੋਰ ਸੁੱਕੇ ਮੇਵੇ ਵੀ ਸੀਮਤ ਮਾਤਰਾ ਵਿੱਚ ਲਏ ਜਾ ਸਕਦੇ ਹਨ, ਜੇਕਰ ਸਿਹਤ ਦੀ ਸਥਿਤੀ ਇਜਾਜ਼ਤ ਦਿੰਦੀ ਹੋਵੇ।

ਕਈ ਬਜ਼ੁਰਗ ਸਰਦੀਆਂ ਵਿੱਚ ਪਾਣੀ ਘੱਟ ਪੀਂਦੇ ਹਨ ਕਿਉਂਕਿ ਪਿਆਸ ਘੱਟ ਮਹਿਸੂਸ ਹੁੰਦੀ ਹੈ। ਇਹ ਆਦਤ ਸਰੀਰ ਵਿੱਚ ਪਾਣੀ ਦੀ ਕਮੀ ਪੈਦਾ ਕਰ ਸਕਦੀ ਹੈ। ਇਸ ਲਈ ਦਿਨ ਭਰ ਨਿਯਮਤ ਅੰਤਰਾਲ ਉੱਤੇ ਪਾਣੀ ਪੀਣਾ ਚਾਹੀਦਾ ਹੈ। ਜਿਨ੍ਹਾਂ ਨੂੰ ਦਿਲ ਜਾਂ ਗੁਰਦਿਆਂ ਦੀ ਬਿਮਾਰੀ ਕਾਰਨ ਪਾਣੀ ਦੀ ਮਾਤਰਾ ਸੀਮਤ ਰੱਖਣ ਲਈ ਕਿਹਾ ਗਿਆ ਹੈ, ਉਹ ਡਾਕਟਰੀ ਹਦਾਇਤ ਦੀ ਪਾਲਣਾ ਕਰਨ।

5. ਜੋੜਾਂ ਦੇ ਦਰਦ ਅਤੇ ਗਠੀਏ ਤੋਂ ਬਚਾਅ

ਸਰਦੀਆਂ ਵਿੱਚ ਬਹੁਤ ਸਾਰੇ ਬਜ਼ੁਰਗ ਗੋਡਿਆਂ, ਮੋਢਿਆਂ, ਕਮਰ ਅਤੇ ਹੱਥਾਂ ਦੇ ਜੋੜਾਂ ਵਿੱਚ ਦਰਦ ਜਾਂ ਅਕੜਾਅ ਦੀ ਸ਼ਿਕਾਇਤ ਕਰਦੇ ਹਨ। ਠੰਢੇ ਮੌਸਮ ਵਿੱਚ ਸਰੀਰਕ ਸਰਗਰਮੀ ਘਟਣ ਨਾਲ ਇਹ ਸਮੱਸਿਆ ਵਧੇਰੇ ਮਹਿਸੂਸ ਹੋ ਸਕਦੀ ਹੈ।

ਇਸ ਤੋਂ ਬਚਣ ਲਈ ਹਲਕੀ ਕਸਰਤ, ਸਰੀਰ ਨੂੰ ਗਰਮ ਰੱਖਣਾ ਅਤੇ ਲੰਮੇ ਸਮੇਂ ਤੱਕ ਇੱਕੋ ਥਾਂ ਬੈਠਣ ਤੋਂ ਬਚਣਾ ਲਾਹੇਵੰਦ ਹੈ। ਡਾਕਟਰ ਜਾਂ ਫਿਜ਼ੀਓਥੈਰੇਪਿਸਟ ਦੀ ਸਲਾਹ ਨਾਲ ਗੋਡਿਆਂ ਅਤੇ ਮਾਸਪੇਸ਼ੀਆਂ ਨੂੰ ਮਜ਼ਬੂਤ ਕਰਨ ਵਾਲੀਆਂ ਕਸਰਤਾਂ ਕੀਤੀਆਂ ਜਾ ਸਕਦੀਆਂ ਹਨ। ਦਰਦ ਤੋਂ ਰਾਹਤ ਲਈ ਹਲਕਾ ਗਰਮ ਸੇਕ ਮਦਦਗਾਰ ਹੋ ਸਕਦਾ ਹੈ, ਪਰ ਸ਼ੂਗਰ ਕਾਰਨ ਪੈਰਾਂ ਦੀ ਸੰਵੇਦਨਾ ਘੱਟ ਹੋਣ ਵਾਲੇ ਵਿਅਕਤੀਆਂ ਨੂੰ ਗਰਮ ਪਾਣੀ ਦੀ ਬੋਤਲ ਜਾਂ ਹੀਟਿੰਗ ਪੈਡ ਵਰਤਣ ਸਮੇਂ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ। ਦਰਦ ਨਿਵਾਰਕ ਗੋਲੀਆਂ ਡਾਕਟਰ ਦੀ ਸਲਾਹ ਤੋਂ ਬਿਨਾਂ ਲਗਾਤਾਰ ਨਹੀਂ ਲੈਣੀਆਂ ਚਾਹੀਦੀਆਂ।

6. ਸਾਹ ਦੀਆਂ ਬਿਮਾਰੀਆਂ ਵਾਲੇ ਬਜ਼ੁਰਗ ਵਧੇਰੇ ਸੁਚੇਤ ਰਹਿਣ

ਦਮੇ, ਸਾਹ ਦੀ ਪੁਰਾਣੀ ਬਿਮਾਰੀ ਅਤੇ ਸੀਓਪੀਡੀ ਤੋਂ ਪੀੜਤ ਵਿਅਕਤੀਆਂ ਲਈ ਠੰਢੀ ਹਵਾ ਸਾਹ ਲੈਣ ਵਿੱਚ ਮੁਸ਼ਕਲ ਪੈਦਾ ਕਰ ਸਕਦੀ ਹੈ। ਪੰਜਾਬ ਵਿੱਚ ਸਰਦੀਆਂ ਦੌਰਾਨ ਧੁੰਦ ਅਤੇ ਹਵਾ ਪ੍ਰਦੂਸ਼ਣ ਵੀ ਸਮੱਸਿਆ ਵਧਾ ਸਕਦੇ ਹਨ।

ਅਜਿਹੇ ਵਿਅਕਤੀਆਂ ਨੂੰ ਆਪਣੀਆਂ ਇਨਹੇਲਰ ਅਤੇ ਹੋਰ ਦਵਾਈਆਂ ਡਾਕਟਰੀ ਹਦਾਇਤ ਅਨੁਸਾਰ ਵਰਤਣੀਆਂ ਚਾਹੀਦੀਆਂ ਹਨ। ਬਾਹਰ ਜਾਣ ਸਮੇਂ ਨੱਕ ਅਤੇ ਮੂੰਹ ਨੂੰ ਢੱਕਣਾ ਠੰਢੀ ਹਵਾ ਦੇ ਸਿੱਧੇ ਪ੍ਰਭਾਵ ਨੂੰ ਘਟਾਉਣ ਵਿੱਚ ਮਦਦ ਕਰ ਸਕਦਾ ਹੈ।

ਫਲੂ, ਕੋਵਿਡ ਅਤੇ ਨਿਮੋਨੀਆ ਤੋਂ ਬਚਾਅ ਲਈ ਉਮਰ ਅਤੇ ਸਿਹਤ ਅਨੁਸਾਰ ਸਿਫ਼ਾਰਸ਼ ਕੀਤੇ ਟੀਕਿਆਂ ਬਾਰੇ ਵੀ ਡਾਕਟਰ ਨਾਲ ਸਲਾਹ ਕਰਨੀ ਚਾਹੀਦੀ ਹੈ।

7. ਧੁੱਪ, ਵਿਟਾਮਿਨ ਡੀ ਅਤੇ ਹੱਡੀਆਂ ਦੀ ਸਿਹਤ

ਸਰਦੀਆਂ ਵਿੱਚ ਬਜ਼ੁਰਗ ਅਕਸਰ ਘਰਾਂ ਦੇ ਅੰਦਰ ਜ਼ਿਆਦਾ ਸਮਾਂ ਬਿਤਾਉਂਦੇ ਹਨ। ਇਸ ਨਾਲ ਸਰੀਰਕ ਸਰਗਰਮੀ ਘਟ ਸਕਦੀ ਹੈ ਅਤੇ ਕੁਝ ਵਿਅਕਤੀਆਂ ਵਿੱਚ ਵਿਟਾਮਿਨ ਡੀ ਦੀ ਕਮੀ ਦਾ ਖ਼ਤਰਾ ਵੀ ਹੋ ਸਕਦਾ ਹੈ।

ਮੌਸਮ ਢੁੱਕਵਾਂ ਹੋਣ ਉੱਤੇ ਕੁਝ ਸਮਾਂ ਬਾਹਰ ਬਿਤਾਉਣਾ ਅਤੇ ਹਲਕੀ ਸੈਰ ਕਰਨਾ ਲਾਹੇਵੰਦ ਹੈ। ਹਾਲਾਂਕਿ ਵਿਟਾਮਿਨ ਡੀ ਦੀ ਲੋੜ ਸਿਰਫ਼ ਧੁੱਪ ਨਾਲ ਹਰ ਵਿਅਕਤੀ ਵਿੱਚ ਪੂਰੀ ਨਹੀਂ ਹੁੰਦੀ। ਜੇਕਰ ਹੱਡੀਆਂ ਦੀ ਕਮਜ਼ੋਰੀ ਜਾਂ ਵਿਟਾਮਿਨ ਡੀ ਦੀ ਕਮੀ ਦਾ ਸ਼ੱਕ ਹੋਵੇ ਤਾਂ ਡਾਕਟਰ ਨਾਲ ਸਲਾਹ ਕਰਨੀ ਚਾਹੀਦੀ ਹੈ।

ਬਿਨਾਂ ਲੋੜ ਤੋਂ ਵਿਟਾਮਿਨ ਡੀ ਜਾਂ ਕੈਲਸ਼ੀਅਮ ਦੀਆਂ ਵੱਡੀਆਂ ਖੁਰਾਕਾਂ ਲੈਣਾ ਵੀ ਨੁਕਸਾਨਦੇਹ ਹੋ ਸਕਦਾ ਹੈ।

8. ਇਕੱਲੇ ਰਹਿਣ ਵਾਲੇ ਬਜ਼ੁਰਗਾਂ ਦਾ ਵਿਸ਼ੇਸ਼ ਧਿਆਨ

ਪੰਜਾਬ ਦੇ ਬਹੁਤ ਸਾਰੇ ਪਰਿਵਾਰਾਂ ਦੇ ਬੱਚੇ ਵਿਦੇਸ਼ਾਂ ਵਿੱਚ ਰਹਿੰਦੇ ਹਨ ਅਤੇ ਉਨ੍ਹਾਂ ਦੇ ਬਜ਼ੁਰਗ ਮਾਪੇ ਪਿੰਡਾਂ ਜਾਂ ਸ਼ਹਿਰਾਂ ਵਿੱਚ ਇਕੱਲੇ ਰਹਿ ਰਹੇ ਹਨ। ਸਰਦੀਆਂ ਵਿੱਚ ਅਜਿਹੇ ਬਜ਼ੁਰਗਾਂ ਦੀ ਸੁਰੱਖਿਆ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ।

ਪਰਿਵਾਰਕ ਮੈਂਬਰਾਂ ਨੂੰ ਚਾਹੀਦਾ ਹੈ ਕਿ ਉਹ ਰੋਜ਼ਾਨਾ ਬਜ਼ੁਰਗਾਂ ਨਾਲ ਸੰਪਰਕ ਰੱਖਣ। ਉਨ੍ਹਾਂ ਕੋਲ ਲੋੜੀਂਦੀਆਂ ਦਵਾਈਆਂ, ਗਰਮ ਕੱਪੜੇ, ਭੋਜਨ ਅਤੇ ਐਮਰਜੈਂਸੀ ਸੰਪਰਕ ਨੰਬਰ ਉਪਲਬਧ ਹੋਣ।

ਘਰ ਦੇ ਬਾਥਰੂਮ ਅਤੇ ਪੌੜੀਆਂ ਉੱਤੇ ਤਿਲਕਣ ਤੋਂ ਬਚਾਅ ਦੇ ਪ੍ਰਬੰਧ ਕਰਨੇ ਚਾਹੀਦੇ ਹਨ। ਰਾਤ ਸਮੇਂ ਰੌਸ਼ਨੀ ਦਾ ਪ੍ਰਬੰਧ ਅਤੇ ਸਹਾਰੇ ਲਈ ਹੱਥੇ ਲਗਾਉਣਾ ਡਿੱਗਣ ਦੇ ਖ਼ਤਰੇ ਨੂੰ ਘਟਾ ਸਕਦਾ ਹੈ।

9. ਮਾਨਸਿਕ ਸਿਹਤ ਨੂੰ ਨਜ਼ਰਅੰਦਾਜ਼ ਨਾ ਕਰੋ

ਸਰਦੀਆਂ ਵਿੱਚ ਦਿਨ ਛੋਟੇ ਹੋਣ ਅਤੇ ਘਰ ਦੇ ਅੰਦਰ ਵਧੇਰੇ ਸਮਾਂ ਬਿਤਾਉਣ ਕਾਰਨ ਕੁਝ ਬਜ਼ੁਰਗਾਂ ਵਿੱਚ ਇਕੱਲਾਪਣ, ਉਦਾਸੀ ਜਾਂ ਚਿੰਤਾ ਵਧ ਸਕਦੀ ਹੈ।

ਪਰਿਵਾਰ ਨਾਲ ਗੱਲਬਾਤ, ਦੋਸਤਾਂ ਨਾਲ ਮਿਲਣਾ, ਪੜ੍ਹਨਾ, ਸੰਗੀਤ ਸੁਣਨਾ ਅਤੇ ਆਪਣੀ ਪਸੰਦ ਦੀਆਂ ਸਰਗਰਮੀਆਂ ਵਿੱਚ ਹਿੱਸਾ ਲੈਣਾ ਮਾਨਸਿਕ ਸਿਹਤ ਲਈ ਲਾਹੇਵੰਦ ਹੈ। ਜੇਕਰ ਉਦਾਸੀ ਲੰਮੇ ਸਮੇਂ ਤੱਕ ਰਹੇ, ਨੀਂਦ ਜਾਂ ਭੁੱਖ ਵਿੱਚ ਵੱਡੀ ਤਬਦੀਲੀ ਆਵੇ ਤਾਂ ਡਾਕਟਰੀ ਸਲਾਹ ਲੈਣੀ ਚਾਹੀਦੀ ਹੈ।

10. ਕਿਹੜੇ ਲੱਛਣਾਂ ਨੂੰ ਐਮਰਜੈਂਸੀ ਸਮਝਿਆ ਜਾਵੇ?

ਸਰਦੀਆਂ ਵਿੱਚ ਬਜ਼ੁਰਗਾਂ ਨੂੰ ਕੁਝ ਲੱਛਣਾਂ ਨੂੰ ਬਿਲਕੁਲ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਛਾਤੀ ਵਿੱਚ ਦਰਦ, ਅਚਾਨਕ ਸਾਹ ਚੜ੍ਹਨਾ, ਬੇਹੋਸ਼ੀ, ਚਿਹਰੇ ਦਾ ਇੱਕ ਪਾਸਾ ਲਟਕਣਾ, ਬੋਲਣ ਵਿੱਚ ਮੁਸ਼ਕਲ ਜਾਂ ਸਰੀਰ ਦੇ ਇੱਕ ਪਾਸੇ ਕਮਜ਼ੋਰੀ ਦਿਲ ਦੇ ਦੌਰੇ ਜਾਂ ਸਟ੍ਰੋਕ ਵਰਗੀ ਐਮਰਜੈਂਸੀ ਦੇ ਸੰਕੇਤ ਹੋ ਸਕਦੇ ਹਨ।

ਇਸੇ ਤਰ੍ਹਾਂ ਬਹੁਤ ਜ਼ਿਆਦਾ ਠੰਢ ਲੱਗਣ ਤੋਂ ਬਾਅਦ ਉਲਝਣ, ਅਸਧਾਰਨ ਸੁਸਤੀ ਜਾਂ ਸਰੀਰ ਦਾ ਤਾਪਮਾਨ ਬਹੁਤ ਘਟਣਾ ਹਾਈਪੋਥਰਮੀਆ ਦਾ ਸੰਕੇਤ ਹੋ ਸਕਦਾ ਹੈ। ਅਜਿਹੀ ਸਥਿਤੀ ਵਿੱਚ ਤੁਰੰਤ ਐਮਰਜੈਂਸੀ ਡਾਕਟਰੀ ਸਹਾਇਤਾ ਲੈਣੀ ਚਾਹੀਦੀ ਹੈ।

ਸਰਦੀਆਂ ਵਿੱਚ ਬਜ਼ੁਰਗਾਂ ਲਈ 10 ਜ਼ਰੂਰੀ ਸਾਵਧਾਨੀਆਂ

- ਬਹੁਤ ਸਵੇਰੇ ਠੰਢ ਵਿੱਚ ਸੈਰ ਨਾ ਕਰੋ
- ਸਿਰ, ਛਾਤੀ ਅਤੇ ਪੈਰ ਗਰਮ ਰੱਖੋ
- ਬਲੱਡ ਪ੍ਰੈਸ਼ਰ ਤੇ ਸ਼ੂਗਰ ਜਾਂਚਦੇ ਰਹੋ
- ਦਵਾਈਆਂ ਸਮੇਂ ਸਿਰ ਲਵੋ
- ਸੰਤੁਲਿਤ ਖੁਰਾਕ ਅਤੇ ਲੋੜੀਂਦਾ ਪਾਣੀ ਲਵੋ
- ਘਰ ਵਿੱਚ ਹਲਕੀ ਕਸਰਤ ਕਰੋ
- ਅੰਗੀਠੀ ਬਾਲ ਕੇ ਕਮਰੇ ਵਿੱਚ ਨਾ ਸੌਂਵੋ
- ਫਲੂ ਅਤੇ ਹੋਰ ਲੋੜੀਂਦੇ ਟੀਕਿਆਂ ਦੀ ਸਲਾਹ ਲਵੋ
- ਇਕੱਲੇ ਰਹਿੰਦੇ ਬਜ਼ੁਰਗਾਂ ਨਾਲ ਰੋਜ਼ ਸੰਪਰਕ ਰੱਖੋ
- ਐਮਰਜੈਂਸੀ ਲੱਛਣਾਂ ਉੱਤੇ ਤੁਰੰਤ ਸਹਾਇਤਾ ਲਵੋ

ਸਰਦੀ ਵਿੱਚ ਤੁਲਸੀ ਦੇ ਲਾਭ

ਜ਼ੁਕਾਮ, ਖੰਘ ਅਤੇ ਗਲੇ ਦੀ ਖ਼ਰਾਸ਼ ਵਿੱਚ ਰਾਹਤ ਦੇਣ ਦੇ ਨਾਲ ਸਿਹਤ ਲਈ ਵੀ ਲਾਹੇਵੰਦ ਹੋ ਸਕਦੀ ਹੈ ਤੁਲਸੀ

ਸਰਦੀਆਂ ਦੇ ਮੌਸਮ ਵਿੱਚ ਤੁਲਸੀ ਨੂੰ ਸਿਹਤ ਲਈ ਲਾਹੇਵੰਦ ਮੰਨਿਆ ਜਾਂਦਾ ਹੈ। ਭਾਰਤੀ ਆਯੁਰਵੇਦਿਕ ਪਰੰਪਰਾ ਵਿੱਚ ਤੁਲਸੀ ਦੀ ਵਰਤੋਂ ਸਦੀਆਂ ਤੋਂ ਹੁੰਦੀ ਆ ਰਹੀ ਹੈ। ਇਸ ਦੇ ਪੱਤਿਆਂ ਵਿੱਚ ਯੂਜੀਨੋਲ ਅਤੇ ਹੋਰ ਕੁਦਰਤੀ ਤੱਤ ਪਾਏ ਜਾਂਦੇ ਹਨ, ਜਿਨ੍ਹਾਂ ਵਿੱਚ ਐਂਟੀਆਕਸੀਡੈਂਟ ਅਤੇ ਸੋਜ ਘਟਾਉਣ ਵਾਲੇ ਗੁਣ ਹੋ ਸਕਦੇ ਹਨ। ਸਰਦੀਆਂ ਵਿੱਚ ਤੁਲਸੀ ਦੇ ਪੱਤਿਆਂ ਨਾਲ ਬਣੀ ਚਾਹ ਪੀਣ ਦਾ ਰਿਵਾਜ਼ ਕਾਫ਼ੀ ਪੁਰਾਣਾ ਹੈ।

ਜ਼ੁਕਾਮ ਅਤੇ ਖੰਘ ਵਿੱਚ ਰਾਹਤ: ਸਰਦੀਆਂ ਵਿੱਚ ਤੁਲਸੀ ਦੇ ਪੱਤਿਆਂ ਨਾਲ ਬਣੀ ਗਰਮ ਚਾਹ ਗਲੇ ਦੀ ਖ਼ਰਾਸ਼ ਅਤੇ ਹਲਕੀ ਖੰਘ ਵਿੱਚ ਆਰਾਮ ਮਹਿਸੂਸ ਕਰਵਾ ਸਕਦੀ ਹੈ। ਤੁਲਸੀ ਵਿੱਚ ਮੌਜੂਦ ਕੁਦਰਤੀ ਤੱਤਾਂ ਦੇ ਸੰਭਾਵੀ ਰੋਗਾਣੂ-ਰੋਧਕ ਗੁਣਾਂ ਦਾ ਅਧਿਐਨ ਕੀਤਾ ਗਿਆ ਹੈ। ਹਾਲਾਂਕਿ ਤੁਲਸੀ ਨਾਲ ਜ਼ੁਕਾਮ ਜਾਂ ਵਾਇਰਲ ਇਨਫੈਕਸ਼ਨ ਠੀਕ ਹੋਣ ਦੇ ਪੱਕੇ ਵਿਗਿਆਨਕ ਸਬੂਤ ਹਾਲੇ ਸੀਮਤ ਹਨ।

ਰੋਗਾਂ ਨਾਲ ਲੜਨ ਦੀ ਸਮਰੱਥਾ: ਤੁਲਸੀ ਵਿੱਚ ਐਂਟੀਆਕਸੀਡੈਂਟ ਤੱਤ ਮੌਜੂਦ ਹੁੰਦੇ ਹਨ। ਇਹ ਤੱਤ ਸਰੀਰ ਦੇ ਸੈੱਲਾਂ ਨੂੰ ਆਕਸੀਡੇਟਿਵ ਤਣਾਅ ਤੋਂ ਬਚਾਉਣ ਵਿੱਚ ਭੂਮਿਕਾ ਨਿਭਾ ਸਕਦੇ ਹਨ। ਕੁਝ ਅਧਿਐਨਾਂ ਵਿੱਚ ਤੁਲਸੀ ਦੇ ਰੋਗ-ਰੋਧਕ ਪ੍ਰਣਾਲੀ ਉੱਤੇ ਸੰਭਾਵੀ ਪ੍ਰਭਾਵਾਂ ਦੀ ਜਾਂਚ ਕੀਤੀ ਗਈ ਹੈ, ਪਰ ਮਨੁੱਖਾਂ ਵਿੱਚ ਇਨ੍ਹਾਂ ਲਾਭਾਂ ਦੀ ਪੁਸ਼ਟੀ ਲਈ ਹੋਰ ਖੋਜ ਦੀ ਲੋੜ ਹੈ।

ਪਾਚਨ ਪ੍ਰਣਾਲੀ ਲਈ ਲਾਹੇਵੰਦ: ਸਰਦੀਆਂ ਵਿੱਚ ਕਈ ਲੋਕ ਭਾਰੀ ਅਤੇ ਚਰਬੀ ਵਾਲੇ ਭੋਜਨ ਦੀ ਵਰਤੋਂ ਵਧਾ ਦਿੰਦੇ ਹਨ। ਇਸ ਕਾਰਨ ਬਦਹਜ਼ਮੀ ਅਤੇ ਪੇਟ ਵਿੱਚ ਭਾਰੀਪਣ ਦੀ ਸ਼ਿਕਾਇਤ ਹੋ ਸਕਦੀ ਹੈ। ਤੁਲਸੀ ਦੀ ਗਰਮ ਚਾਹ ਕੁਝ ਵਿਅਕਤੀਆਂ ਨੂੰ ਹਲਕੀ ਪਾਚਨ ਸਬੰਧੀ ਬੇਆਰਾਮੀ ਵਿੱਚ ਸੁਖਦਾਈ ਮਹਿਸੂਸ ਹੋ ਸਕਦੀ ਹੈ। ਹਾਲਾਂਕਿ ਇਸ ਨੂੰ ਬਦਹਜ਼ਮੀ ਦਾ ਸਾਬਤ ਇਲਾਜ ਨਹੀਂ ਮੰਨਣਾ ਚਾਹੀਦਾ।

ਮਾਨਸਿਕ ਤਣਾਅ ਘਟਾਉਣ ਵਿੱਚ ਮਦਦ: ਤੁਲਸੀ ਨੂੰ ਆਯੁਰਵੇਦ ਵਿੱਚ ਮਨ ਅਤੇ ਸਰੀਰ ਲਈ ਲਾਹੇਵੰਦ ਜੜੀ-ਬੂਟੀ ਮੰਨਿਆ ਜਾਂਦਾ ਹੈ। ਕੁਝ ਛੋਟੇ ਮਨੁੱਖੀ ਅਧਿਐਨਾਂ ਵਿੱਚ ਤੁਲਸੀ ਦੇ ਵਿਸ਼ੇਸ਼ ਅਰਕਾਂ ਨਾਲ ਤਣਾਅ ਦੇ ਲੱਛਣਾਂ ਵਿੱਚ ਸੁਧਾਰ ਦੇ ਸੰਕੇਤ ਮਿਲੇ ਹਨ। ਪਰ ਆਮ ਤੁਲਸੀ ਦੀ ਚਾਹ ਨਾਲ ਵੀ ਉਹੀ ਪ੍ਰਭਾਵ ਹੋਵੇਗਾ, ਇਹ ਸਪੱਸ਼ਟ ਨਹੀਂ ਹੈ।

ਮੂੰਹ ਅਤੇ ਗਲੇ ਦੀ ਸਿਹਤ: ਤੁਲਸੀ ਦੇ ਕੁਝ ਤੱਤਾਂ ਵਿੱਚ ਪ੍ਰਯੋਗਸ਼ਾਲਾ ਅਧਿਐਨਾਂ ਦੌਰਾਨ ਰੋਗਾਣੂ-ਰੋਧਕ ਗੁਣ ਮਿਲੇ ਹਨ। ਗਰਮ ਤੁਲਸੀ ਵਾਲਾ ਪਾਣੀ ਪੀਣ ਨਾਲ ਗਲੇ ਨੂੰ ਆਰਾਮ ਮਿਲ ਸਕਦਾ ਹੈ। ਪਰ ਗਲੇ ਵਿੱਚ ਤੇਜ਼ ਦਰਦ, ਬੁਖ਼ਾਰ ਜਾਂ ਸਾਹ ਲੈਣ ਵਿੱਚ ਮੁਸ਼ਕਲ ਹੋਵੇ ਤਾਂ ਡਾਕਟਰੀ ਜਾਂਚ ਜ਼ਰੂਰੀ ਹੈ।

ਤੁਲਸੀ ਦੀ ਵਰਤੋਂ ਕਿਵੇਂ ਕਰੀਏ? ਚਾਰ-ਪੰਜ ਸਾਫ਼ ਤੁਲਸੀ ਦੇ ਪੱਤੇ ਇੱਕ ਕੱਪ ਗਰਮ ਪਾਣੀ ਵਿੱਚ ਪੰਜ ਤੋਂ ਸੱਤ ਮਿੰਟ ਪਾ ਕੇ ਚਾਹ ਵਾਂਗ ਪੀਤੇ ਜਾ ਸਕਦੇ ਹਨ। ਸੁਆਦ ਲਈ ਥੋੜ੍ਹਾ ਅਦਰਕ ਵੀ ਮਿਲਾਇਆ ਜਾ ਸਕਦਾ ਹੈ। ਜੇਕਰ ਸ਼ਹਿਦ ਮਿਲਾਉਣਾ ਹੋਵੇ ਤਾਂ ਪਾਣੀ ਕੁਝ ਠੰਢਾ ਹੋਣ ਤੋਂ ਬਾਅਦ ਮਿਲਾਓ। ਸ਼ੂਗਰ ਦੇ ਮਰੀਜ਼ ਸ਼ਹਿਦ ਦੀ ਮਾਤਰਾ ਦਾ ਧਿਆਨ ਰੱਖਣ।

ਬਜ਼ੁਰਗਾਂ ਲਈ ਵਿਸ਼ੇਸ਼ ਸਾਵਧਾਨੀ: ਸਰਦੀਆਂ ਵਿੱਚ ਬਜ਼ੁਰਗਾਂ ਨੂੰ ਜ਼ੁਕਾਮ, ਖੰਘ ਅਤੇ ਸਾਹ ਦੀਆਂ ਬਿਮਾਰੀਆਂ ਤੋਂ ਬਚਾਅ ਲਈ ਸਿਰਫ਼ ਘਰੇਲੂ ਨੁਸਖ਼ਿਆਂ ਉੱਤੇ ਨਿਰਭਰ ਨਹੀਂ ਰਹਿਣਾ ਚਾਹੀਦਾ। ਗਰਮ ਕੱਪੜੇ ਪਹਿਨਣਾ, ਸੰਤੁਲਿਤ ਖੁਰਾਕ ਲੈਣਾ ਅਤੇ ਲੋੜੀਂਦੇ ਟੀਕੇ ਲਗਵਾਉਣਾ ਵੀ ਮਹੱਤਵਪੂਰਨ ਹੈ।

ਸ਼ੂਗਰ ਦੀਆਂ ਦਵਾਈਆਂ, ਖ਼ੂਨ ਪਤਲਾ ਕਰਨ ਵਾਲੀਆਂ ਦਵਾਈਆਂ ਜਾਂ ਹੋਰ ਨਿਯਮਤ ਇਲਾਜ ਲੈਣ ਵਾਲੇ ਵਿਅਕਤੀ ਤੁਲਸੀ ਦੇ ਅਰਕ ਜਾਂ ਸਪਲੀਮੈਂਟ ਵਰਤਣ ਤੋਂ ਪਹਿਲਾਂ ਡਾਕਟਰ ਦੀ ਸਲਾਹ ਜ਼ਰੂਰ ਲੈਣ। ਤੁਲਸੀ ਇੱਕ ਰਵਾਇਤੀ ਅਤੇ ਸੁਗੰਧਿਤ ਜੜੀ-ਬੂਟੀ ਹੈ, ਜਿਸ ਦੀ ਸੀਮਤ ਖੁਰਾਕ ਵਿੱਚ ਚਾਹ ਵਜੋਂ ਵਰਤੋਂ ਕੀਤੀ ਜਾ ਸਕਦੀ ਹੈ। ਪਰ ਇਸ ਨੂੰ ਕਿਸੇ ਵੀ ਗੰਭੀਰ ਬਿਮਾਰੀ ਦੇ ਇਲਾਜ ਦਾ ਬਦਲ ਨਹੀਂ ਸਮਝਣਾ ਚਾਹੀਦਾ।

ਅਕਾਲੀ-ਭਾਜਪਾ ਗੱਠਜੋੜ: ਪੰਜ ਅਹਿਮ ਗੱਲਾਂ

ਪੁਨਰ-ਸੁਰਜੀਤ ਅਕਾਲੀ ਦਲ ਦੇ ਆਗੂਆਂ ਨਾਲ ਸੰਭਾਵੀ ਚੋਣੀ ਸਮਝੌਤੇ ਬਾਰੇ ਸੰਪਰਕ ਦੀਆਂ ਰਿਪੋਰਟਾਂ।

ਭਾਜਪਾ ਅੰਦਰ ਗੱਠਜੋੜ ਦੇ ਹੱਕ ਅਤੇ ਵਿਰੋਧ ਵਿੱਚ ਵੱਖੋ-ਵੱਖਰੇ ਵਿਚਾਰ।

ਸੀਟਾਂ ਦੀ ਵੰਡ ਅਤੇ ਮੁੱਖ ਮੰਤਰੀ ਦੇ ਚਿਹਰੇ ਬਾਰੇ ਅਸਹਿਮਤੀ ਦੀ ਸੰਭਾਵਨਾ।

ਪੰਥਕ ਅਤੇ ਕਿਸਾਨੀ ਮੁੱਦੇ ਗੱਠਜੋੜ ਦੀ ਰਾਹ ਵਿੱਚ ਵੱਡੀ ਚੁਣੌਤੀ।

ਅਜੇ ਤੱਕ ਕਿਸੇ ਗੱਠਜੋੜ ਦਾ ਅਧਿਕਾਰਤ ਐਲਾਨ ਨਹੀਂ।

ਵਿਸ਼ੇਸ਼ ਸਿਆਸੀ ਰਿਪੋਰਟ

ਚੰਡੀਗੜ੍ਹ, 16 ਅਕਤੂਬਰ : ਪੰਜਾਬ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਨੇੜੇ ਆਉਣ ਨਾਲ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਵਿਚਾਲੇ ਮੁੜ ਗੱਠਜੋੜ ਦੀਆਂ ਸੰਭਾਵਨਾਵਾਂ ਸਿਆਸੀ ਚਰਚਾ ਦਾ ਕੇਂਦਰ ਬਣ ਰਹੀਆਂ ਹਨ। ਇੱਕ ਪਾਸੇ ਸ਼੍ਰੋਮਣੀ ਅਕਾਲੀ ਦਲ ਆਪਣੀ ਗੁਆਚੀ ਸਿਆਸੀ ਤਾਕਤ ਮੁੜ ਹਾਸਲ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ, ਦੂਜੇ ਪਾਸੇ ਭਾਜਪਾ ਪੰਜਾਬ ਵਿੱਚ ਆਪਣੇ ਬਲਬੂਤੇ ਵੱਡੀ ਸਿਆਸੀ ਧਿਰ ਬਣਨ ਦਾ ਸੁਪਨਾ ਦੇਖ ਰਹੀ ਹੈ। ਦੋਵਾਂ ਪਾਰਟੀਆਂ ਦੀਆਂ ਸਿਆਸੀ ਲੋੜਾਂ ਕਈ ਪੱਖਾਂ ਤੋਂ ਇੱਕ-ਦੂਜੇ ਨਾਲ ਮਿਲਦੀਆਂ ਹਨ, ਪਰ ਕੀ ਇਹ ਲੋੜਾਂ ਮੁੜ ਗੱਠਜੋੜ ਵਿੱਚ ਬਦਲ ਸਕਣਗੀਆਂ, ਇਹ ਅਜੇ ਸਭ ਤੋਂ ਵੱਡਾ ਸਵਾਲ ਹੈ। ਇਸ ਦੌਰਾਨ ਇਹ ਖ਼ਬਰ ਵੀ ਸਾਹਮਣੇ ਆ ਰਹੀ ਹੈ ਕਿ ਭਾਜਪਾ ਅਤੇ ਪੁਨਰ ਸੁਰਜੀਤ ਅਕਾਲੀ ਦਲ ਵਿੱਚ ਗੱਠਜੋੜ ਦੀ ਗੱਲ ਲਗਭਗ ਸਿਰੇ ਲੱਗ ਗਈ ਹੈ। ਇਸ ਕਾਰਨ ਹੁਣ ਕੁਝ ਨਵੇਂ ਸਵਾਲ ਵੀ ਉੱਠਣੇ ਸ਼ੁਰੂ ਹੋ ਗਏ ਹਨ। ਪਹਿਲਾ ਕਿ ਭਾਜਪਾ ਦਾ ਦਾਅਵਾ ਸੀ ਕਿ ਉਹ ਇਕੱਲਿਆਂ ਹੀ 117 ਸੀਟਾਂ ਉੱਤੇ ਚੋਣ ਲੜੇਗੀ। ਫਿਰ ਦੂਜਾ ਸਵਾਲ ਜੇਕਰ ਗੱਠਜੋੜ ਹੀ ਹੋਣਾ ਹੈ ਤਾਂ ਅਕਾਲੀ ਦਲ ਬਾਦਲ ਕਿਥੇ ਖੜ੍ਹਾ ਹੈ। ਕੀ ਉਹ ਹੁਣ ਇਕੱਲਿਆਂ ਹੀ ਚੋਣ ਲੜੇਗਾ।

ਪੰਜਾਬ ਦੀ ਸਿਆਸਤ ਵਿੱਚ ਅਕਾਲੀ ਦਲ ਅਤੇ ਭਾਜਪਾ ਦਾ ਗੱਠਜੋੜ ਲੰਬੇ ਸਮੇਂ ਤੱਕ ਇੱਕ ਮਹੱਤਵਪੂਰਨ ਤਾਕਤ ਰਿਹਾ ਹੈ। ਇਸ ਗੱਠਜੋੜ ਨੇ ਪੰਜਾਬ ਵਿੱਚ ਕਈ ਵਾਰ ਸਰਕਾਰ ਬਣਾਈ ਅਤੇ ਪੇਂਡੂ ਤੇ ਸ਼ਹਿਰੀ ਵੋਟਰਾਂ ਵਿਚਾਲੇ ਸਿਆਸੀ ਤਾਲਮੇਲ ਕਾਇਮ ਕੀਤਾ। ਪਰ 2020 ਵਿੱਚ ਤਿੰਨ ਕੇਂਦਰੀ ਖੇਤੀ ਕਾਨੂੰਨਾਂ ਦੇ ਵਿਰੋਧ ਕਾਰਨ ਦੋਵਾਂ ਪਾਰਟੀਆਂ ਦੇ ਰਾਹ ਵੱਖ ਹੋ ਗਏ। ਹੁਣ ਲਗਭਗ ਛੇ ਸਾਲ ਬਾਅਦ ਇਹ ਸਵਾਲ ਮੁੜ ਉੱਠ ਰਿਹਾ ਹੈ ਕਿ ਕੀ ਦੋਵੇਂ ਪਾਰਟੀਆਂ ਆਪਣੇ ਪੁਰਾਣੇ ਮਤਭੇਦ ਪਿੱਛੇ ਛੱਡ ਕੇ ਚੋਣ ਮੈਦਾਨ ਵਿੱਚ ਇਕੱਠੀਆਂ ਉਤਰਨ ਲਈ ਤਿਆਰ ਹਨ?

ਪੁਨਰ-ਸੁਰਜੀਤ ਅਕਾਲੀ ਦਲ ਵੀ ਗੱਠਜੋੜ ਦੀ ਚਰਚਾ ਵਿੱਚ ਸ਼ਾਮਲ

ਇਸ ਵਾਰ ਗੱਠਜੋੜ ਦੀਆਂ ਚਰਚਾਵਾਂ ਦਾ ਇੱਕ ਨਵਾਂ ਪੱਖ ਸ਼੍ਰੋਮਣੀ ਅਕਾਲੀ ਦਲ (ਪੁਨਰ-ਸੁਰਜੀਤ) ਦੀ ਸੰਭਾਵੀ ਭੂਮਿਕਾ ਹੈ। ਇਹ ਧੜਾ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ ਤੋਂ ਵੱਖਰਾ ਹੈ। ਇਸ ਲਈ ਦੋਵਾਂ ਨੂੰ ਇੱਕੋ ਪਾਰਟੀ ਮੰਨਣਾ ਠੀਕ ਨਹੀਂ ਹੋਵੇਗਾ।

29 ਅਗਸਤ ਨੂੰ ਪ੍ਰਕਾਸ਼ਿਤ ਰਿਪੋਰਟਾਂ ਅਨੁਸਾਰ ਪੁਨਰ-ਸੁਰਜੀਤ ਧੜੇ ਦੇ ਸੀਨੀਅਰ ਆਗੂਆਂ ਨਾਲ ਵੀ 2027 ਦੀਆਂ ਚੋਣਾਂ ਲਈ ਸੰਭਾਵੀ ਵੱਡੇ ਅਕਾਲੀ-ਭਾਜਪਾ ਗੱਠਜੋੜ ਬਾਰੇ ਸੰਪਰਕ ਕੀਤਾ ਗਿਆ ਸੀ।

ਇਨ੍ਹਾਂ ਆਗੂਆਂ ਵਿੱਚ ਬੀਬੀ ਜਗੀਰ ਕੌਰ, ਗੁਰਪ੍ਰਤਾਪ ਸਿੰਘ ਵਡਾਲਾ, ਪ੍ਰੇਮ ਸਿੰਘ ਚੰਦੂਮਾਜਰਾ ਅਤੇ ਗੋਬਿੰਦ ਸਿੰਘ ਲੌਂਗੋਵਾਲ ਦੇ ਨਾਮ ਸ਼ਾਮਲ ਹਨ। ਹਾਲਾਂਕਿ ਇਹ ਸਪੱਸ਼ਟ ਨਹੀਂ ਹੋਇਆ ਕਿ ਇਹ ਆਗੂ ਕਿਸ ਪਾਰਟੀ ਦੇ ਚੋਣ ਨਿਸ਼ਾਨ ਉੱਤੇ ਜਾਂ ਕਿਸ ਸਮਝੌਤੇ ਅਧੀਨ ਚੋਣ ਲੜ ਸਕਦੇ ਹਨ।

ਇਹ ਘਟਨਾਕ੍ਰਮ ਇਸ ਕਰਕੇ ਮਹੱਤਵਪੂਰਨ ਹੈ ਕਿਉਂਕਿ ਪੁਨਰ-ਸੁਰਜੀਤ ਧੜੇ ਦੇ ਕਈ ਆਗੂ ਸੁਖਬੀਰ ਬਾਦਲ ਦੀ ਲੀਡਰਸ਼ਿਪ ਦੇ ਵਿਰੋਧ ਕਾਰਨ ਵੱਖ ਹੋਏ ਸਨ। ਜੇਕਰ ਭਾਜਪਾ ਦੀ ਪਹਿਲਕਦਮੀ ਨਾਲ ਦੋਵੇਂ ਅਕਾਲੀ ਧੜੇ ਕਿਸੇ ਸਾਂਝੇ ਚੋਣ ਪ੍ਰਬੰਧ ਵਿੱਚ ਸ਼ਾਮਲ ਹੁੰਦੇ ਹਨ ਤਾਂ ਇਹ ਪੰਜਾਬ ਦੀ ਅਕਾਲੀ ਸਿਆਸਤ ਵਿੱਚ ਵੱਡੀ ਤਬਦੀਲੀ ਹੋਵੇਗੀ।

ਪਰ ਅਜਿਹਾ ਹੋਣ ਲਈ ਸਿਰਫ਼ ਚੋਣੀ ਸਮਝੌਤਾ ਹੀ ਕਾਫ਼ੀ ਨਹੀਂ ਹੋਵੇਗਾ। ਦੋਵਾਂ ਅਕਾਲੀ ਧੜਿਆਂ ਨੂੰ ਆਪਸੀ ਭਰੋਸੇ, ਲੀਡਰਸ਼ਿਪ ਅਤੇ ਪੰਥਕ ਮੁੱਦਿਆਂ ਉੱਤੇ ਵੀ ਸਹਿਮਤੀ ਬਣਾਉਣੀ ਪਵੇਗੀ।

- **ਪੁਨਰ-ਸੁਰਜੀਤੀ ਦੀ ਕੋਸ਼ਿਸ਼ ਕਰ ਰਹੇ ਅਕਾਲੀ ਦਲ ਅਤੇ ਪੰਜਾਬ ਵਿੱਚ ਪੈਰ ਪਸਾਰ ਰਹੀ ਭਾਜਪਾ ਲਈ ਗੱਠਜੋੜ ਬਣ ਸਕਦਾ ਹੈ ਸਿਆਸੀ ਲੋੜ**
- **ਸੀਟਾਂ ਦੀ ਵੰਡ, ਕਿਸਾਨੀ ਮੁੱਦੇ ਅਤੇ ਲੀਡਰਸ਼ਿਪ ਦਾ ਸਵਾਲ ਵੱਡੀਆਂ ਰੁਕਾਵਟਾਂ**

ਕੀ ਭਾਜਪਾ ਪੁਨਰ-ਸੁਰਜੀਤ ਧੜੇ ਨੂੰ ਤਰਜੀਹ ਦੇ ਸਕਦੀ ਹੈ?

ਸਿਆਸੀ ਵਿਸ਼ਲੇਸ਼ਣ ਅਨੁਸਾਰ ਭਾਜਪਾ ਸਾਹਮਣੇ ਤਿੰਨ ਰਸਤੇ ਹਨ। ਪਹਿਲਾ, ਉਹ ਸਾਰੀਆਂ 117 ਸੀਟਾਂ ਉੱਤੇ ਇਕੱਲਿਆਂ ਚੋਣ ਲੜੇ। ਦੂਜਾ, ਸੁਖਬੀਰ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਨਾਲ ਪੁਰਾਣਾ ਗੱਠਜੋੜ ਮੁੜ ਕਾਇਮ ਕਰੇ। ਤੀਜਾ, ਅਜਿਹਾ ਵੱਡਾ ਚੋਣੀ ਮੋਰਚਾ ਬਣਾਉਣ ਦੀ ਕੋਸ਼ਿਸ਼ ਕਰੇ ਜਿਸ ਵਿੱਚ ਪੁਨਰ-ਸੁਰਜੀਤ ਧੜੇ ਦੇ ਆਗੂਆਂ ਲਈ ਵੀ ਥਾਂ ਹੋਵੇ।

ਤੀਜਾ ਰਸਤਾ ਭਾਜਪਾ ਨੂੰ ਪੰਥਕ ਪਛਾਣ ਵਾਲੇ ਵੱਖ-ਵੱਖ ਆਗੂਆਂ ਨੂੰ ਨਾਲ ਲਿਆਉਣ ਦਾ ਮੌਕਾ ਦੇ ਸਕਦਾ ਹੈ। ਪਰ ਇਸ ਵਿੱਚ ਸਭ ਤੋਂ ਵੱਡੀ ਮੁਸ਼ਕਲ ਸੁਖਬੀਰ ਬਾਦਲ ਅਤੇ ਉਨ੍ਹਾਂ ਦੇ ਵਿਰੋਧੀ ਅਕਾਲੀ ਆਗੂਆਂ ਨੂੰ ਇੱਕੋ ਸਿਆਸੀ ਮੰਚ ਉੱਤੇ ਲਿਆਉਣ ਦੀ ਹੋਵੇਗੀ।

ਭਾਜਪਾ ਲਈ ਇਹ ਵੀ ਸੋਚਣ ਵਾਲੀ ਗੱਲ ਹੈ ਕਿ ਪੁਨਰ-ਸੁਰਜੀਤ ਧੜੇ ਕੋਲ ਕਿੰਨਾ ਜਥੇਬੰਦਕ ਆਧਾਰ ਅਤੇ ਕਿੰਨੀਆਂ ਵੋਟਾਂ ਹਨ। ਸੀਨੀਅਰ ਆਗੂਆਂ ਦਾ ਤਜਰਬਾ ਆਪਣੀ ਥਾਂ ਮਹੱਤਵਪੂਰਨ ਹੈ, ਪਰ ਚੋਣਾਂ ਜਿੱਤਣ ਲਈ ਪਿੰਡ ਪੱਧਰ ਤੱਕ ਮਜ਼ਬੂਤ ਜਥੇਬੰਦੀ ਹੋਣੀ ਵੀ ਜ਼ਰੂਰੀ ਹੈ।

ਭਾਜਪਾ ਅੰਦਰ ਗੱਠਜੋੜ ਲਈ ਵਧ ਰਿਹਾ ਦਬਾਅ

11 ਅਕਤੂਬਰ ਨੂੰ ਪੰਜਾਬ ਭਾਜਪਾ ਦੀ ਕੋਰ ਕਮੇਟੀ ਦੀ ਮੀਟਿੰਗ ਵਿੱਚ ਗੱਠਜੋੜ ਦੇ ਸਵਾਲ ਉੱਤੇ ਸਪੱਸ਼ਟਤਾ ਦੀ ਮੰਗ ਉੱਠੀ ਸੀ। ਇਹ ਮੀਟਿੰਗ ਪੰਜਾਬ ਮਾਮਲਿਆਂ ਦੇ ਇੰਚਾਰਜ ਸਤੀਸ਼ ਪੂਨੀਆ ਦੀ ਅਗਵਾਈ ਹੇਠ ਹੋਈ।

14 ਅਕਤੂਬਰ ਦੀਆਂ ਰਿਪੋਰਟਾਂ ਅਨੁਸਾਰ ਸੁਨੀਲ ਜਾਖੜ, ਕੈਪਟਨ ਅਮਰਿੰਦਰ ਸਿੰਘ, ਮਨਪ੍ਰੀਤ ਸਿੰਘ ਬਾਦਲ, ਸੋਮ ਪ੍ਰਕਾਸ਼ ਅਤੇ ਵਿਜੇ ਸਾਂਪਲਾ ਵਰਗੇ ਆਗੂਆਂ ਨੂੰ ਗੱਠਜੋੜ ਦੇ ਹੱਕ ਵਿੱਚ ਮੰਨਿਆ ਜਾ ਰਿਹਾ ਹੈ। ਦੂਜੇ ਪਾਸੇ ਪਾਰਟੀ ਅੰਦਰ ਇੱਕ ਧਿਰ ਪੰਜਾਬ ਵਿੱਚ ਇਕੱਲਿਆਂ ਚੋਣ ਲੜ ਕੇ ਆਪਣੀ ਜਥੇਬੰਦੀ ਵਧਾਉਣ ਦੀ ਹਮਾਇਤ ਕਰ ਰਹੀ ਹੈ।

ਭਾਜਪਾ ਦੀ ਕੇਂਦਰੀ ਲੀਡਰਸ਼ਿਪ ਲਈ ਇਹ ਫ਼ੈਸਲਾ ਸੌਖਾ ਨਹੀਂ ਹੈ। ਜੇਕਰ ਉਹ ਅਕਾਲੀ ਦਲ ਨਾਲ ਗੱਠਜੋੜ ਕਰਦੀ ਹੈ ਤਾਂ ਉਸ ਨੂੰ ਕੁਝ ਸੀਟਾਂ ਛੱਡਣੀਆਂ ਪੈਣਗੀਆਂ। ਜੇਕਰ ਇਕੱਲਿਆਂ ਲੜਦੀ ਹੈ ਤਾਂ ਪੇਂਡੂ ਪੰਜਾਬ ਵਿੱਚ ਉਸ ਦੀਆਂ ਕਮਜ਼ੋਰੀਆਂ ਸਾਹਮਣੇ ਆ ਸਕਦੀਆਂ ਹਨ।

ਵੋਟਾਂ ਦਾ ਗਣਿਤ ਕੀ ਕਹਿੰਦਾ ਹੈ?

2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਸਿਰਫ਼ ਤਿੰਨ ਅਤੇ ਭਾਜਪਾ ਦੋ ਸੀਟਾਂ ਜਿੱਤ ਸਕੀ ਸੀ। ਪਰ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਦਾ ਵੋਟ ਹਿੱਸਾ ਲਗਭਗ 18.5 ਫ਼ੀਸਦੀ ਅਤੇ ਅਕਾਲੀ ਦਲ ਦਾ ਲਗਭਗ 13.4 ਫ਼ੀਸਦੀ ਰਿਹਾ।

ਇਸ ਆਧਾਰ ਉੱਤੇ ਦੋਵਾਂ ਪਾਰਟੀਆਂ ਦੀਆਂ ਵੋਟਾਂ ਦਾ ਜੋੜ ਲਗਭਗ 32 ਫ਼ੀਸਦੀ ਬਣਦਾ ਹੈ। ਪਰ ਇਸ ਦਾ ਇਹ ਅਰਥ ਨਹੀਂ ਕਿ ਗੱਠਜੋੜ ਹੋਣ ਉੱਤੇ ਸਾਰੀਆਂ ਵੋਟਾਂ ਇੱਕ-ਦੂਜੇ ਨੂੰ ਤਬਦੀਲ ਹੋ ਜਾਣਗੀਆਂ।

2024 ਦੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਨੇ 23 ਵਿਧਾਨ ਸਭਾ ਹਲਕਿਆਂ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਸੀ, ਜਦਕਿ ਅਕਾਲੀ ਦਲ ਨੌਂ ਹਲਕਿਆਂ ਵਿੱਚ ਅੱਗੇ ਰਿਹਾ ਸੀ। ਇਹ ਅੰਕੜੇ ਸੀਟਾਂ ਦੀ ਵੰਡ ਬਾਰੇ ਭਾਜਪਾ ਦੇ ਦਾਅਵੇ ਨੂੰ ਮਜ਼ਬੂਤੀ ਦਿੰਦੇ ਹਨ।

ਇਸ ਵਾਰ ਭਾਜਪਾ ਪੁਰਾਣੇ ਸਮਝੌਤੇ ਅਨੁਸਾਰ ਸਿਰਫ਼ 23 ਸੀਟਾਂ ਲੈਣ ਲਈ ਸ਼ਾਇਦ ਤਿਆਰ ਨਾ ਹੋਵੇ। ਇਸੇ ਕਰਕੇ ਸੀਟਾਂ ਦੀ ਵੰਡ ਗੱਠਜੋੜ ਦੀ ਸਭ ਤੋਂ ਵੱਡੀ ਚੁਣੌਤੀ ਬਣ ਸਕਦੀ ਹੈ।

ਪੰਥਕ ਮੁੱਦੇ ਵੀ ਬਣ ਸਕਦੇ ਹਨ ਰੁਕਾਵਟ

ਅਕਾਲੀ ਦਲ ਅਤੇ ਭਾਜਪਾ ਵਿਚਾਲੇ ਸਿਰਫ਼ ਸੀਟਾਂ ਦਾ ਮਸਲਾ ਨਹੀਂ ਹੈ। ਬੰਦੀ ਸਿੰਘਾਂ ਦੀ ਰਿਹਾਈ, ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ, ਕਿਸਾਨੀ ਮੰਗਾਂ ਅਤੇ ਪੰਜਾਬ ਦੇ ਸੰਘੀ ਅਧਿਕਾਰਾਂ ਵਰਗੇ ਮੁੱਦੇ ਵੀ ਮਹੱਤਵਪੂਰਨ ਹਨ।

11 ਅਕਤੂਬਰ ਦੀ ਇੱਕ ਰਿਪੋਰਟ ਅਨੁਸਾਰ ਰਾਜੋਆਣਾ ਦੀ ਸਜ਼ਾ ਘਟਾਉਣ ਬਾਰੇ ਕੇਂਦਰ ਸਰਕਾਰ ਦੇ ਰੁਖ਼ ਕਾਰਨ ਗੱਠਜੋੜ ਦੀਆਂ ਸੰਭਾਵਨਾਵਾਂ ਉੱਤੇ ਮੁੜ ਸਵਾਲ ਖੜ੍ਹੇ ਹੋਏ ਹਨ।

ਪੁਨਰ-ਸੁਰਜੀਤ ਅਕਾਲੀ ਦਲ ਲਈ ਇਹ ਮੁੱਦੇ ਹੋਰ ਵੀ ਸੰਵੇਦਨਸ਼ੀਲ ਹਨ। ਜੇਕਰ ਇਹ ਧੜਾ ਭਾਜਪਾ ਨਾਲ ਕਿਸੇ ਸਮਝੌਤੇ ਵੱਲ ਵਧਦਾ ਹੈ ਤਾਂ ਉਸ ਨੂੰ ਆਪਣੇ ਪੰਥਕ ਸਮਰਥਕਾਂ ਸਾਹਮਣੇ ਇਹ ਸਪੱਸ਼ਟ ਕਰਨਾ ਪਵੇਗਾ ਕਿ ਉਸ ਨੇ ਪੰਜਾਬ ਅਤੇ ਸਿੱਖ ਭਾਈਚਾਰੇ ਨਾਲ ਜੁੜੀਆਂ ਮੰਗਾਂ ਬਾਰੇ ਕੀ ਪ੍ਰਾਪਤ ਕੀਤਾ ਹੈ।

ਕੀ ਗੱਠਜੋੜ ਅੰਤਿਮ ਪੜਾਅ ਵਿੱਚ ਹੈ?

ਅਗਸਤ ਵਿੱਚ ਆਈਆਂ ਰਿਪੋਰਟਾਂ ਅਨੁਸਾਰ ਅਕਾਲੀ ਦਲ ਅਤੇ ਭਾਜਪਾ ਵਿਚਾਲੇ ਪਰਦੇ ਪਿੱਛੇ ਗੱਲਬਾਤ ਚੱਲ ਰਹੀ ਸੀ। ਕੁਝ ਰਿਪੋਰਟਾਂ ਵਿੱਚ ਸੀਟਾਂ ਦੀ ਵੰਡ ਉੱਤੇ ਇੱਕ ਦੌਰ ਦੀ ਚਰਚਾ ਹੋਣ ਦਾ ਵੀ ਦਾਅਵਾ ਕੀਤਾ ਗਿਆ ਸੀ।

ਪਰ ਤਾਜ਼ਾ ਸਥਿਤੀ ਇਹ ਹੈ ਕਿ ਭਾਜਪਾ ਦੇ ਪੰਜਾਬ ਇੰਚਾਰਜ ਸਤੀਸ਼ ਪੂਨੀਆ ਜਨਤਕ ਤੌਰ ਉੱਤੇ ਸਾਰੀਆਂ 117 ਸੀਟਾਂ ਉੱਤੇ ਚੋਣ ਲੜਨ ਦੀ ਗੱਲ ਕਰਦੇ ਰਹੇ ਹਨ। ਕਿਸੇ ਵੀ ਅਕਾਲੀ ਧੜੇ ਨਾਲ ਗੱਠਜੋੜ ਦਾ ਅਧਿਕਾਰਤ ਐਲਾਨ ਨਹੀਂ ਹੋਇਆ।

ਇਸ ਲਈ ਇਹ ਕਹਿਣਾ ਜਲਦਬਾਜ਼ੀ ਹੋਵੇਗੀ ਕਿ ਪੁਨਰ-ਸੁਰਜੀਤ ਅਕਾਲੀ ਦਲ ਅਤੇ ਭਾਜਪਾ ਗੱਠਜੋੜ ਦੇ ਅੰਤਿਮ ਪੜਾਅ ਵਿੱਚ ਪਹੁੰਚ ਗਏ ਹਨ।

ਪੰਜਾਬ ਦੀ ਸਿਆਸਤ ਕਿਹੜਾ ਮੋੜ ਲਵੇਗੀ?

ਪੰਜਾਬ ਵਿੱਚ ਆਮ ਆਦਮੀ ਪਾਰਟੀ, ਕਾਂਗਰਸ, ਭਾਜਪਾ ਅਤੇ ਵੱਖ-ਵੱਖ ਅਕਾਲੀ ਧੜਿਆਂ ਵਿਚਾਲੇ ਮੁਕਾਬਲਾ ਪਹਿਲਾਂ ਨਾਲੋਂ ਵਧੇਰੇ ਗੁੰਝਲਦਾਰ ਬਣ ਸਕਦਾ ਹੈ।

ਭਾਜਪਾ ਲਈ ਅਕਾਲੀ ਧੜਿਆਂ ਨਾਲ ਸਮਝੌਤਾ ਪੇਂਡੂ ਪੰਜਾਬ ਵਿੱਚ ਪਹੁੰਚ ਵਧਾਉਣ ਦਾ ਰਸਤਾ ਹੋ ਸਕਦਾ ਹੈ। ਪੁਨਰ-ਸੁਰਜੀਤ ਅਕਾਲੀ ਦਲ ਲਈ ਇਹ ਆਪਣੀ ਸਿਆਸੀ ਹੋਂਦ ਮਜ਼ਬੂਤ ਕਰਨ ਦਾ ਮੌਕਾ ਬਣ ਸਕਦਾ ਹੈ। ਪਰ ਦੋਵਾਂ ਧਿਰਾਂ ਨੂੰ ਆਪਣੇ ਸਮਰਥਕਾਂ ਦੇ ਸਵਾਲਾਂ ਦਾ ਵੀ ਜਵਾਬ ਦੇਣਾ ਪਵੇਗਾ।

ਸਮੁੱਚੀ ਸਥਿਤੀ ਦਾ ਨਿਚੋੜ ਇਹ ਹੈ ਕਿ ਗੱਠਜੋੜ ਦੀਆਂ ਸੰਭਾਵਨਾਵਾਂ ਜ਼ਰੂਰ ਮੌਜੂਦ ਹਨ, ਪਰ ਅਜੇ ਸਿਆਸੀ ਗੱਲਬਾਤ ਅਤੇ ਅਸਲ ਸਮਝੌਤੇ ਵਿਚਾਲੇ ਕਾਫ਼ੀ ਫ਼ਾਸਲਾ ਹੈ। ਆਉਣ ਵਾਲੇ ਸਮੇਂ ਵਿੱਚ ਇਹ ਦੇਖਣਾ ਮਹੱਤਵਪੂਰਨ ਹੋਵੇਗਾ ਕਿ ਭਾਜਪਾ ਸੁਖਬੀਰ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਨੂੰ ਤਰਜੀਹ ਦਿੰਦੀ ਹੈ, ਪੁਨਰ-ਸੁਰਜੀਤ ਧੜੇ ਨੂੰ ਕਿਸੇ ਵੱਡੇ ਮੋਰਚੇ ਵਿੱਚ ਸ਼ਾਮਲ ਕਰਦੀ ਹੈ ਜਾਂ ਇਕੱਲਿਆਂ ਚੋਣ ਲੜਨ ਦਾ ਫ਼ੈਸਲਾ ਬਰਕਰਾਰ ਰੱਖਦੀ ਹੈ।

ਜਦੋਂ ਹਰ ਨਾਗਰਿਕ ਕਹੇਗਾ ਕਿ ਦੇਸ਼ ਲਈ ਮੇਰਾ ਵੀ ਯੋਗਦਾਨ ਹੈ, ਉਦੋਂ ਭਾਰਤ ਦੀ ਤਰੱਕੀ ਨੂੰ ਕੋਈ ਨਹੀਂ ਰੋਕ ਸਕਦਾ : ਮੁੱਖ ਮੰਤਰੀ ਨਾਇਬ ਸਿੰਘ ਸੈਣੀ

ਚੰਡੀਗੜ੍ਹ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਅੱਜ ਅਧਿਕਾਰਾਂ ਦੀ ਚਰਚਾ ਤਾਂ ਬਹੁਤ ਹੁੰਦੀ ਹੈ, ਪਰ ਫਰਜ਼ਾਂ ਅਤੇ ਜ਼ਿੰਮੇਵਾਰੀਆਂ 'ਤੇ ਅਨੁਪਾਤਕ ਤੌਰ 'ਤੇ ਘੱਟ ਚਰਚਾ ਹੁੰਦੀ ਹੈ। ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਸਾਡੇ ਅਧਿਕਾਰ ਕੀ ਹਨ, ਸਾਡੀ ਜ਼ਿੰਮੇਵਾਰੀ ਕੀ ਹੈ ਅਤੇ ਇੱਕ ਨਾਗਰਿਕ ਵਜੋਂ ਸਾਡਾ ਕੀ ਫਰਜ਼ ਹੈ। ਉਨ੍ਹਾਂ ਕਿਹਾ ਕਿ 'ਹਮ ਭਾਰਤ ਕੇ ਲੋਗ, ਹਮਾਰਾ ਦਾਇਤਵ' ਵਰਗੇ ਮਹੱਤਵਪੂਰਨ ਵਿਸ਼ੇ 'ਤੇ ਵਿਚਾਰ-ਵਟਾਂਦਰੇ ਲਈ ਇਕੱਠੇ ਹੋਣਾ ਆਪਣੇ ਆਪ ਵਿੱਚ ਇੱਕ ਸਾਰਥਕ ਪਹਿਲਕਦਮੀ ਹੈ। ਅਜਿਹੇ ਆਯੋਜਨਾਂ ਵਿੱਚ ਹੋਣ ਵਾਲੀ ਚਰਚਾ ਤੋਂ ਨਿਕਲਣ ਵਾਲੇ ਵਿਚਾਰਾਂ ਦਾ ਲਾਭ ਆਉਣ ਵਾਲੀਆਂ ਪੀੜ੍ਹੀਆਂ ਨੂੰ ਮਿਲਦਾ ਹੈ ਅਤੇ ਉਨ੍ਹਾਂ ਨੂੰ ਦੇਸ਼ ਅਤੇ ਰਾਸ਼ਟਰ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝਣ ਦੀ ਦਿਸ਼ਾ ਮਿਲਦੀ ਹੈ।

ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਚੰਡੀਗੜ੍ਹ ਵਿੱਚ ਪੰਚਨਦ ਰਿਸਰਚ ਇੰਸਟੀਚਿਊਟ (ਪੰਚਨਦ ਸ਼ੋਧ ਸੰਸਥਾਨ) ਵੱਲੋਂ ਆਯੋਜਿਤ 33ਵੇਂ ਸਲਾਨਾ ਲੈਕਚਰ ਪੂਰਵ-ਲੋਕਮੰਥਨ ਪ੍ਰੋਗਰਾਮ ਵਿੱਚ ਸੰਬੋਧਨ ਕਰ ਰਹੇ ਸਨ। ਪ੍ਰੋਗਰਾਮ ਦਾ ਵਿਸ਼ਾ 'ਹਮ ਭਾਰਤ ਕੇ ਲੋਗ, ਹਮਾਰਾ ਦਾਇਤਵ' ਸੀ। ਮੁੱਖ ਮੰਤਰੀ ਨੇ ਪ੍ਰੋਗਰਾਮ ਦੌਰਾਨ ਪੰਚਨਦ ਰਿਸਰਚ ਇੰਸਟੀਚਿਊਟ ਨੂੰ 11 ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ। ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸੰਵਿਧਾਨ ਵਿੱਚ ਮੌਲਿਕ ਫਰਜ਼ਾਂ ਨੂੰ ਸ਼ਾਮਲ ਕੀਤਾ ਗਿਆ ਸੀ, ਪਰ ਲੰਬੇ ਸਮੇਂ ਤੱਕ ਅਧਿਕਾਰਾਂ 'ਤੇ ਵੱਧ ਅਤੇ ਫਰਜ਼ਾਂ 'ਤੇ ਘੱਟ ਚਰਚਾ ਹੁੰਦੀ ਰਹੀ। ਉਨ੍ਹਾਂ ਭਰੋਸਾ ਪ੍ਰਗਟਾਇਆ ਕਿ ਇਸ ਪ੍ਰੋਗਰਾਮ ਵਿੱਚ ਬੁਲਾਰਿਆਂ ਵੱਲੋਂ ਰੱਖੇ ਜਾਣ ਵਾਲੇ ਵਿਚਾਰ ਆਉਣ ਵਾਲੀਆਂ ਪੀੜ੍ਹੀਆਂ ਲਈ ਚਾਨਣ ਮੁਨਾਰੇ ਵਜੋਂ ਕੰਮ ਕਰਨਗੇ ਅਤੇ ਦੇਸ਼ ਵਾਸੀਆਂ ਨੂੰ ਰਾਸ਼ਟਰ ਪ੍ਰਤੀ ਆਪਣੇ ਫਰਜ਼ਾਂ ਦਾ ਰਾਹ ਦਿਖਾਉਣਗੇ। ਉਨ੍ਹਾਂ ਕਿਹਾ ਕਿ ਸਾਡੇ ਸੰਵਿਧਾਨ ਦੀ ਪ੍ਰਸਤਾਵਨਾ ਦੇ ਪਹਿਲੇ ਸ਼ਬਦ ਹਨ- 'ਅਸੀਂ, ਭਾਰਤ ਦੇ ਲੋਕ।' ਇਹ ਸ਼ਬਦ

ਸਾਨੂੰ ਦੱਸਦੇ ਹਨ ਕਿ ਭਾਰਤ ਦੀ ਲੋਕਤੰਤਰੀ ਵਿਵਸਥਾ ਦਾ ਆਧਾਰ ਜਨਤਾ ਹੈ। ਸੰਵਿਧਾਨ ਸਾਨੂੰ ਅਧਿਕਾਰ ਦਿੰਦਾ ਹੈ, ਸਾਡੀ ਆਜ਼ਾਦੀ ਅਤੇ ਗੌਰਵ ਦੀ ਰੱਖਿਆ ਕਰਦਾ ਹੈ। ਨਾਲ ਹੀ, ਉਹ ਸਾਡੇ ਤੋਂ ਇਹ ਉਮੀਦ ਵੀ ਕਰਦਾ ਹੈ ਕਿ ਅਸੀਂ ਦੇਸ਼, ਸਮਾਜ ਅਤੇ ਇੱਕ-ਦੂਜੇ ਪ੍ਰਤੀ ਆਪਣੀ ਜ਼ਿੰਮੇਵਾਰੀ ਪੂਰੀ ਨਿਸ਼ਠਾ ਨਾਲ ਨਿਭਾਈਏ। ਅਧਿਕਾਰ ਸਾਨੂੰ ਸ਼ਕਤੀਸ਼ਾਲੀ ਬਣਾਉਂਦੇ ਹਨ ਅਤੇ ਜ਼ਿੰਮੇਵਾਰੀ ਉਸ ਸ਼ਕਤੀ ਨੂੰ ਸਹੀ ਦਿਸ਼ਾ ਦਿੰਦੀ ਹੈ। ਜਦੋਂ ਅਧਿਕਾਰ ਅਤੇ ਫਰਜ਼ ਨਾਲ-ਨਾਲ ਚੱਲਦੇ ਹਨ, ਉਦੋਂ ਹੀ ਲੋਕਤੰਤਰ ਮਜ਼ਬੂਤ ਹੁੰਦਾ ਹੈ।

ਉਨ੍ਹਾਂ ਕਿਹਾ ਕਿ ਸੰਵਿਧਾਨ ਦੀ ਧਾਰਾ 511 ਵਿੱਚ ਨਾਗਰਿਕਾਂ ਦੇ ਮੂਲ ਫਰਜ਼ਾਂ ਦਾ ਜ਼ਿਕਰ ਹੈ। ਇਸ ਵਿੱਚ ਸੰਵਿਧਾਨ ਅਤੇ ਇਸ ਦੇ ਆਦਰਸ਼ਾਂ ਦਾ ਸਤਿਕਾਰ ਕਰਨਾ, ਆਜ਼ਾਦੀ ਸੰਗਰਾਮ ਦੇ ਮੁੱਲਾਂ ਨੂੰ ਸੰਭਾਲਣਾ, ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰੱਖਿਆ ਕਰਨਾ, ਸਮਾਜਿਕ ਸਦਭਾਵਨਾ ਨੂੰ ਵਧਾਉਣਾ, ਔਰਤਾਂ ਦੇ ਸਨਮਾਨ ਦੀ ਰੱਖਿਆ ਕਰਨਾ, ਸਾਡੀ ਸਾਂਝੀ ਸੱਭਿਆਚਾਰਕ ਵਿਰਾਸਤ ਅਤੇ ਕੁਦਰਤ ਦੀ ਰੱਖਿਆ ਕਰਨਾ ਸ਼ਾਮਲ ਹੈ। ਇਹ ਗੱਲਾਂ ਸਾਡੇ ਸਮਾਜ ਨੂੰ ਜੋੜਨ ਅਤੇ ਦੇਸ਼ ਨੂੰ ਅੱਗੇ ਲੈ ਕੇ ਜਾਣ ਦੇ ਜੀਵਨ-ਮੁੱਲ ਹਨ।

ਉਨ੍ਹਾਂ ਕਿਹਾ ਕਿ ਜ਼ਿੰਮੇਵਾਰੀ ਦਾ ਪਹਿਲਾ ਰੂਪ ਹੈ- ਸੰਵਿਧਾਨ ਅਤੇ ਸੰਸਥਾਵਾਂ ਦਾ ਸਤਿਕਾਰ ਕਰਨਾ। ਸਾਡਾ ਲੋਕਤੰਤਰ ਵੱਖ-ਵੱਖ ਵਿਚਾਰਾਂ, ਅਨੇਕਾਂ ਭਾਸ਼ਾਵਾਂ, ਵੱਖ-ਵੱਖ ਪਰੰਪਰਾਵਾਂ ਅਤੇ ਅਨੇਕਾਂ ਭਾਈਚਾਰਿਆਂ ਨੂੰ ਨਾਲ ਲੈ ਕੇ ਚੱਲਦਾ ਹੈ। ਅਸਹਿਮਤੀ ਲੋਕਤੰਤਰ ਦਾ ਕੁਦਰਤੀ ਹਿੱਸਾ ਹੈ। ਪਰ, ਅਸਹਿਮਤੀ ਦੇ ਵਿਚਕਾਰ ਵੀ ਸੰਵਾਦ, ਮਰਿਆਦਾ ਅਤੇ ਕਾਨੂੰਨ ਪ੍ਰਤੀ ਸਤਿਕਾਰ ਬਣਿਆ ਰਹਿਣਾ ਚਾਹੀਦਾ ਹੈ। ਸਾਡੇ ਵਿਚਾਰ ਵੱਖਰੇ ਹੋ ਸਕਦੇ ਹਨ, ਪਰ ਰਾਸ਼ਟਰੀ ਹਿੱਤ ਵਿੱਚ ਸਾਡਾ ਸੰਕਲਪ ਇੱਕ ਹੋਣਾ ਚਾਹੀਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਾਡੀ ਅਗਲੀ ਜ਼ਿੰਮੇਵਾਰੀ ਸਮਾਜ ਵਿੱਚ ਭਾਈਚਾਰੇ ਅਤੇ ਸਤਿਕਾਰ ਦੀ ਭਾਵਨਾ ਨੂੰ ਮਜ਼ਬੂਤ ਕਰਨਾ ਹੋਣੀ ਚਾਹੀਦੀ ਹੈ। ਕੋਈ ਵੀ ਵਿਅਕਤੀ ਭਾਸ਼ਾ, ਜਾਤ, ਧਰਮ, ਖੇਤਰ ਜਾਂ ਆਰਥਿਕ ਸਥਿਤੀ ਦੇ ਆਧਾਰ 'ਤੇ ਛੋਟਾ ਜਾਂ ਵੱਡਾ ਨਹੀਂ ਹੁੰਦਾ। ਸਾਡੇ ਦੇਸ਼ ਦੀ ਵੰਨ-ਸੁਵੰਨਤਾ ਸਾਡੀ ਪਛਾਣ ਹੈ। ਇਸ ਲਈ, ਜਦੋਂ ਵੀ ਅਸੀਂ ਕਿਸੇ ਵੀ ਧਰਮ, ਜਾਤ, ਖੇਤਰ ਜਾਂ ਭਾਸ਼ਾ ਦੇ ਵਿਅਕਤੀ ਨੂੰ ਮਿਲੀਏ ਤਾਂ ਸਭ ਤੋਂ ਪਹਿਲਾਂ ਸਾਡੇ ਅੰਦਰ ਇਹੋ ਭਾਵਨਾ ਆਉਣੀ ਚਾਹੀਦੀ ਹੈ ਕਿ ਉਹ ਭਾਰਤੀ ਹੈ ਅਤੇ ਮੇਰਾ ਹੀ ਭੈਣ-ਭਰਾ ਹੈ। ਇਹ ਭਾਵਨਾ ਜਦੋਂ ਸਾਰੇ ਨਾਗਰਿਕਾਂ ਵਿੱਚ ਆ ਜਾਵੇਗੀ ਤਾਂ ਭਾਰਤ ਇੱਕ ਬਹੁਤ ਵੱਡੀ ਤਾਕਤ ਬਣ ਜਾਵੇਗਾ। ਉਨ੍ਹਾਂ ਕਿਹਾ ਕਿ ਇਹ ਭਾਵਨਾ ਆਉਂਦਿਆਂ ਹੀ ਕਈ ਖਾਮੀਆਂ ਆਪਣੇ ਆਪ ਖਤਮ ਹੋ ਜਾਣਗੀਆਂ। ਤਦ ਸਮਾਜ ਵਿੱਚ ਹਰ ਧੀ ਨੂੰ ਸਤਿਕਾਰ ਅਤੇ ਸੁਰੱਖਿਆ ਮਿਲੇਗੀ, ਬਜ਼ੁਰਗਾਂ ਨੂੰ ਆਦਰ ਮਿਲੇਗਾ, ਵਾਂਝੇ ਵਿਅਕਤੀ ਨੂੰ ਮੌਕੇ ਮਿਲਣਗੇ ਅਤੇ ਹਰ ਨਾਗਰਿਕ ਨੂੰ ਇਹ ਭਰੋਸਾ ਹੋਵੇਗਾ ਕਿ ਇਹ ਮੇਰਾ ਦੇਸ਼ ਹੈ ਅਤੇ ਮੈਂ ਇਸ ਦੇਸ਼ ਦਾ ਬਰਾਬਰ ਦਾ ਭਾਈਵਾਲ ਹਾਂ।

ਪ੍ਰਧਾਨ ਮੰਤਰੀ ਨੇ ਵਿਕਸਿਤ ਭਾਰਤ ਦੀ ਯਾਤਰਾ ਵਿੱਚ ਭਾਗੀਦਾਰੀ ਦਾ ਕੀਤਾ ਸੱਦਾ

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਵਿਕਸਿਤ ਭਾਰਤ ਦੀ ਯਾਤਰਾ ਵਿੱਚ ਨੌਜਵਾਨਾਂ, ਯੂਨੀਵਰਸਿਟੀਆਂ ਅਤੇ ਸੰਸਥਾਵਾਂ ਨੂੰ ਭਾਗ ਲੈਣ ਦਾ ਸੱਦਾ ਦਿੱਤਾ ਹੈ। ਪ੍ਰਧਾਨ ਮੰਤਰੀ ਦੇ 140 ਕਰੋੜ ਦੇਸ਼ ਵਾਸੀਆਂ ਦੀ ਸਾਂਝੀ ਭਾਗੀਦਾਰੀ ਦੇ ਸੰਕਲਪ ਦਾ ਸੁਨੇਹਾ ਹੈ ਕਿ ਦੇਸ਼ ਦੀ ਤਰੱਕੀ ਵਿੱਚ ਹਰੇਕ ਨਾਗਰਿਕ ਦੀ ਭੂਮਿਕਾ ਮਹੱਤਵਪੂਰਨ ਹੈ। ਇਸ ਸਾਂਝੇ ਸੰਕਲਪ ਵਿੱਚ ਹਰਿਆਣਾ ਵੀ ਇੱਕ ਮਹੱਤਵਪੂਰਨ ਭਾਈਵਾਲ ਹੈ।

ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਜਦੋਂ ਹਰ ਨਾਗਰਿਕ ਇਹ ਕਹੇਗਾ ਕਿ ਦੇਸ਼ ਲਈ ਮੇਰਾ ਵੀ ਯੋਗਦਾਨ ਹੈ, ਉਦੋਂ ਭਾਰਤ ਦੀ ਤਰੱਕੀ ਨੂੰ ਕੋਈ ਨਹੀਂ ਰੋਕ ਸਕਦਾ। ਉਨ੍ਹਾਂ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਅਧਿਕਾਰਾਂ ਪ੍ਰਤੀ ਸੁਚੇਤ ਰਹਿਣ ਦੇ ਨਾਲ-ਨਾਲ ਆਪਣੇ ਫਰਜ਼ਾਂ ਨੂੰ ਵੀ ਪੂਰੀ ਨਿਸ਼ਠਾ ਨਾਲ ਨਿਭਾਉਣ ਅਤੇ ਰਾਸ਼ਟਰ ਨਿਰਮਾਣ ਵਿੱਚ ਆਪਣੀ ਭੂਮਿਕਾ ਯਕੀਨੀ ਬਣਾਉਣ।

ਹਰਿਆਣਾ ਦੇ ਜਵਾਨਾਂ, ਕਿਸਾਨਾਂ ਅਤੇ ਖਿਡਾਰੀਆਂ ਦਾ ਯੋਗਦਾਨ

ਮੁੱਖ ਮੰਤਰੀ ਨੇ ਇਸ ਦੌਰਾਨ ਹਰਿਆਣਾ ਦੇ ਜਵਾਨਾਂ, ਕਿਸਾਨਾਂ ਅਤੇ ਖਿਡਾਰੀਆਂ ਦੇ ਯੋਗਦਾਨ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਸੂਬੇ ਦੇ ਜਵਾਨ ਦੇਸ਼ ਦੀ ਰੱਖਿਆ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ, ਕਿਸਾਨ ਦੇਸ਼ ਦੇ ਅੰਨ ਭੰਡਾਰ ਨੂੰ ਭਰਨ ਵਿੱਚ ਯੋਗਦਾਨ ਪਾਉਂਦੇ ਹਨ ਅਤੇ ਖਿਡਾਰੀ ਆਪਣੀਆਂ ਪ੍ਰਾਪਤੀਆਂ ਨਾਲ ਦੇਸ਼ ਦਾ ਨਾਂ ਰੋਸ਼ਨ ਕਰਦੇ ਹਨ। ਉਨ੍ਹਾਂ ਸੂਬੇ ਵਿੱਚ ਉਦਯੋਗ ਸਮੇਤ ਵੱਖ-ਵੱਖ ਖੇਤਰਾਂ ਵਿੱਚ ਹੋ ਰਹੀ ਤਰੱਕੀ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਇਸ ਦੌਰਾਨ ਹਰਿਆਣਾ ਸਰਕਾਰ ਦੇ ਯਤਨਾਂ ਨਾਲ ਹੋਏ ਬਦਲਾਅ ਅਤੇ ਵਿਕਾਸ ਦਾ ਵੇਰਵਾ ਵੀ ਰੱਖਿਆ। ਮੁੱਖ ਮੰਤਰੀ ਨੇ ਅਗਨੀਵੀਰਾਂ ਦੇ ਸਬੰਧ ਵਿੱਚ ਹਰਿਆਣਾ ਸਰਕਾਰ ਵੱਲੋਂ ਕੀਤੀ ਗਈ ਰੋਜ਼ਗਾਰ ਦੀ ਵਿਵਸਥਾ ਦਾ ਜ਼ਿਕਰ ਕੀਤਾ। ਉਨ੍ਹਾਂ ਅਗਨੀਵੀਰਾਂ ਨੂੰ ਸੂਬੇ ਦੀਆਂ ਸਰਕਾਰੀ ਨੌਕਰੀਆਂ ਵਿੱਚ ਮੌਕੇ ਦੇਣ ਦੀ ਵਿਵਸਥਾ ਦੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਜਿਵੇਂ ਹੀ ਅਗਨੀਵੀਰਾਂ ਦਾ ਪਹਿਲਾ ਗਰੁੱਪ ਆਵੇਗਾ, ਤਾਂ ਉਨ੍ਹਾਂ ਨੂੰ ਜੁਆਇਨਿੰਗ ਲੈਟਰ ਦਿੱਤੇ ਜਾਣ। ਮੁੱਖ ਮੰਤਰੀ ਨੇ ਹਰਿਆਣਾ ਸਰਕਾਰ ਵੱਲੋਂ ਕੁਦਰਤੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਲਾਗੂ ਕੀਤੀ ਗਈ ਯੋਜਨਾ ਦੀ ਵੀ ਜਾਣਕਾਰੀ ਦਿੱਤੀ।

'ਬੇਟੀ ਬਚਾਓ, ਬੇਟੀ ਪੜ੍ਹਾਓ' ਮੁਹਿੰਮ ਦਾ ਕੀਤਾ ਜ਼ਿਕਰ

ਮੁੱਖ ਮੰਤਰੀ ਨੇ 'ਬੇਟੀ ਬਚਾਓ, ਬੇਟੀ ਪੜ੍ਹਾਓ' ਮੁਹਿੰਮ ਦਾ ਜ਼ਿਕਰ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਹਰਿਆਣਾ ਤੋਂ ਇਸ ਮੁਹਿੰਮ ਦੀ ਸ਼ੁਰੂਆਤ ਕੀਤੀ ਸੀ। ਉਸ ਮੁਹਿੰਮ ਨੇ ਇੱਕ ਨਵੀਂ ਦਿਸ਼ਾ ਦੇਣ ਦਾ ਕੰਮ ਕੀਤਾ ਹੈ। ਉਨ੍ਹਾਂ ਇਸ ਦੌਰਾਨ ਧੀਆਂ ਦੀ ਸਿੱਖਿਆ, ਸਤਿਕਾਰ ਅਤੇ ਤਰੱਕੀ ਦੇ ਮਹੱਤਵ 'ਤੇ ਗੱਲ ਰੱਖੀ। ਧੀਆਂ ਨੂੰ ਅੱਗੇ ਵਧਣ ਦੇ ਮੌਕੇ ਦੇਣਾ ਅਤੇ ਉਨ੍ਹਾਂ ਦੀ ਪ੍ਰਤਿਭਾ ਨੂੰ ਉਤਸ਼ਾਹਿਤ ਕਰਨਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ। ਅੱਜ ਧੀਆਂ ਰੱਖਿਆ, ਖੇਡਾਂ ਅਤੇ ਹੋਰ ਖੇਤਰਾਂ ਵਿੱਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰ ਰਹੀਆਂ ਹਨ।

ਨਾਗਰਿਕ ਫਰਜ਼ਾਂ ਨਾਲ ਮਜ਼ਬੂਤ ਹੋਵੇਗਾ ਸਮਾਜ ਅਤੇ ਰਾਸ਼ਟਰ

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਵਿਕਸਿਤ ਭਾਰਤ ਦੀ ਯਾਤਰਾ ਵਿੱਚ ਵਿਸ਼ੇਸ਼ ਤੌਰ 'ਤੇ ਨੌਜਵਾਨਾਂ, ਯੂਨੀਵਰਸਿਟੀਆਂ ਅਤੇ ਸੰਸਥਾਵਾਂ ਨੂੰ ਭਾਗ ਲੈਣ ਦਾ ਸੱਦਾ ਦਿੱਤਾ ਹੈ। ਉਨ੍ਹਾਂ ਨੇ ਪਾਣੀ ਬਚਾਉਣ, ਬਿਜਲੀ ਦੀ ਖਪਤ ਘਟਾਉਣ, ਸਫ਼ਾਈ, ਹੁਨਰ ਅਤੇ ਨਾਗਰਿਕ ਭਾਵਨਾ ਨੂੰ ਵੀ ਵਿਕਸਿਤ ਭਾਰਤ ਦੇ ਯਤਨਾਂ ਨਾਲ ਜੋੜਿਆ ਹੈ। ਉਨ੍ਹਾਂ ਦਾ ਸੁਨੇਹਾ ਹੈ ਕਿ ਜਦੋਂ ਨਾਗਰਿਕ ਆਪਣੀ-ਆਪਣੀ ਭੂਮਿਕਾ ਵਿੱਚ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹਨ, ਉਦੋਂ ਹੀ ਦੇਸ਼ ਅੱਗੇ ਵਧਦਾ ਹੈ। ਇਹੋ 'ਸਭ ਕਾ ਪ੍ਰਯਾਸ' ਉਨ੍ਹਾਂ ਦੇ ਵਿਕਸਿਤ ਭਾਰਤ ਦੇ ਸੰਕਲਪ ਦਾ ਮੂਲ ਆਧਾਰ ਹੈ।

ਉਨ੍ਹਾਂ ਡਿਜੀਟਲ ਮਾਧਿਅਮਾਂ 'ਤੇ ਸਾਂਝੀ ਕੀਤੀ ਜਾਣ ਵਾਲੀ ਜਾਣਕਾਰੀ ਪ੍ਰਤੀ ਵੀ ਜ਼ਿੰਮੇਵਾਰੀ ਵਰਤਣ ਦੀ ਲੋੜ 'ਤੇ ਜ਼ੋਰ ਦਿੱਤਾ। ਕਿਸੇ ਵੀ ਜਾਣਕਾਰੀ ਨੂੰ ਅੱਗੇ ਭੇਜਣ ਤੋਂ ਪਹਿਲਾਂ ਉਸ ਦੀ ਸੱਚਾਈ ਦੀ ਜਾਂਚ ਕਰਨਾ ਜ਼ਰੂਰੀ ਹੈ, ਤਾਂ ਜੋ ਅਣਪੁਸ਼ਟ ਜਾਣਕਾਰੀ ਨਾਲ ਭੁਲੇਖਾ ਨਾ ਫੈਲੇ। ਮੁੱਖ ਮੰਤਰੀ ਨੇ ਕਿਹਾ ਕਿ ਹਰੇਕ ਵਿਅਕਤੀ ਆਪਣੇ ਰੋਜ਼ਾਨਾ ਜੀਵਨ ਵਿੱਚ ਛੋਟੇ-ਛੋਟੇ ਯਤਨਾਂ ਨਾਲ ਦੇਸ਼ ਅਤੇ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾ ਸਕਦਾ ਹੈ। ਜਦੋਂ ਨਾਗਰਿਕ ਆਪਣੇ ਫਰਜ਼ਾਂ ਨੂੰ ਸਮਝ ਕੇ ਉਨ੍ਹਾਂ ਦੀ ਪਾਲਣਾ ਕਰਨਗੇ, ਤਾਂ ਇਸ ਦਾ ਲਾਭ ਸਮਾਜ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਮਿਲੇਗਾ।

ਉਨ੍ਹਾਂ ਕਿਹਾ ਕਿ ਰਾਸ਼ਟਰ ਪ੍ਰਤੀ ਜ਼ਿੰਮੇਵਾਰੀ ਨਿਭਾਉਣ ਲਈ ਕਿਸੇ ਵੱਡੇ ਮੌਕੇ ਦੀ ਉਡੀਕ ਕਰਨ ਦੀ ਲੋੜ ਨਹੀਂ ਹੈ। ਰੋਜ਼ਾਨਾ ਜੀਵਨ ਵਿੱਚ ਇਮਾਨਦਾਰੀ, ਅਨੁਸ਼ਾਸਨ, ਸਹਿਯੋਗ, ਵਾਤਾਵਰਣ ਪ੍ਰਤੀ ਸੰਵੇਦਨਸ਼ੀਲਤਾ ਅਤੇ ਸਮਾਜਿਕ ਸਦਭਾਵਨਾ ਵਰਗੇ ਛੋਟੇ-ਛੋਟੇ ਯਤਨ ਵੀ ਦੇਸ਼ ਲਈ ਮਹੱਤਵਪੂਰਨ ਹਨ। ਜਦੋਂ ਨਾਗਰਿਕ ਆਪਣੇ ਫਰਜ਼ਾਂ ਨੂੰ ਜੀਵਨ ਦਾ ਹਿੱਸਾ ਬਣਾਉਣਗੇ, ਉਦੋਂ ਹੀ ਦੇਸ਼ ਅਤੇ ਸਮਾਜ ਨਿਰੰਤਰ ਤਰੱਕੀ ਕਰ ਸਕਣਗੇ।

ਪ੍ਰੋਗਰਾਮ ਵਿੱਚ ਇੰਦਰਾ ਗਾਂਧੀ ਨੈਸ਼ਨਲ ਸੈਂਟਰ ਫਾਰ ਦ ਆਰਟਸ ਦੇ ਮੈਂਬਰ ਸਕੱਤਰ ਅਤੇ ਆਯੋਜਕ ਡਾ. ਸੱਚਿਦਾਨੰਦ ਜੋਸ਼ੀ, ਪੰਚਨਦ ਰਿਸਰਚ ਇੰਸਟੀਚਿਊਟ ਦੇ ਪ੍ਰਧਾਨ ਪ੍ਰੋ. ਬ੍ਰਿਜ ਕਿਸ਼ੋਰ ਕੁਠਿਆਲਾ, ਕਾਰਜਕਾਰੀ ਪ੍ਰਧਾਨ ਡਾ. ਜਗਬੀਰ ਸਿੰਘ, ਡਾਇਰੈਕਟਰ ਸ਼੍ਰੀ ਭੋਲਾ ਰਾਮ ਗੁਰਜਰ, ਸ਼੍ਰੀ ਵਿਕਰਮ ਅਰੋੜਾ, ਮੁੱਖ ਮੰਤਰੀ ਦੇ ਓ.ਐੱਸ.ਡੀ. ਅਤੇ ਸਵਰਨ ਜਯੰਤੀ ਹਰਿਆਣਾ ਵਿੱਤੀ ਪ੍ਰਬੰਧਨ ਸੰਸਥਾਨ ਦੇ ਡਾਇਰੈਕਟਰ ਜਨਰਲ ਡਾ. ਰਾਜ ਨਹਿਰੂ ਸਮੇਤ ਹੋਰ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ।

ਮੁੱਖ ਮੰਤਰੀ ਨੇ ਪੰਚਕੂਲਾ ਵਿੱਚ ਸੁਣਿਆ 'ਮਨ ਕੀ ਬਾਤ' ਪ੍ਰੋਗਰਾਮ ਦਾ 139ਵਾਂ ਸੰਸਕਰਣ

ਚੰਡੀਗੜ੍ਹ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ਼੍ਰੀ ਨਾਇਬ ਸਿੰਘ ਸੈਣੀ ਨੇ ਅੱਜ ਪੰਚਕੂਲਾ ਵਿੱਚ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇ ਪ੍ਰਸਿੱਧ ਪ੍ਰੋਗਰਾਮ 'ਮਨ ਕੀ ਬਾਤ' ਦੇ 139ਵੇਂ ਸੰਸਕਰਣ ਦਾ ਆਨਲਾਈਨ ਮਾਧਿਅਮ ਰਾਹੀਂ ਸਿੱਧਾ ਪ੍ਰਸਾਰਣ ਦੇਖਿਆ। ਇਸ ਮੌਕੇ ਸੈਕਟਰ-10 ਸਥਿਤ ਕਮਿਊਨਿਟੀ ਸੈਂਟਰ ਵਿੱਚ ਪ੍ਰੋਗਰਾਮ ਦੇ ਪ੍ਰਸਾਰਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ। ਮੁੱਖ ਮੰਤਰੀ ਨੇ ਇੱਥੇ ਹਾਜ਼ਰ ਜਨਪ੍ਰਤੀਨਿਧੀਆਂ, ਪਾਰਟੀ ਵਰਕਰਾਂ ਅਤੇ ਸਥਾਨਕ ਨਾਗਰਿਕਾਂ ਨਾਲ ਪ੍ਰੋਗਰਾਮ ਨੂੰ ਦੇਖਿਆ ਅਤੇ ਸੁਣਿਆ।

'ਮਨ ਕੀ ਬਾਤ' ਦੇਸ਼ ਨਿਰਮਾਣ ਵਿੱਚ ਜਨਤਕ ਭਾਗੀਦਾਰੀ ਨੂੰ ਕਰਦਾ ਹੈ ਉਤਸ਼ਾਹਿਤ

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ 'ਮਨ ਕੀ ਬਾਤ' ਪ੍ਰੋਗਰਾਮ ਦੇ ਮਾਧਿਅਮ ਨਾਲ ਦੇਸ਼ ਵਾਸੀਆਂ ਨਾਲ ਸੰਵਾਦ ਕਰਦੇ ਹਨ। ਇਸ ਪ੍ਰੋਗਰਾਮ ਵਿੱਚ ਉਹ ਪ੍ਰੇਰਨਾਦਾਇਕ ਕਹਾਣੀਆਂ, ਨਵੇਂ ਵਿਚਾਰਾਂ ਅਤੇ ਸਮਾਜ ਵਿੱਚ ਸਕਾਰਾਤਮਕ ਬਦਲਾਅ ਲਿਆਉਣ ਵਾਲੀਆਂ ਪਹਿਲਕਦਮੀਆਂ ਨੂੰ ਸਾਂਝਾ ਕਰਦੇ ਹਨ। ਇਹ ਪ੍ਰੋਗਰਾਮ ਦੇਸ਼ ਦੇ ਵੱਖ-ਵੱਖ ਖੇਤਰਾਂ ਵਿੱਚ ਸ਼ਲਾਘਾਯੋਗ ਕੰਮ ਕਰ ਰਹੇ ਲੋਕਾਂ ਅਤੇ ਸੰਸਥਾਵਾਂ ਦੇ ਯਤਨਾਂ ਨੂੰ ਘਰ-ਘਰ ਪਹੁੰਚਾਉਣ ਦੇ ਨਾਲ-ਨਾਲ ਨਾਗਰਿਕਾਂ ਨੂੰ ਦੇਸ਼ ਨਿਰਮਾਣ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਪ੍ਰੇਰਿਤ ਕਰਦਾ ਹੈ।

ਵੱਡੀ ਗਿਣਤੀ ਵਿੱਚ ਲੋਕਾਂ ਨੇ ਪ੍ਰੋਗਰਾਮ ਵਿੱਚ ਲਿਆ ਹਿੱਸਾ

'ਮਨ ਕੀ ਬਾਤ' ਪ੍ਰੋਗਰਾਮ ਵਿੱਚ ਚੁੱਕੇ ਗਏ ਮੁੱਦਿਆਂ ਅਤੇ ਜਨਹਿਤ ਨਾਲ ਜੁੜੀਆਂ ਪਹਿਲਕਦਮੀਆਂ ਪ੍ਰਤੀ ਲੋਕਾਂ ਦਾ ਸਾਰਥਕ ਜੁੜਾਅ ਵਧਾਉਣ ਦੇ ਮਕਸਦ ਨਾਲ ਆਯੋਜਿਤ ਇਸ ਪ੍ਰੋਗਰਾਮ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਸ਼ਮੂਲੀਅਤ ਕੀਤੀ। ਹਾਜ਼ਰ ਲੋਕਾਂ ਨੇ ਪ੍ਰਧਾਨ ਮੰਤਰੀ ਦੇ ਵਿਚਾਰਾਂ ਅਤੇ ਪ੍ਰੇਰਨਾਦਾਇਕ ਸੁਨੇਹਿਆਂ ਨੂੰ ਧਿਆਨਪੂਰਵਕ ਸੁਣਿਆ।

ਕਈ ਮੁੱਖ ਸ਼ਖਸੀਅਤਾਂ ਰਹੀਆਂ ਹਾਜ਼ਰ

ਇਸ ਮੌਕੇ ਮੁੱਖ ਮੰਤਰੀ ਦੇ ਓ.ਐੱਸ.ਡੀ. ਡਾ. ਰਾਜ ਨਹਿਰੂ, ਭਾਜਪਾ ਜ਼ਿਲ੍ਹਾ ਪ੍ਰਧਾਨ ਸ਼੍ਰੀ ਅਜੇ ਮਿੱਤਲ, ਹਰਿਆਣਾ ਵਿਧਾਨ ਸਭਾ ਦੇ ਸਾਬਕਾ ਸਪੀਕਰ ਸ਼੍ਰੀ ਗਿਆਨਚੰਦ ਗੁਪਤਾ, ਹਰਿਆਣਾ ਰਾਜ ਫਾਰਮੇਸੀ ਕੌਂਸਲ ਦੇ ਚੇਅਰਮੈਨ ਸ਼੍ਰੀ ਬੀ.ਬੀ. ਸਿੰਗਲ, ਹਰਿਆਣਾ ਸ਼ਿਵਾਲਿਕ ਵਿਕਾਸ ਬੋਰਡ ਦੇ ਕਾਰਜਕਾਰੀ ਉਪ-ਪ੍ਰਧਾਨ ਸ਼੍ਰੀ ਓਮਪ੍ਰਕਾਸ਼ ਦੇਵੀਨਗਰ, ਵਾਰਡ ਨੰਬਰ-4 ਦੇ ਕੌਂਸਲਰ ਸ਼੍ਰੀ ਭਾਰਤ ਹਿਤੇਸ਼ੀ, ਮੰਡਲ ਪ੍ਰਧਾਨ ਸ਼੍ਰੀ ਪ੍ਰਮੋਦ ਵਤਸ ਅਤੇ ਮੀਡੀਆ ਸੰਪਰਕ ਮੁੱਖੀ ਸ਼੍ਰੀ ਪ੍ਰਵੀਨ ਅਤਰੇ ਸਮੇਤ ਹੋਰ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ।

ਫਾਈਟ ਫਾਰ ਹਿਊਮਨ ਰਾਇਟਸ ਵੈਲਫੇਅਰ ਵਲੋਂ ਬੀਬੀ ਚਰਨਜੀਤ ਕੌਰ ਨੂੰ ਕੀਤਾ ਗਿਆ ਸਨਮਾਨਿਤ

ਚੰਡੀਗੜ੍ਹ, 30 ਅਕਤੂਬਰ
-ਹਰਮਿੰਦਰ ਸਿੰਘ ਨਾਗਪਾਲ-
-ਕੌਮੀ ਪੱਤ੍ਰਿਕਾ ਬਿਊਰੋ-

ਫਾਈਟ ਫਾਰ ਹਿਊਮਨ ਰਾਇਟਸ ਵੈਲਫੇਅਰ ਸੰਸਥਾ ਦੇ ਪ੍ਰਧਾਨ ਜਸਬੀਰ ਸਿੰਘ ਦੀ ਅਗਵਾਈ ਵਿੱਚ ਬੀਬੀ ਤਰਨਜੀਤ ਕੌਰ ਨੂੰ ਨਵਾਂ ਗਾਉਂ ਨਗਰ ਕੌਂਸਿਲ ਦਾ ਮੁੜ ਐਮ.ਸੀ ਚੁਣੇ ਜਾਣ ਤੇ ਸਨਮਾਨਿਤ ਕੀਤਾ ਗਿਆ ।

ਇਸ ਮੌਕੇ ਬੀਬੀ ਤਰਨਜੀਤ ਕੌਰ ਦੇ ਪੁੱਤਰ ਰਵਨੀਤ ਸਿੰਘ ਬੈਂਸ ਵੀ ਹਾਜ਼ਰ ਸਨ । ਇਸ ਮੌਕੇ ਵੈਲਫੇਅਰ ਨੇ ਬੀਬੀ ਤਰਨਜੀਤ ਕੌਰ ਵਲੋਂ ਪਿਛਲੇ ਸਮੇਂ ਦੌਰਾਨ ਕੀਤੀਆਂ ਸੇਵਾਵਾਂ ਦੀ ਸਲਾਘਾਂ ਕੀਤੀ ਅਤੇ ਉਮੀਦ ਵੀ ਕੀਤੀ ਉਹ ਅੱਗੇ ਵੀ ਇਸ ਤਰ੍ਹਾਂ ਵਿਕਾਸ ਅਤੇ ਸਮਾਜ ਭਲਾਈ ਦੇ ਕੰਮਾ ਨੂੰ ਜਾਰੀ ਰੱਖਣਗੇ । ਇਸ ਮੌਕੇ ਬੀਬੀ ਤਰਨਜੀਤ ਕੌਰ ਨੇ ਵਿਸ਼ਵਾਸ ਦਿਵਾਇਆ ਕਿ ਉਹ ਪਹਿਲਾਂ ਦੀ ਤਰ੍ਹਾਂ ਨਿਰਪੱਖਤਾ ਨਾਲ ਲੋਕਾਂ ਦੀਆਂ ਜ਼ਰੂਰਤਾਂ ਅਨੁਸਾਰ ਵਿਕਾਸ ਅਤੇ ਸਮਾਜ ਭਲਾਈ ਕੰਮਾਂ ਨੂੰ ਪਹਿਲ ਦੇ ਆਧਾਰ ਤੇ ਕਰਨਗੇ । ਇਸ ਮੌਕੇ ਫਾਈਟ ਫਾਰ ਹਿਊਮਨ ਰਾਇਟਸ ਵੈਲਫੇਅਰ ਦੇ ਪ੍ਰਧਾਨ ਜਸਬੀਰ ਸਿੰਘ , ਵਾਈਸ ਪ੍ਰਧਾਨ ਜਗਜੀਤ ਸਿੰਘ , ਵਾਈਸ ਪ੍ਰਧਾਨ ਪਰਮਜੀਤ ਸਿੰਘ ਤੇ ਜੋਧ ਸਿੰਘ , ਆਦਿ ਹਾਜ਼ਰ ਸਨ ॥

'ਮੇਰਾ ਘਰ ਮੇਰੇ ਨਾਮ' ਸਕੀਮ ਤਹਿਤ ਚਾਰ ਪਿੰਡਾਂ ਵਿੱਚ 1,501 ਪ੍ਰਾਪਰਟੀ ਕਾਰਡਾਂ ਦੀ ਵੰਡ

ਸੰਗਰੂਰ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਓ.ਐੱਸ.ਡੀ. ਤਪਿੰਦਰ ਸਿੰਘ ਸੋਹੀ ਨੇ 'ਮੇਰਾ ਘਰ ਮੇਰੇ ਨਾਮ' ਸਕੀਮ ਤਹਿਤ ਚਾਰ ਪਿੰਡਾਂ ਦੇ ਲਾਭਪਾਤਰੀਆਂ ਨੂੰ ਕੁੱਲ 1,501 ਪ੍ਰਾਪਰਟੀ ਕਾਰਡ ਵੰਡੇ। ਇਸ ਤਹਿਤ ਪਿੰਡ ਧਰਮਗੜ੍ਹ ਵਿਖੇ 401, ਪਿੰਡ ਜਖੇਪਲ ਧਾਲੀਵਾਲ ਬਾਸ ਵਿਖੇ 163, ਪਿੰਡ ਚੱਠਾ ਨਨਹੇੜਾ ਵਿਖੇ 323 ਅਤੇ ਪਿੰਡ ਗੰਢੂਆਂ ਵਿਖੇ 614 ਪ੍ਰਾਪਰਟੀ ਕਾਰਡਾਂ ਦੀ ਵੰਡ ਕੀਤੀ ਗਈ।

ਇਸ ਮੌਕੇ ਤਪਿੰਦਰ ਸਿੰਘ ਸੋਹੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕਾਂ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਅਤੇ ਉਨ੍ਹਾਂ ਨੂੰ ਸਰਕਾਰੀ ਸਕੀਮਾਂ ਦਾ ਲਾਭ ਪਹੁੰਚਾਉਣ ਲਈ ਲਗਾਤਾਰ ਉਪਰਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਹਲਕੇ ਦੇ ਪਿੰਡਾਂ ਵਿੱਚ ਵਿਕਾਸ ਕਾਰਜਾਂ ਦੇ ਨਾਲ-ਨਾਲ ਲੋਕਾਂ ਦੇ ਪ੍ਰਸ਼ਾਸਨਿਕ ਕੰਮਾਂ ਦੇ ਨਿਪਟਾਰੇ ਨੂੰ ਵੀ ਤਰਜੀਹ ਦਿੱਤੀ ਜਾ ਰਹੀ ਹੈ।

ਤਪਿੰਦਰ ਸਿੰਘ ਸੋਹੀ ਨੇ ਕਿਹਾ ਕਿ 'ਮੇਰਾ ਘਰ ਮੇਰੇ ਨਾਮ' ਸਕੀਮ ਪਿੰਡਾਂ ਦੇ ਲੋਕਾਂ ਨੂੰ ਉਨ੍ਹਾਂ ਦੀਆਂ ਰਿਹਾਇਸ਼ੀ ਜਾਇਦਾਦਾਂ ਦੇ ਮਾਲਕਾਨਾ ਦਸਤਾਵੇਜ਼ ਮੁਹੱਈਆ ਕਰਵਾਉਣ ਵੱਲ ਇੱਕ ਅਹਿਮ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਆਪਣੇ ਘਰ ਨਾਲ ਸਬੰਧਤ ਦਸਤਾਵੇਜ਼ ਮਿਲਣ ਨਾਲ ਲਾਭਪਾਤਰੀਆਂ ਨੂੰ ਆਪਣੀ ਜਾਇਦਾਦ ਦੇ ਰਿਕਾਰਡ ਬਾਰੇ ਸਪੱਸ਼ਟਤਾ ਮਿਲਦੀ ਹੈ ਅਤੇ ਭਵਿੱਖ ਲਈ ਇਨ੍ਹਾਂ ਦਸਤਾਵੇਜ਼ਾਂ ਨੂੰ ਸੰਭਾਲ ਕੇ ਰੱਖਣਾ ਬੇਹੱਦ ਜ਼ਰੂਰੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦਾ ਉਦੇਸ਼ ਹੈ ਕਿ ਯੋਗ ਲਾਭਪਾਤਰੀਆਂ ਤੱਕ ਸਕੀਮਾਂ ਦਾ ਲਾਭ ਸੁਚਾਰੂ ਢੰਗ ਨਾਲ ਪਹੁੰਚੇ ਅਤੇ ਲੋਕਾਂ ਨੂੰ ਆਪਣੇ ਕੰਮਾਂ ਲਈ ਬੇਲੋੜੀ ਖੱਜਲ-ਖੁਆਰੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਪ੍ਰਾਪਰਟੀ ਕਾਰਡਾਂ ਵਿੱਚ ਦਰਜ ਵੇਰਵਿਆਂ ਨੂੰ ਧਿਆਨ ਨਾਲ ਪੜ੍ਹਨ ਅਤੇ ਕਿਸੇ ਵੀ ਤਰ੍ਹਾਂ ਦੀ ਦਰੁਸਤੀ ਜਾਂ ਜਾਣਕਾਰੀ ਲਈ ਸਬੰਧਤ ਅਧਿਕਾਰੀਆਂ ਨਾਲ ਸੰਪਰਕ ਕਰਨ। ਤਪਿੰਦਰ ਸਿੰਘ ਸੋਹੀ ਨੇ ਕਿਹਾ ਕਿ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਅਤੇ ਉਨ੍ਹਾਂ ਦੇ ਹੱਲ ਲਈ ਯਤਨ ਨਿਰੰਤਰ ਜਾਰੀ ਰਹਿਣਗੇ।

ਉਨ੍ਹਾਂ ਨੇ ਪ੍ਰਾਪਰਟੀ ਕਾਰਡ ਪ੍ਰਾਪਤ ਕਰਨ ਵਾਲੇ ਲਾਭਪਾਤਰੀਆਂ ਨੂੰ ਵਧਾਈ ਦਿੰਦਿਆਂ ਭਰੋਸਾ ਦਿਵਾਇਆ ਕਿ ਲੋਕ ਭਲਾਈ ਸਕੀਮਾਂ ਦਾ ਲਾਭ ਹਰ ਯੋਗ ਪਰਿਵਾਰ ਤੱਕ ਪਹੁੰਚਾਉਣ ਲਈ ਪੂਰੀ ਵਚਨਬੱਧਤਾ ਨਾਲ ਕੰਮ ਕੀਤਾ ਜਾਵੇਗਾ।

ਇਸ ਮੌਕੇ ਬਲਵੀਰ ਸਿੰਘ ਮਾਨ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਰਣਜੀਤ ਸਿੰਘ ਚੇਅਰਮੈਨ ਬਲਾਕ ਸੰਮਤੀ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਪਤਵੰਤੇ ਅਤੇ ਵੱਡੀ ਗਿਣਤੀ ਪਿੰਡਾਂ ਦੇ ਲੋਕ ਹਾਜ਼ਰ ਸਨ।

ਪੰਜਾਬ 'ਚ ਪਰਾਲੀ ਸਾੜਨ ਦੇ ਕੇਸ ਮੁੜ ਵਧੇ ਤਰਨ ਤਾਰਨ ਜ਼ਿਲ੍ਹੇ 'ਚ ਸਭ ਤੋਂ ਵੱਧ ਮਾਮਲੇ

ਚੰਡੀਗੜ੍ਹ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ ਦੀ ਪੰਜਾਬ 'ਚ ਸਖ਼ਤੀ ਦੇ ਬਾਵਜੂਦ ਇਸ ਵਾਰ ਝੋਨੇ ਦੀ ਪਰਾਲੀ ਸਾੜਨ ਦਾ ਰੁਝਾਨ ਮੁੜ ਵਧਿਆ ਹੈ। ਹਾਲਾਂਕਿ ਪੰਜਾਬ 'ਚ ਪਰਾਲੀ ਸਾੜਨ ਦੇ ਕੇਸਾਂ 'ਚ ਲੰਘੇ ਛੇ ਵਰ੍ਹਿਆਂ ਤੋਂ ਲਗਾਤਾਰ ਕਟੌਤੀ ਹੋ ਰਹੀ ਸੀ। ਪਿਛਲੇ ਵਰ੍ਹੇ ਪੰਜਾਬ 'ਚ 24 ਅਕਤੂਬਰ ਤੱਕ ਪਰਾਲੀ ਸਾੜਨ ਦੇ 561 ਕੇਸ ਸਾਹਮਣੇ ਆਏ ਸਨ; ਐਤਕੀਂ ਇਹ ਅੰਕੜਾ 574 ਕੇਸਾਂ ਦਾ ਹੈ।ਪ੍ਰਾਪਤ ਵੇਰਵਿਆਂ ਅਨੁਸਾਰ ਤਰਨ ਤਾਰਨ ਜ਼ਿਲ੍ਹਾ ਇਸ ਵੇਲੇ ਸਿਖਰ 'ਤੇ ਹੈ ਜਿੱਥੇ ਪਿਛਲੇ ਸਾਲ ਇਸ ਸਮੇਂ ਤੱਕ 175 ਕੇਸ ਰਿਪੋਰਟ ਹੋਏ ਸਨ ਪਰ ਇਸ ਵੇਲੇ 270 ਕੇਸ ਸਾਹਮਣੇ ਆ ਚੁੱਕੇ ਹਨ। ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ ਦੇ ਚੇਅਰਮੈਨ ਰਾਜੇਸ਼ ਵਰਮਾ ਨੇ ਅੰਮ੍ਰਿਤਸਰ ਅਤੇ ਤਰਨ ਤਾਰਨ ਦੇ ਡਿਪਟੀ ਕਮਿਸ਼ਨਰਾਂ ਤੇ ਹੋਰਨਾਂ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕੀਤੀ ਹੈ। ਕਮਿਸ਼ਨ ਨੇ ਤਰਨ ਤਾਰਨ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਕਾਰਵਾਈ ਲਈ ਕਿਹਾ ਹੈ। ਉੱਤਰੀ ਭਾਰਤ 'ਚ ਪਰਾਲੀ ਸਾੜਨ ਦੇ ਹੁਣ ਤੱਕ 1,823 ਕੇਸ ਰਿਪੋਰਟ ਹੋਏ ਹਨ

ਜਿਨ੍ਹਾਂ 'ਚੋਂ ਸਭ ਤੋਂ ਵੱਧ 574 ਕੇਸ ਪੰਜਾਬ 'ਚ ਰਿਪੋਰਟ ਹੋਏ ਹਨ। ਹਰਿਆਣਾ 'ਚ ਸਿਰਫ਼ 18 ਕੇਸ ਹੀ ਸਾਹਮਣੇ ਆਏ ਹਨ ਜਦਕਿ ਪਿਛਲੇ ਸਾਲ ਹਰਿਆਣਾ 'ਚ ਇਸ ਸਮੇਂ ਤੱਕ 61 ਕੇਸ ਰਿਪੋਰਟ ਹੋਏ ਸਨ। ਮੱਧ ਪ੍ਰਦੇਸ਼ (439 ਕੇਸ) ਦਾ ਦੂਜਾ ਨੰਬਰ ਹੈ। ਪੰਜਾਬ ਦੇ ਜ਼ਿਲ੍ਹਾ ਅੰਮ੍ਰਿਤਸਰ 'ਚ ਹੁਣ ਤੱਕ 144, ਗੁਰਦਾਸਪੁਰ 'ਚ 37, ਫ਼ਿਰੋਜ਼ਪੁਰ 'ਚ 26 ਅਤੇ ਲੁਧਿਆਣਾ 'ਚ 27 ਕੇਸ ਰਿਪੋਰਟ ਹੋਏ ਹਨ।

ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਜ਼ਮੀਨੀ ਪੱਧਰ 'ਤੇ ਨਜ਼ਰ ਰੱਖਣ ਲਈ ਉਡਣ ਦਸਤੇ ਤਾਇਨਾਤ ਕੀਤੇ ਹੋਏ ਹਨ। ਪੰਜਾਬ ਸਰਕਾਰ ਨੇ ਵੀ ਸਟਾਫ਼ ਤਾਇਨਾਤ ਕੀਤਾ ਹੋਇਆ ਹੈ। ਹੁਣ ਤੱਕ ਪੰਜਾਬ 'ਚ 113 ਪੁਲੀਸ ਕੇਸ ਦਰਜ ਕੀਤੇ ਜਾ ਚੁੱਕੇ ਹਨ ਜਿਨ੍ਹਾਂ 'ਚੋਂ 23 ਕੇਸ ਇਕੱਲੇ ਤਰਨ ਤਾਰਨ 'ਚ ਦਰਜ ਹੋਏ ਹਨ। ਇਸੇ ਤਰ੍ਹਾਂ ਮਾਲ ਰਿਕਾਰਡ 'ਚ 205 ਰੈੱਡ ਐਂਟਰੀਆਂ ਪਾਈਆਂ ਗਈਆਂ ਹਨ ਜਿਨ੍ਹਾਂ 'ਚ 113 ਰੈੱਡ ਐਂਟਰੀਆਂ ਇਕੱਲੇ ਤਰਨ ਤਾਰਨ ਜ਼ਿਲ੍ਹੇ ਦੇ ਕਿਸਾਨਾਂ ਦੇ ਮਾਲ ਰਿਕਾਰਡ 'ਚ ਹਨ। ਪੰਜਾਬ ਸਰਕਾਰ ਹੁਣ ਤੱਕ 11.4 ਲੱਖ ਦਾ ਜੁਰਮਾਨਾ ਕਿਸਾਨਾਂ ਨੂੰ ਲਾ ਚੁੱਕੀ ਹੈ।

ਸ਼ੰਭੂ-ਰਾਜਪੁਰਾ ਰੇਲ ਪਟੜੀ ਧਮਾਕਾ ਕੇਸ 'ਚ ਦੋਸ਼ ਪੱਤਰ ਦਾਖ਼ਲ

ਮੁਹਾਲੀ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਕੌਮੀ ਜਾਂਚ ਏਜੰਸੀ (ਐੱਨ ਆਈ ਏ) ਨੇ 27 ਅਪਰੈਲ ਨੂੰ ਸ਼ੰਭੂ ਤੇ ਰਾਜਪੁਰਾ ਰੇਲਵੇ ਸਟੇਸ਼ਨਾਂ ਦਰਮਿਆਨ ਰੇਲਵੇ ਲਾਈਨ 'ਤੇ ਹੋਏ ਧਮਾਕੇ ਨਾਲ ਸਬੰਧਤ ਕੇਸ ਵਿੱਚ ਛੇ ਮੁਲਜ਼ਮਾਂ ਖ਼ਿਲਾਫ਼ ਦੋਸ਼ ਪੱਤਰ ਦਾਖ਼ਲ ਕਰ ਦਿੱਤਾ ਹੈ। ਇਸ ਘਟਨਾ 'ਚ ਧਮਾਕਾਖੇਜ਼ ਸਮੱਗਰੀ ਤਿਆਰ ਕਰ ਰਹੇ ਖ਼ਾਲਿਸਤਾਨੀ ਕਾਰਕੁਨ ਜਗਰੂਪ ਸਿੰਘ ਦੀ ਮੌਤ ਹੋ ਗਈ ਸੀ।

ਐੱਨ ਆਈ ਏ ਨੇ ਬੀਤੇ ਦਿਨ ਕਿਹਾ ਕਿ ਮੁਹਾਲੀ ਸਥਿਤ ਐੱਨ ਆਈ ਏ ਦੀ ਵਿਸ਼ੇਸ਼ ਅਦਾਲਤ ਵਿੱਚ ਗੁਰਜਿੰਦਰ ਸਿੰਘ ਉਰਫ਼ ਬੇਅੰਤ ਬਾਬਾ, ਸਤਨਾਮ ਸਿੰਘ, ਪ੍ਰਦੀਪ ਸਿੰਘ ਉਰਫ਼ ਖ਼ਾਲਸਾ, ਕੁਲਵਿੰਦਰ ਸਿੰਘ ਉਰਫ਼ ਬੱਗਾ, ਗੁਰਪ੍ਰੀਤ ਸਿੰਘ ਉਰਫ਼ ਗੋਪੀ ਅਤੇ ਮਨਜੀਤ ਸਿੰਘ ਵਿਰੁੱਧ ਦੋਸ਼ ਪੱਤਰ ਦਾਖ਼ਲ ਕਰ ਦਿੱਤਾ ਗਿਆ ਹੈ। ਉਨ੍ਹਾਂ ਉੱਤੇ ਬੀ ਐੱਨ ਐੱਸ, ਅਸਲਾ ਕਾਨੂੰਨ, ਧਮਾਕਖੇਜ਼ ਸਮੱਗਰੀ ਕਾਨੂੰਨ, ਰੇਲਵੇ ਕਾਨੂੰਨ, ਜਨਤਕ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੀ ਰੋਕਥਾਮ ਸਬੰਧੀ ਕਾਨੂੰਨ ਅਤੇ ਗ਼ੈਰ-ਕਾਨੂੰਨੀ ਗਤੀਵਿਧੀਆਂ (ਰੋਕੂ) ਕਾਨੂੰਨ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਦੋਸ਼ ਲਾਏ ਗਏ ਹਨ।

ਉਨ੍ਹਾਂ ਕਿਹਾ ਕਿ ਮੁਲਜ਼ਮ ਪਾਬੰਦੀਸ਼ੁਦਾ ਅਤਿਵਾਦੀ ਜਥੇਬੰਦੀ ਖ਼ਾਲਿਸਤਾਨ ਜ਼ਿੰਦਾਬਾਦ ਫੋਰਸ (ਕੇ ਜ਼ੈੱਡ ਐੱਫ) ਦੀਆਂ ਗਤੀਵਿਧੀਆਂ ਨੂੰ ਅੱਗੇ ਵਧਾਉਣ, ਫ਼ਿਰਕੂ ਸਦਭਾਵਨਾ ਨੂੰ ਭੰਗ ਕਰਨ ਅਤੇ ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਵਿਗਾੜਨ ਲਈ ਘੜੀ ਸਾਜ਼ਿਸ਼ ਵਿੱਚ ਸ਼ਾਮਲ ਸਨ। ਇਸ ਤਹਿਤ 27 ਅਪਰੈਲ ਨੂੰ ਸ਼ੰਭੂ ਅਤੇ ਰਾਜਪੁਰਾ ਰੇਲਵੇ ਸਟੇਸ਼ਨਾਂ ਦਰਮਿਆਨ ਰੇਲਵੇ ਲਾਈਨ 'ਤੇ ਧਮਾਕਾ ਕੀਤਾ ਗਿਆ ਸੀ।

ਖੜਗੇ ਦੇ 'ਮੋਦੀ ਦਾ ਬਾਪ ਵੀ ਜਾਵੇਗਾ' ਬਿਆਨ 'ਤੇ ਵਿਵਾਦ

ਬਿਹਾਰ ਦੇ ਮੁੱਖ ਮੰਤਰੀ ਨੇ ਮੁਆਫ਼ੀ ਮੰਗਣ ਲਈ ਕਿਹਾ; ਭਾਜਪਾ ਤੇ ਜੇ ਡੀ (ਯੂ) ਨੇ ਵੀ ਕੀਤੀ ਨਿਖੇਧੀ

ਪਟਨਾ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਦੇ 'ਮੋਦੀ ਦਾ ਬਾਪ ਵੀ ਜਾਵੇਗਾ' ਬਿਆਨ 'ਤੇ ਵਿਵਾਦ ਖੜ੍ਹਾ ਹੋ ਗਿਆ ਹੈ। ਖੜਗੇ ਨੇ ਇਹ ਟਿੱਪਣੀ ਐਤਵਾਰ ਨੂੰ ਬਿਹਾਰ ਦੇ ਪਹਿਲੇ ਮੁੱਖ ਮੰਤਰੀ ਸ੍ਰੀਕ੍ਰਿਸ਼ਨ ਸਿੰਘ ਦੀ 139ਵੀਂ ਜਨਮ ਵਰ੍ਹੇਗੰਢ ਮੌਕੇ ਪਟਨਾ ਵਿੱਚ ਕਰਵਾਏ ਸਮਾਗਮ ਦੌਰਾਨ ਕੀਤੀ।

ਖੜਗੇ ਨੇ ਕਿਹਾ ਸੀ ਕਿ ਕਾਂਗਰਸ ਵੋਟਰ ਸੂਚੀਆਂ ਦੀ ਵਿਸ਼ੇਸ਼ ਮੁੜ ਸੁਧਾਈ (ਐੱਸ ਆਈ ਆਰ) ਦੀ ਪ੍ਰਕਿਰਿਆ ਵਿੱਚ ਕਥਿਤ ਬੇਨਿਯਮੀਆਂ ਕਰਨ ਵਾਲਿਆਂ ਨੂੰ ਜੇਲ੍ਹ ਭੇਜੇਗੀ। ਇਸ ਦੌਰਾਨ ਹਾਜ਼ਰ ਲੋਕਾਂ ਵਿੱਚੋਂ ਇਕ ਵਿਅਕਤੀ ਨੇ ਆਵਾਜ਼ ਮਾਰੀ ਕਿ ਜਦੋਂ ਤੱਕ ਬਗ਼ਾਵਤ ਨਹੀਂ ਹੁੰਦੀ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਿਤੇ ਨਹੀਂ ਜਾਣ ਵਾਲੇ। ਇਸ ਦੇ ਜਵਾਬ ਵਿੱਚ ਖੜਗੇ ਨੇ ਕਿਹਾ, ਮੋਦੀ ਦਾ ਬਾਪ ਵੀ ਜਾਵੇਗਾ।

ਬਿਹਾਰ ਦੇ ਮੁੱਖ ਮੰਤਰੀ ਸਮਰਾਟ ਚੌਧਰੀ ਨੇ ਖੜਗੇ ਦੇ ਬਿਆਨ ਦੀ ਨਿਖੇਧੀ ਕਰਦਿਆਂ ਕਾਂਗਰਸ ਤੋਂ ਮੁਆਫ਼ੀ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦੇ ਪਿਤਾ ਬਾਰੇ ਅਜਿਹੀ ਟਿੱਪਣੀ ਬੇਹੱਦ ਮੰਦਭਾਗੀ ਹੈ ਅਤੇ ਇਸ ਤੋਂ ਪ੍ਰਧਾਨ ਮੰਤਰੀ ਦੇ ਪਰਿਵਾਰ ਪ੍ਰਤੀ ਕਾਂਗਰਸ ਦੀ ਮਾੜੀ ਭਾਵਨਾ ਝਲਕਦੀ ਹੈ।

ਚੌਧਰੀ ਨੇ ਇਸ ਬਿਆਨ ਨੂੰ ਗ਼ਲਤ ਕਰਾਰ ਦਿੰਦਿਆਂ ਕਿਹਾ ਕਿ ਖੜਗੇ ਅਤੇ ਕਾਂਗਰਸੀ ਆਗੂ ਰਾਹੁਲ ਗਾਂਧੀ ਨੂੰ ਪ੍ਰਧਾਨ ਮੰਤਰੀ ਦੇ ਪਿਤਾ ਵਿਰੁੱਧ ਵਰਤੀ ਗਈ ਇਤਰਾਜ਼ਯੋਗ ਭਾਸ਼ਾ ਲਈ ਮੁਆਫ਼ੀ ਮੰਗਣੀ ਚਾਹੀਦੀ ਹੈ।

ਬਿਹਾਰ ਭਾਜਪਾ ਦੇ ਪ੍ਰਧਾਨ ਸੰਜੈ ਸਰੋਗੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਵਿਰੁੱਧ ਅਜਿਹੀ ਭਾਸ਼ਾ ਵਰਤਣਾ ਲੋਕਾਂ ਦੇ ਫ਼ਤਵੇ ਦਾ ਨਿਰਾਦਰ ਹੈ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਨਿੱਜੀ ਹਮਲਿਆਂ ਰਾਹੀਂ ਸਿਆਸੀ ਮਰਿਆਦਾ ਨੂੰ ਢਾਹ ਲਾ ਰਹੀ ਹੈ। ਉਨ੍ਹਾਂ ਕਿਹਾ ਕਿ ਆਗੂਆਂ ਨੂੰ ਸਿਆਸੀ ਮਤਭੇਦਾਂ ਦੇ ਬਾਵਜੂਦ ਆਪਣੀ ਭਾਸ਼ਾ ਵਿੱਚ ਮਰਿਆਦਾ ਕਾਇਮ ਰੱਖਣੀ ਚਾਹੀਦੀ ਹੈ।

ਜਨਤਾ ਦਲ (ਯੂਨਾਈਟਿਡ) ਦੇ ਕੌਮੀ ਬੁਲਾਰੇ ਰਾਜੀਵ ਰੰਜਨ ਪ੍ਰਸਾਦ ਨੇ ਵੀ ਖੜਗੇ ਦੇ ਬਿਆਨ ਦੀ ਸਖ਼ਤ ਨਿਖੇਧੀ ਕੀਤੀ। ਉਨ੍ਹਾਂ ਬਿਹਾਰ ਦੀਆਂ ਚੋਣਾਂ ਅਤੇ ਵੋਟਰ ਸੂਚੀਆਂ ਦੀ ਸੁਧਾਈ ਬਾਰੇ ਕਾਂਗਰਸ ਦੇ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਕਿ ਚੋਣਾਂ ਪੂਰੀ ਇਮਾਨਦਾਰੀ, ਨਿਰਪੱਖਤਾ ਅਤੇ ਪਾਰਦਰਸ਼ਤਾ ਨਾਲ ਕਰਵਾਈਆਂ ਗਈਆਂ ਸਨ।

ਉਨ੍ਹਾਂ ਦਾਅਵਾ ਕੀਤਾ ਕਿ ਲੋਕਾਂ ਨੇ ਕਾਂਗਰਸ ਨੂੰ ਸਿਰਫ਼ ਛੇ ਸੀਟਾਂ ਤੱਕ ਸੀਮਤ ਕਰ ਦਿੱਤਾ ਹੈ।

ਰਾਹੁਲ ਗਾਂਧੀ 4 ਨਵੰਬਰ ਨੂੰ ਆਉਣਗੇ ਪੰਜਾਬ

ਪੰਜਾਬ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਹੋਵੇਗਾ ਦੌਰਾ; ਪਰਗਟ ਸਿੰਘ ਨੇ ਆਗੂਆਂ ਤੇ ਵਰਕਰਾਂ ਨੂੰ 'ਮਿਸ਼ਨ 2027' ਲਈ ਤਿਆਰ ਰਹਿਣ ਦਾ ਸੱਦਾ ਦਿੱਤਾ

ਚੰਡੀਗੜ੍ਹ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਕਾਂਗਰਸ ਦੇ ਪ੍ਰਧਾਨ ਪਰਗਟ ਸਿੰਘ ਨੇ ਕਿਹਾ ਹੈ ਕਿ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਅਤੇ ਕਾਂਗਰਸ ਦੇ ਸੀਨੀਅਰ ਆਗੂ ਰਾਹੁਲ ਗਾਂਧੀ 4 ਨਵੰਬਰ ਨੂੰ ਸੰਗਰੂਰ ਜ਼ਿਲ੍ਹੇ ਦਾ ਦੌਰਾ ਕਰਨਗੇ। ਪੰਜਾਬ ਵਿਧਾਨ ਸਭਾ ਦੀਆਂ 2027 ਵਿੱਚ ਹੋਣ ਵਾਲੀਆਂ ਚੋਣਾਂ ਦੇ ਮੱਦੇਨਜ਼ਰ ਇਹ ਦੌਰਾ ਕਾਂਗਰਸ ਲਈ ਅਹਿਮ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਦੌਰੇ ਨਾਲ ਮਾਲਵਾ ਦੇ ਕੇਂਦਰ ਤੋਂ ਪਾਰਟੀ ਦੀ ਚੋਣ ਮੁਹਿੰਮ ਨੂੰ ਨਵੀਂ ਦਿਸ਼ਾ ਅਤੇ ਰਫ਼ਤਾਰ ਮਿਲੇਗੀ। ਇਸ ਦੇ ਨਾਲ ਹੀ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਨੂੰ 'ਮਿਸ਼ਨ 2027' ਲਈ ਪੂਰੀ ਤਰ੍ਹਾਂ ਤਿਆਰ ਰਹਿਣ ਦਾ ਸਪਸ਼ਟ ਸੁਨੇਹਾ ਵੀ ਮਿਲੇਗਾ।

ਪਰਗਟ ਸਿੰਘ ਨੇ ਕਿਹਾ ਕਿ ਪੰਜਾਬ ਦੀ ਸਿਆਸਤ ਵਿੱਚ ਮਾਲਵਾ

ਖੇਤਰ ਦੀ ਅਹਿਮ ਭੂਮਿਕਾ ਹੈ ਅਤੇ ਇੱਥੋਂ ਦੀਆਂ ਵਿਧਾਨ ਸਭਾ ਸੀਟਾਂ ਚੋਣ ਨਤੀਜਿਆਂ ਨੂੰ ਪ੍ਰਭਾਵਿਤ ਕਰਦੀਆਂ ਹਨ। ਸੰਗਰੂਰ ਤੋਂ ਚੋਣ ਮੁਹਿੰਮ ਨੂੰ ਅੱਗੇ ਵਧਾਉਣਾ ਪੰਜਾਬ ਕਾਂਗਰਸ ਦੀ ਰਣਨੀਤੀ ਦਾ ਅਹਿਮ ਹਿੱਸਾ ਹੋਵੇਗਾ। ਉਨ੍ਹਾਂ ਕਿਹਾ ਕਿ ਪਾਰਟੀ ਦਾ ਟੀਚਾ ਲੋਕਾਂ ਨਾਲ ਜ਼ਮੀਨੀ ਪੱਧਰ 'ਤੇ ਸੰਪਰਕ ਮਜ਼ਬੂਤ ਕਰਨਾ ਅਤੇ ਪੰਜਾਬ ਦੇ ਲੋਕਾਂ ਨਾਲ ਜੁੜੇ ਮੁੱਦਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਉਠਾਉਣਾ ਹੈ।

ਪੰਜਾਬ ਕਾਂਗਰਸ ਦੇ ਪ੍ਰਧਾਨ ਪਰਗਟ ਸਿੰਘ ਨੇ ਕਿਹਾ ਕਿ 2027 ਦੀਆਂ ਚੋਣਾਂ ਤੋਂ ਪਹਿਲਾਂ ਪਾਰਟੀ ਨੂੰ ਮਜ਼ਬੂਤ ਕਰਨਾ, ਵਰਕਰਾਂ ਨੂੰ ਲਾਮਬੰਦ ਕਰਨਾ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਲਗਾਤਾਰ ਉਠਾਉਣਾ ਮੁੱਖ ਤਰਜੀਹਾਂ ਹੋਣਗੀਆਂ। ਉਨ੍ਹਾਂ ਮੁਤਾਬਕ ਰਾਹੁਲ ਗਾਂਧੀ ਦਾ ਦੌਰਾ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਨੂੰ ਇਕਜੁੱਟ ਹੋ ਕੇ ਚੋਣਾਂ ਦੀਆਂ ਤਿਆਰੀਆਂ ਤੇਜ਼ ਕਰਨ ਲਈ ਉਤਸ਼ਾਹਿਤ ਕਰੇਗਾ।

ਪਰਗਟ ਸਿੰਘ ਨੇ ਕਿਹਾ ਕਿ 'ਮਿਸ਼ਨ 2027' ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬ ਕਾਂਗਰਸ ਆਪਣੀਆਂ ਸਿਆਸੀ ਅਤੇ ਜਥੇਬੰਦਕ ਸਰਗਰਮੀਆਂ ਤੇਜ਼ ਕਰੇਗੀ। ਉਨ੍ਹਾਂ ਕਿਹਾ ਕਿ ਪਾਰਟੀ ਦੀ ਚੋਣ ਮੁਹਿੰਮ ਵਿੱਚ ਲੋਕਾਂ ਦੇ ਮੁੱਦਿਆਂ ਨੂੰ ਕੇਂਦਰ ਵਿੱਚ ਰੱਖਿਆ ਜਾਵੇਗਾ ਅਤੇ ਸੂਬੇ ਭਰ ਵਿੱਚ ਵਰਕਰਾਂ ਨਾਲ ਤਾਲਮੇਲ ਹੋਰ ਮਜ਼ਬੂਤ ਕੀਤਾ ਜਾਵੇਗਾ। ਉਨ੍ਹਾਂ ਮੁਤਾਬਕ 4 ਨਵੰਬਰ ਨੂੰ ਸੰਗਰੂਰ ਵਿੱਚ ਹੋਣ ਵਾਲਾ ਪ੍ਰੋਗਰਾਮ ਇਸ ਦਿਸ਼ਾ ਵਿੱਚ ਅਹਿਮ ਕਦਮ ਹੋਵੇਗਾ।

ਤ੍ਰਿਪੜੀ ਵਿਖੇ ਸ਼ੋਭਾ ਯਾਤਰਾਵਾਂ 'ਚ ਮੋਹਿਤ ਮੋਹਿੰਦਰਾ ਨੇ ਵਿਸ਼ੇਸ਼ ਤੌਰ 'ਤੇ ਕੀਤੀ ਸ਼ਿਰਕਤ; ਲਿਆ ਆਸ਼ੀਰਵਾਦ



ਪਟਿਆਲਾ, 30 ਅਕਤੂਬਰ/ਰਾਕੇਸ਼ ਠਾਕੁਰ
-ਕੌਮੀ ਪੱਤ੍ਰਿਕਾ ਬਿਊਰੋ-

ਹਲਕਾ ਪਟਿਆਲਾ ਦਿਹਾਤੀ ਅਧੀਨ ਪੈਂਦੇ ਮੁੱਖ ਬਾਜ਼ਾਰ ਤ੍ਰਿਪੜੀ ਵਿਖੇ ਭਗਵਾਨ ਵਾਲਮੀਕਿ ਜੀ ਦੇ ਪਾਵਨ ਪ੍ਰਗਟ ਦਿਵਸ ਨੂੰ ਸਮਰਪਿਤ ਵੱਖ-ਵੱਖ ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਵੱਲੋਂ ਵਿਸ਼ਾਲ ਸ਼ੋਭਾ ਯਾਤਰਾਵਾਂ ਬੜੀ ਸ਼ਰਧਾ, ਧੂਮਧਾਮ ਅਤੇ ਉਤਸ਼ਾਹ ਨਾਲ ਸਜਾਈਆਂ ਗਈਆਂ। ਇਸ ਪਵਿੱਤਰ ਮੌਕੇ ਪੰਜਾਬ ਯੂਥ ਕਾਂਗਰਸ ਦੇ ਸਾਬਕਾ ਪ੍ਰਧਾਨ ਅਤੇ ਹਲਕਾ ਇੰਚਾਰਜ ਸ਼੍ਰੀ ਮੋਹਿਤ ਮੋਹਿੰਦਰਾ ਨੇ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਸ਼ਿਰਕਤ ਕੀਤੀ ਅਤੇ ਨਤਮਸਤਕ ਹੋ ਕੇ ਭਗਵਾਨ ਵਾਲਮੀਕਿ ਜੀ ਦਾ ਆਸ਼ੀਰਵਾਦ ਲਿਆ। ਇਸ ਦੌਰਾਨ ਸਮੂਹ ਪ੍ਰਬੰਧਕ ਕਮੇਟੀਆਂ ਅਤੇ ਸ਼ਹਿਰ ਵਾਸੀਆਂ ਵੱਲੋਂ ਮੋਹਿਤ ਮੋਹਿੰਦਰਾ ਦਾ ਨਿੱਘਾ ਤੇ ਭਰਵਾਂ ਸਵਾਗਤ ਕੀਤਾ ਗਿਆ। ਇਹ ਸ਼ੋਭਾ ਯਾਤਰਾ ਵੱਖ-ਵੱਖ ਪ੍ਰਮੁੱਖ ਜਥੇਬੰਦੀਆਂ ਵੱਲੋਂ ਸਜਾਈਆਂ ਗਈਆਂ, ਜਿਨ੍ਹਾਂ ਵਿੱਚ ਵੈਦਿਕ ਬ੍ਰਾਹਮਣ ਮਹਾਸਭਾ (ਪਟਿਆਲਾ), ਵਾਲਮੀਕੀ ਨੌਜਵਾਨ ਸਭਾ (ਰਤਨ ਨਗਰ, ਬਲਾਕ-ਐੱਫ, ਤ੍ਰਿਪੜੀ), ਡਾ. ਬੀ. ਆਰ. ਅੰਬੇਡਕਰ ਵੈੱਲਫੇਅਰ ਸੋਸਾਇਟੀ (ਪਟਿਆਲਾ) ਅਤੇ ਸ਼੍ਰੀ ਗੁਰੂ ਰਵਿਦਾਸ ਕਲੱਬ (ਤ੍ਰਿਪੜੀ ਸੈਦਾਂ) ਵੱਲੋਂ ਕਰਵਾਏ ਸਮਾਗਮ ਸ਼ਾਮਲ ਸਨ।

ਦਿੱਲੀ-ਐੱਨ ਸੀ ਆਰ ’ਚ ਪਟਾਕਿਆਂ ਬਾਰੇ ਸੁਪਰੀਮ ਕੋਰਟ ਵੱਲੋਂ ਫ਼ੈਸਲਾ ਰਾਖਵਾਂ

ਨਵੀਂ ਦਿੱਲੀ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

: ਸੁਪਰੀਮ ਕੋਰਟ ਨੇ ਦਿੱਲੀ ਅਤੇ ਕੌਮੀ ਰਾਜਧਾਨੀ ਖੇਤਰ (ਐਨ ਸੀ ਆਰ) ਵਿੱਚ ਪਟਾਕੇ ਚਲਾਉਣ ’ਤੇ ਪਾਬੰਦੀ ਅਤੇ ਇਸ ਨਾਲ ਜੁੜੇ ਨਿਯਮਾਂ ਬਾਰੇ ਆਪਣਾ ਫ਼ੈਸਲਾ ਰਾਖਵਾਂ ਰੱਖ ਲਿਆ ਹੈ। ਸੁਣਵਾਈ ਦੌਰਾਨ ਅਦਾਲਤ ਨੇ ਕਿਹਾ ਕਿ ਉਹ ਹਰ ਸਾਲ ਦੀਵਾਲੀ ਮੌਕੇ ਪਟਾਕੇ ਚਲਾਉਣ ਸਬੰਧੀ ਨਿਰਦੇਸ਼ ਜਾਰੀ ਕਰਦੇ ਹਨ ਪਰ ਇਸ ਦੇ ਬਾਵਜੂਦ ਪਟਾਕੇ ਚਲਾਏ ਜਾਂਦੇ ਹਨ ਅਤੇ ਹਵਾ ਪ੍ਰਦੂਸ਼ਣ ਦੀ ਸਮੱਸਿਆ ਬਣੀ ਰਹਿੰਦੀ ਹੈ।

ਅਦਾਲਤ ਨੇ ਕਿਹਾ ਕਿ ਸਿਰਫ਼ ਪਾਬੰਦੀਆਂ ਲਾਉਣ ਅਤੇ ਨਿਰਦੇਸ਼ ਜਾਰੀ ਕਰਨ ਨਾਲ ਸਮੱਸਿਆ ਦਾ ਹੱਲ ਨਹੀਂ ਹੋ ਰਿਹਾ। ਇਨ੍ਹਾਂ ਹੁਕਮਾਂ ਦੀ ਪਾਲਣਾ ਯਕੀਨੀ ਬਣਾਉਣ ਦੇ ਨਾਲ-ਨਾਲ ਲੋਕਾਂ ਨੂੰ ਜਾਗਰੂਕ ਕਰਨਾ ਵੀ ਜ਼ਰੂਰੀ ਹੈ।

ਦੀਵਾਲੀ ਦੌਰਾਨ ਪਟਾਕਿਆਂ ਦੀ ਵਰਤੋਂ ਕਾਰਨ ਦਿੱਲੀ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਹਵਾ ਦੀ ਗੁਣਵੱਤਾ ਪ੍ਰਭਾਵਿਤ ਹੁੰਦੀ ਹੈ।

ਸੁਪਰੀਮ ਕੋਰਟ ਨੇ ਸੁਝਾਅ ਦਿੱਤਾ ਕਿ ਲੋਕਾਂ ਨੂੰ ਪਟਾਕੇ ਨਾ ਚਲਾਉਣ ਲਈ ਪ੍ਰੇਰਿਤ ਕਰਨ ਵਾਸਤੇ ਵੱਡੀਆਂ ਅਤੇ ਪ੍ਰਭਾਵਸ਼ਾਲੀ ਹਸਤੀਆਂ ਨੂੰ ਜਾਗਰੂਕਤਾ ਮੁਹਿੰਮ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਵਿਰਾਟ ਕੋਹਲੀ ਵਰਗੀਆਂ ਉੱਘੀਆਂ ਹਸਤੀਆਂ ਆਪਣੇ ਪ੍ਰਸ਼ੰਸਕਾਂ ਅਤੇ ਆਮ ਲੋਕਾਂ ਨੂੰ ਪਟਾਕਿਆਂ ਦੀ ਵਰਤੋਂ ਤੋਂ ਬਚਣ ਦਾ ਸੁਨੇਹਾ ਦੇ ਸਕਦੀਆਂ ਹਨ।

ਅਦਾਲਤ ਦਾ ਕਹਿਣਾ ਸੀ ਕਿ ਜਦੋਂ ਹਰ ਸਾਲ ਨਿਰਦੇਸ਼ ਜਾਰੀ ਕਰਨ ਦੇ ਬਾਵਜੂਦ ਉਨ੍ਹਾਂ ਦੀ ਉਲੰਘਣਾ ਹੁੰਦੀ ਹੈ ਤਾਂ ਲੋਕਾਂ ਦੇ ਵਿਹਾਰ ਵਿੱਚ ਤਬਦੀਲੀ ਲਿਆਉਣ ਲਈ ਜਾਗਰੂਕਤਾ ਪੈਦਾ ਕਰਨ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ।

ਨਿਰਦੇਸ਼ਾਂ ਦੀ ਪਾਲਣਾ ਯਕੀਨੀ ਬਣਾਉਣ ਦੀ ਲੋੜ

ਦਿੱਲੀ-ਐਨਸੀਆਰ ਵਿੱਚ ਹਵਾ ਪ੍ਰਦੂਸ਼ਣ ਲੰਮੇ ਸਮੇਂ ਤੋਂ ਗੰਭੀਰ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਦੀਵਾਲੀ ਦੌਰਾਨ ਪਟਾਕਿਆਂ ਦੀ ਵਰਤੋਂ ਨਾਲ ਇਹ ਸਮੱਸਿਆ ਹੋਰ ਵਧ ਸਕਦੀ ਹੈ। ਸੁਪਰੀਮ ਕੋਰਟ ਨੇ ਇਸ ਮਾਮਲੇ ’ਤੇ ਸੁਣਵਾਈ ਤੋਂ ਬਾਅਦ ਫ਼ੈਸਲਾ ਰਾਖਵਾਂ ਰੱਖ ਲਿਆ ਹੈ।

ਅਦਾਲਤ ਦੇ ਅੰਤਿਮ ਫ਼ੈਸਲੇ ਨਾਲ ਪਟਾਕਿਆਂ ਦੀ ਵਰਤੋਂ ਸਬੰਧੀ ਅਗਲੇ ਕਦਮਾਂ ਬਾਰੇ ਸਥਿਤੀ ਸਪੱਸ਼ਟ ਹੋਵੇਗੀ।

ਲੱਖਾ ਸਿਧਾਣਾ ਤੇ ਮੋਹਣਜੀਤ ਸ਼ੇਰੋਂ ਨੂੰ ਚਾਰ ਦਿਨ ਦੇ ਪੁਲਿਸ ਰਿਮਾਂਡ ’ਤੇ ਭੇਜਿਆ

ਮਾਨਸਾ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਮਾਨਸਾ ਵਿਚ ਪਰਵਿੰਦਰ ਸਿੰਘ ਝੋਟਾ ਦੇ ਇਨਸਾਫ਼ ਲਈ ਲੱਗੇ ਧਰਨੇ ਨੇੜਿਓ ਪੁਲੀਸ ਵੱਲੋਂ ਹਿਰਾਸਤ ਵਿੱਚ ਲਏ ਵਾਰਿਸ ਪੰਜਾਬ ਦੇ ਆਗੂ ਲੱਖਾ ਸਿਧਾਣਾ ਅਤੇ ਮੋਹਣਜੀਤ ਸ਼ੇਰੋਂ ਨੂੰ ਅਦਾਲਤ ਨੇ ਅੱਜ ਚਾਰ ਦਿਨ ਦੇ ਪੁਲੀਸ ਰਿਮਾਂਡ ’ਤੇ ਭੇਜ ਦਿੱਤਾ ਗਿਆ।

ਜਾਣਕਾਰੀ ਅਨੁਸਾਰ ਦੋਵਾਂ ਨੂੰ ਮਾਨਸਾ ਵਿਚ ਡਿਊਟੀ ਮੈਜਿਸਟਰੇਟ ਅੰਕਿਤ ਐਰੀ ਦੀ ਕੋਠੀ ਵਿਚ ਵੀਡੀਓ ਕਾਨਫਰੰਸ ਰਾਹੀਂ ਪੇਸ਼ ਕੀਤਾ ਗਿਆ, ਜਿਨ੍ਹਾਂ ਦਾ ਥਾਣਾ ਸਿਟੀ-2 ਮਾਨਸਾ ਦੀ ਪੁਲੀਸ ਨੇ ਰਿਮਾਂਡ ਹਾਸਲ ਕੀਤਾ ਗਿਆ ਹੈ। ਇਸ ਦੀ ਪੁਸ਼ਟੀ ਇੱਕ ਸੀਨੀਅਰ ਪੁਲੀਸ ਅਧਿਕਾਰੀ ਵੱਲੋਂ ਕੀਤੀ ਗਈ ਹੈ।

ਜਾਣਕਾਰੀ ਅਨੁਸਾਰ ਇੱਥੇ ਦੋ ਦਿਨ ਪਹਿਲਾਂ ਡੀ ਸੀ ਦੀ ਰਿਹਾਇਸ਼ ਸਾਹਮਣੇ ਅਕਾਲੀ ਦਲ ਵਾਰਿਸ ਪੰਜਾਬ ਦੇ ਆਗੂ ਲੱਖਾ ਸਿਧਾਣਾ ਨੂੰ ਪੁਲੀਸ ਨੇ ਜਬਰੀ ਚੁੱਕ ਲਿਆ ਸੀ। ਕੁਝ ਨੌਜਵਾਨਾਂ ਨੇ ਭਾਵੇਂ ਉਸ ਦੀ ਮਦਦ ਕਰਨੀ ਚਾਹੀ, ਪਰ ਸਿਵਲ ਵਰਦੀ ’ਚ ਪੁੱਜੀ ਪੁਲੀਸ ਨੇ ਉਸ ਨੂੰ ਧੂਹ ਕੇ ਗੱਡੀ ਵਿੱਚ ਸੁੱਟ ਲਿਆ ਜਦਕਿ ਹੋਰ ਨੌਜਵਾਨਾਂ ਨੂੰ ਪੁਲੀਸ ਧੱਕੇ ਨਾਲ ਗੱਡੀਆਂ ਵਿੱਚ ਲੈ ਗਈ। ਦੂਜੇ ਪਾਸੇ, ਲੱਖਾ ਸਿਧਾਣਾ ਨੂੰ ਹਿਰਾਸਤ ਵਿੱਚ ਲੈਣ ਤੋਂ ਬਾਅਦ ਪਰਵਿੰਦਰ ਸਿੰਘ ਝੋਟਾ ਦੇ ਪਿਤਾ ਭੀਮ ਸਿੰਘ ਫ਼ੌਜੀ ਨੇ ਪੰਜਾਬ ਦੇ ਲੋਕਾਂ ਨੂੰ ਤੁਰੰਤ ਧਰਨੇ ਵਿੱਚ ਪੁੱਜਣ ਦੀ ਅਪੀਲ ਕੀਤੀ ਸੀ।

ਐਕਸ਼ਨ ਕਮੇਟੀ ਦੇ ਮੀਡੀਆ ਇੰਚਾਰਜ ਹਰਦੀਪ ਸਿੰਘ ਸਿੱਧੂ ਨੇ ਦੱਸਿਆ ਸੀ ਕਿ ਪੁਲੀਸ ਵੱਲੋਂ ਸਟੂਡੈਂਟਸ ਯੂਨੀਅਨ ਦੀ ਜ਼ਿਲ੍ਹਾ ਪ੍ਰਧਾਨ ਅਰਵਿੰਦਰ ਕੌਰ, ਸੁਰਜੀਤ ਸਿੰਘ ਭੰਮੇ ਕਲਾਂ, ਨਸ਼ੇ ਦੀ ਓਵਰਡੋਜ਼ ਕਾਰਨ ਮਾਰੇ ਗਏ ਦਲਜੀਤ ਸਿੰਘ ਦੇ ਭਰਾ ਗੁਰਜੀਤ ਸਿੰਘ, ਮੱਘਰ ਸਿੰਘ ਅਤਲਾ ਕਲਾਂ, ਸਤਿਨਾਮ ਸਿੰਘ ਝੁਨੀਰ, ਗੁਰਤੇਜ ਸਿੰਘ ਝੁਨੀਰ, ਪ੍ਰਭਜੋਤ ਸਿੰਘ ਖਾਰਾ, ਗੁਰਮੀਤ ਸਿੰਘ ਭੰਮੇ ਕਲਾਂ, ਗੁਰਕੀਰਤਨ ਸਿੰਘ ਕੋਟਧਰਮੂ, ਮੱਖਣ ਸਿੰਘ ਭੰਮੇ ਕਲਾਂ, ਗੁਰਵਿੰਦਰ ਸਿੰਘ ਭੰਮੇ ਕਲਾਂ, ਸਤਿਨਾਮ ਸਿੰਘ ਤਿਲੋਕੇਵਾਲਾ ਸਿਰਸਾ, ਅਕਾਲੀ ਦਲ ਵਾਰਿਸ ਪੰਜਾਬ ਦੇ ਅਵਤਾਰ ਸਿੰਘ ਜਵਾਹਰਕੇ, ਜਗਮੀਤ ਸਿੰਘ ਭੰਮੇ ਕਲਾਂ, ਗੁਰਜੀਤ ਸਿੰਘ ਤਿਲੋਕੇਵਾਲਾ ਸਿਰਸਾ, ਮ੍ਰਿਤਕ ਦੇ ਪਿਤਾ ਡਾਕਟਰ ਜਰਨੈਲ ਸਿੰਘ, ਜਥੇਦਾਰ ਤੇਗ ਸਿੰਘ ਭੰਮੇ ਕਲਾਂ, ਮੋਹਨਜੀਤ ਸਿੰਘ ਸ਼ੇਰੋਂ ਸੁਨਾਮ ਅਤੇ ਪਰਮਵੀਰ ਸਿੰਘ ਢਬਾਈ ਕਪੂਰਥਲਾ ਨੂੰ ਹਿਰਾਸਤ ਵਿੱਚ ਲੈ ਲਿਆ ਹੈ।

ਖੇਡ ਮੈਦਾਨ ਨੂੰ ਸਹੂਲਤਾਂ ਦੇ ਨਾਲ ਲੈਸ ਕੀਤਾ ਜਾਵੇਗਾ : ਵਿਧਾਇਕ ਲਖਬੀਰ ਸਿੰਘ ਰਾਏ

ਫਤਿਹਗੜ੍ਹ ਸਾਹਿਬ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਵਿਧਾਇਕ ਲਖਬੀਰ ਸਿੰਘ ਰਾਏ ਮਾਤਾ ਸੁੰਦਰੀ ਸਕੂਲ ਫਤਿਹਗੜ੍ਹ ਸਾਹਿਬ ਦੇ ਖੇਡ ਮੈਦਾਨ ਵਿਖੇ ਪਹੁੰਚੇ, ਉਹਨਾਂ ਜਿੱਥੇ ਸਾਢੇ 8 ਲੱਖ ਰੁਪਏ ਦੀ ਲਾਗਤ ਦੇ ਨਾਲ ਇੱਕ ਹਾਲ ਅਤੇ ਬਾਥਰੂਮ ਬਣਾਉਣ ਦਾ ਕੰਮ ਸ਼ੁਰੂ ਕਰਵਾਇਆ, ਉੱਥੇ ਹੀ ਖੇਡ ਮੈਦਾਨ ਨੂੰ ਸਹੂਲਤਾਂ ਦੇ ਨਾਲ ਲੈਸ ਕਰਨ ਦਾ ਵੀ ਭਰੋਸਾ ਦਿੱਤਾ।

ਉਨਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬਾਬਾ ਫਤਿਹ ਸਿੰਘ ਫੁਟਬਾਲ ਕਲੱਬ ਅਤੇ ਅਕੈਡਮੀ ਫਤਿਹਗੜ੍ਹ ਸਾਹਿਬ ਵੱਲੋਂ ਹਰ ਸਾਲ ਟੂਰਨਾਮੈਂਟ ਕਰਵਾਇਆ ਜਾਂਦਾ ਹੈ। ਜਿੱਥੇ ਦੇਸ਼ ਭਰ ਤੋਂ ਟੀਮਾਂ ਖੇਡਣ ਦੇ ਲਈ ਪਹੁੰਚਦੀਆਂ ਹਨ। ਇਹਨਾਂ ਦਾ ਇਹ ਉਪਰਾਲਾ ਨੌਜਵਾਨ ਪੀੜੀ ਦੇ ਲਈ ਬਹੁਤ ਹੀ ਸਾਰਥਕ ਸਿੱਧ ਹੋ ਰਿਹਾ ਹੈ। ਜਿਹੜਾ ਨੌਜਵਾਨ ਪੀੜੀ ਨੂੰ ਸਮਾਜਿਕ ਕ੍ਰੀਤੀਆਂ ਤੋਂ ਬਚਾਉਣ ਦੇ ਲਈ ਲਾਹੇਮੰਦ ਸਾਬਿਤ ਹੋਇਆ ਹੈ।

ਉਹਨਾਂ ਕਿਹਾ ਕਿ ਪੰਜਾਬ ਸਰਕਾਰ ਖੇਡ ਮੈਦਾਨਾਂ ਨੂੰ ਸਵਾਰਨ ਦੇ ਲਈ ਲਗਾਤਾਰ ਯਤਨਸ਼ੀਲ ਹੈ, ਜਿਸ ਦੇ ਤਹਿਤ ਪਿੰਡਾਂ ਦੇ ਵਿੱਚ ਵੀ ਵੱਡੇ ਵੱਡੇ ਖੇਡ ਮੈਦਾਨ ਉਸਾਰੇ ਗਏ ਹਨ ਤਾਂ ਜੋ ਨੌਜਵਾਨ ਪੀੜੀ ਨੂੰ ਨਸ਼ੇ ਵਰਗੀਆਂ ਬੁਰਾਈਆਂ ਤੋਂ ਬਚਾ ਕੇ ਖੇਡ ਮੈਦਾਨਾਂ ਵੱਲ ਮੋੜਿਆ ਜਾ ਸਕੇ। ਮਾਤਾ ਸੁੰਦਰੀ ਸਕੂਲ ਵਿਖੇ ਵੀ ਬਹੁਤ ਸੋਹਣਾ ਖੇਡ ਗਰਾਊਂਡ ਹੈ, ਪ੍ਰੰਤੂ ਸਹੂਲਤਾਂ ਦੀ ਕਾਫੀ ਘਾਟ ਹੈ।

ਉਹਨਾਂ ਦੀ ਕੋਸ਼ਿਸ਼ ਹੋਵੇਗੀ ਕਿ ਉਕਤ ਗਰਾਊਂਡ ਨੂੰ ਆਧੁਨਿਕ ਸਹੂਲਤਾਂ ਦੇ ਨਾਲ ਲੈਸ ਕੀਤਾ ਜਾ ਸਕੇ। ਇਸ ਕਾਰਜ ਤੋਂ ਪਹਿਲਾਂ ਉਹ ਖੇਡ ਮੈਦਾਨ ਦੀ ਚਾਰ ਦੀਵਾਰੀ ਕਰਵਾ ਚੁੱਕੇ ਹਨ।

ਇਸ ਮੌਕੇ ਜਗਦੀਪ ਸਿੰਘ ਗੁਰਾਇਆ, ਮਨਵੀਰ ਸ਼ਰਮਾ, ਸਤਬੀਰ ਸਿੰਘ ਕੋਚ ਨੇ ਵਿਧਾਇਕ ਲਖਬੀਰ ਸਿੰਘ ਰਾਏ ਦਾ ਕਲੱਬ ਨੂੰ ਸਹਿਯੋਗ ਦੇਣ ਦੇ ਲਈ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਧਾਨ ਕਰਮਜੀਤ ਬੱਬੂ, ਨਿਰਮਲ ਸਿੰਘ ਗੋਲਡੀ ਸਬ ਇੰਸਪੈਕਟਰ, ਸਮਾਜ ਸੇਵਕ ਜਗਦੀਪ ਗੁਰਾਇਆ ਅੱਤੇਵਾਲੀ, ਵਿਕਰਾਂਤ ਧੀਮਾਨ, ਗੁਰਜਿੰਦਰ ਸਿੰਘ, ਮੈਡਮ ਚਰਨਜੀਤ ਕੌਰ, ਪ੍ਰਿੰਸੀਪਲ ਗੁਰਮੀਤ ਕੌਰ, ਹਰਵਿੰਦਰ ਕੌਰ, ਕਰਮਜੀਤ ਚੀਮਾ ਕੋਟਲਾ ਬਜਵਾੜਾ, ਮਨਵੀਰ ਆਸਟ੍ਰੇਲੀਆ, ਮਨਿੰਦਰਜੀਤ ਚੀਮਾ, ਰਾਜੂ ਢੀਂਡਸਾ, ਦੀਪੀ ਸਰਹਿੰਦ, ਸੁਖਬੀਰ ਸ਼ਰਮਾ, ਐਡਵੋਕੇਟ ਗੁਰਮੀਤ ਬਾਜਵਾ, ਪ੍ਰਿਤਪਾਲ ਜੱਸੀ, ਹਰਵਿੰਦਰ ਕਾਕਾ ਬਹਾਦਰਗੜ੍ਹ, ਸਰਪ੍ਰੀਤ ਸਿੰਘ, ਜਤਿੰਦਰ ਸਿੰਘ, ਰਮੇਸ਼ ਕੁਮਾਰ ਸੋਨੂ, ਸਤਵੀਰ ਸਿੰਘ ਕੋਚ, ਮਨਿੰਦਰਜੀਤ ਚੀਮਾ, ਰਾਜੂ ਢੀਂਡਸਾ, ਦੀਪੀ ਸਰਹਿੰਦ, ਸੁਖਬੀਰ ਸ਼ਰਮਾ, ਐਡਵੋਕੇਟ ਗੁਰਮੀਤ ਬਾਜਵਾ, ਪ੍ਰਿਤਪਾਲ ਜੱਸੀ, ਰੋਬਿਨ ਸਿੰਘ, ਜਗਦੀਪ ਟਿਵਾਣਾ, ਰੌਕੀ ਲੰਬੜਦਾਰ ਆਦਮੀ ਹਾਜ਼ਰ ਸਨ।

ਹਰਪਾਲ ਸਿੰਘ ਚੀਮਾ ਵੱਲੋਂ ਵਿਭਾਗਾਂ ਨੂੰ ਯੋਗ ਆਊਟਸੋਰਸ ਮੁਲਾਜ਼ਮਾਂ ਨੂੰ ਠੇਕੇ ’ਤੇ ਲਿਆਉਣ ਦੀ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼

ਚੰਡੀਗੜ੍ਹ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁਲਾਜ਼ਮਾਂ ਦੀ ਭਲਾਈ ਪ੍ਰਤੀ ਭਗਵੰਤ ਮਾਨ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਰਾਜ ਸਰਕਾਰ ਦੇ ਸਮੂਹ ਵਿਭਾਗਾਂ ਨੂੰ ਹਦਾਇਤ ਕੀਤੀ ਕਿ ਉਹ ਤੁਰੰਤ ਸਾਰੀਆਂ ਰਸਮਾਂ ਮੁਕੰਮਲ ਕਰਕੇ ਯੋਗ ਕੇਸ ਪਰਸੋਨਲ ਵਿਭਾਗ ਨੂੰ ਭੇਜਣ ਤਾਂ ਜੋ ਆਊਟਸੋਰਸ ਮੁਲਾਜ਼ਮਾਂ ਨੂੰ ਸਮਾਂਬੱਧ ਤਰੀਕੇ ਨਾਲ ਸਿੱਧੇ ਠੇਕੇ ਦੇ ਅਧਾਰ ’ਤੇ ਲਿਆਂਦਾ ਜਾ ਸਕੇ। ਮੁਲਾਜ਼ਮਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਗਠਿਤ ਕੈਬਨਿਟ ਸਬ-ਕਮੇਟੀ ਦੇ ਮੁਖੀ ਕਮ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਇਨਲਿਸਟਮੈਂਟ ਆਊਟਸੋਰਸਿੰਗ ਕੋਆਰਡੀਨੇਸ਼ਨ ਕਮੇਟੀ ਨਾਲ ਉੱਚ ਪੱਧਰੀ ਵਿਚਾਰ-ਵਟਾਂਦਰੇ ਦੀ ਪ੍ਰਧਾਨਗੀ ਕਰਦਿਆਂ ਕਿਹਾ, ਇਹਨਾਂ ਨਿਰਦੇਸ਼ਾਂ ਦਾ ਉਦੇਸ਼ ’ਪੰਜਾਬ ਸਟੇਟ ਆਊਟਸੋਰਸਡ ਪਰਸੋਨਲ (ਟ੍ਰਾਂਜਿਸ਼ਨ ਟੂ ਕੰਟਰੈਕਚੁਅਲ ਇੰਗੇਜਮੈਂਟ) ਐਕਟ 2026’ ਅਧੀਨ ਨਿਰਵਿਘਨ ਅਮਲ ਨੂੰ ਯਕੀਨੀ ਬਣਾਉਣਾ ਹੈ।

ਉਨ੍ਹਾਂ ਨੇ ਦਸ ਵੱਖ-ਵੱਖ ਮੁਲਾਜ਼ਮ ਯੂਨੀਅਨਾਂ ਅਤੇ ਸਾਂਝੇ ਮੋਰਚਿਆਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਯੋਗ ਕਾਮਿਆਂ ਨੂੰ ਸੂਬਾ ਸਰਕਾਰ ਨਾਲ ਸਿੱਧੇ ਠੇਕੇ ’ਤੇ ਲਿਆਉਣ ਦੀ ਕਾਨੂੰਨੀ ਪ੍ਰਕਿਰਿਆ ਵਿੱਚ ਕੋਈ ਪ੍ਰਬੰਧਕੀ ਅੜਚਣ ਦੇਰੀ ਦਾ ਕਾਰਨ ਨਹੀਂ ਬਣਨੀ ਚਾਹੀਦੀ।

ਟਰਾਂਸਪੋਰਟ ਵਿਭਾਗ ਦੇ ਮੁਲਾਜ਼ਮ ਨੁਮਾਇੰਦਿਆਂ ਨਾਲ ਗੱਲਬਾਤ ਦੌਰਾਨ ਵਿੱਤ ਮੰਤਰੀ ਚੀਮਾ ਨੇ ਉਨ੍ਹਾਂ ਦੀਆਂ ਲੰਬਿਤ ਮੰਗਾਂ ਦੀ ਸਥਿਤੀ ਦਾ ਜਾਇਜ਼ਾ ਲਿਆ ਅਤੇ ਵਿਭਾਗੀ ਅਧਿਕਾਰੀਆਂ ਨੂੰ ਉਨ੍ਹਾਂ ਦੇ ਜਲਦ ਨਿਪਟਾਰੇ ਦੇ ਨਿਰਦੇਸ਼ ਦਿੱਤੇ।

ਇਸ ਤੋਂ ਬਾਅਦ ਸੀ.ਪੀ.ਐਫ. ਕਰਮਚਾਰੀ ਯੂਨੀਅਨ ਨਾਲ ਗੱਲਬਾਤ ਕਰਦਿਆਂ ਵਿੱਤ ਮੰਤਰੀ ਨੇ ਸਪੱਸ਼ਟ ਭਰੋਸਾ ਦਿੰਦਿਆਂ ਕਿਹਾ, ਰਾਜ ਸਰਕਾਰ ਉਨ੍ਹਾਂ ਦੇ ਮਸਲਿਆਂ ਦੇ ਹਾਂ-ਪੱਖੀ ਅਤੇ ਜਲਦ ਹੱਲ ਲਈ ਸਰਗਰਮੀ ਨਾਲ ਕੰਮ ਕਰ ਰਹੀ ਹੈ।

ਨੈਸ਼ਨਲ ਫੈਡਰੇਸ਼ਨ ਆਫ ਦਿ ਬਲਾਇੰਡ ਦੇ ਵਫ਼ਦ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਨੇ ਮੈਂਬਰਾਂ ਨੂੰ ਜਾਣੂ ਕਰਵਾਇਆ, ਨੇਤਰਹੀਣ ਉਮੀਦਵਾਰਾਂ ਲਈ ਰਾਖਵੀਆਂ ਗਰੁੱਪ ਡੀ ਦੀਆਂ 28 ਖਾਲੀ ਅਸਾਮੀਆਂ ਨੂੰ ਭਰਨ ਲਈ ਅਧਿਕਾਰਤ ਭਰਤੀ ਪ੍ਰਕਿਰਿਆ ਪਹਿਲਾਂ ਹੀ ਚੱਲ ਰਹੀ ਹੈ। ਮੈਂ ਭਰੋਸਾ ਦਿਵਾਉਂਦਾ ਹਾਂ ਕਿ ਹੋਰ ਗਰੁੱਪਾਂ ਵਿੱਚ ਮੌਜੂਦਾ ਬੈਕਲਾਗ ਅਸਾਮੀਆਂ ਨੂੰ ਵੀ ਸਬੰਧਤ ਅਹੁਦਿਆਂ ਲਈ ਆਉਣ ਵਾਲੀਆਂ ਭਰਤੀ ਮੁਹਿੰਮਾਂ ਦੌਰਾਨ ਨਾਲੋ-ਨਾਲ ਭਰਿਆ ਜਾਵੇਗਾ।

ਹਰਿਆਣਾ ਦੇ ਰਾਜਪਾਲ ਨੇ ਸਤੀਸ਼ ਕੁਮਾਰ ਨੂੰ ਹਰਿਆਣਾ ਲੋਕ ਸੇਵਾ ਕਮਿਸ਼ਨ ਦੇ ਚੇਅਰਮੈਨ ਵਜੋਂ ਅਹੁਦੇ ਦੀ ਸਹੁੰ ਚੁਕਾਈ

ਚੰਡੀਗੜ੍ਹ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਰਾਜਪਾਲ ਪ੍ਰੋ. ਅਸੀਮ ਕੁਮਾਰ ਘੋਸ਼ ਨੇ ਅੱਜ ਇੱਥੇ ਸ੍ਰੀ ਸਤੀਸ਼ ਕੁਮਾਰ ਨੂੰ ਹਰਿਆਣਾ ਲੋਕ ਸੇਵਾ ਕਮਿਸ਼ਨ ਦੇ ਨਵ-ਨਿਯੁਕਤ ਚੇਅਰਮੈਨ ਵਜੋਂ ਅਹੁਦੇ ਦੀ ਸਹੁੰ ਚੁਕਾਈ।

ਸ੍ਰੀ ਸਤੀਸ਼ ਕੁਮਾਰ ਨੇ ਪੰਜਾਬ ਦੇ ਰਾਜਪਾਲ ਸ੍ਰੀ ਗੁਲਾਬ ਚੰਦ ਕਟਾਰੀਆ, ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ, ਹਰਿਆਣਾ ਵਿਧਾਨ ਸਭਾ ਦੇ ਸਪੀਕਰ ਸ੍ਰੀ ਹਰਵਿੰਦਰ ਕਲਿਆਣ ਅਤੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰੀ ਕੁਲਤਾਰ ਸਿੰਘ ਸੰਧਵਾਂ ਦੀ ਮੌਜੂਦਗੀ ਵਿੱਚ ਅਹੁਦੇ, ਨਿਸ਼ਠਾ ਅਤੇ ਗੁਪਤਤਾ ਦੀ ਸਹੁੰ ਚੁੱਕੀ।

ਸਹੁੰ ਚੁੱਕ ਸਮਾਗਮ ਦਾ ਆਯੋਜਨ ਅੱਜ ਇੱਥੇ ਹਰਿਆਣਾ ਲੋਕ ਭਵਨ ਵਿਖੇ ਕੀਤਾ ਗਿਆ।

ਇਸ ਮੌਕੇ ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ, ਗ੍ਰਹਿ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਸੁਧੀਰ ਰਾਜਪਾਲ, ਉੱਚ ਸਿੱਖਿਆ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਏ.ਕੇ. ਸਿੰਘ, ਡਿਪਾਰਟਮੈਂਟ ਆਫ਼ ਫਿਊਚਰ ਦੀ ਪ੍ਰਧਾਨ ਸਕੱਤਰ ਸ੍ਰੀਮਤੀ ਅਮਨੀਤ ਪੀ. ਕੁਮਾਰ, ਹਰਿਆਣਾ ਲੋਕ ਸੇਵਾ ਕਮਿਸ਼ਨ ਦੇ ਸਕੱਤਰ ਸ੍ਰੀ ਪੰਕਜ, ਰਾਜ ਵਿਜੀਲੈਂਸ ਅਤੇ ਭ੍ਰਿਸ਼ਟਾਚਾਰ ਰੋਕੂ ਬਿਊਰੋ ਦੇ ਡਾਇਰੈਕਟਰ ਜਨਰਲ ਡਾ. ਏ.ਐਸ. ਚਾਵਲਾ, ਹਰਿਆਣਾ ਕਰਮਚਾਰੀ ਚੋਣ ਕਮਿਸ਼ਨ ਦੇ ਚੇਅਰਮੈਨ ਸ੍ਰੀ ਹਿੰਮਤ ਸਿੰਘ, ਹਰਿਆਣਾ ਲੋਕ ਸੇਵਾ ਕਮਿਸ਼ਨ ਦੇ ਮੈਂਬਰ, ਹੋਰ ਪਤਵੰਤੇ ਅਤੇ ਹਰਿਆਣਾ ਲੋਕ ਸੇਵਾ ਕਮਿਸ਼ਨ ਦੇ ਨਵ-ਨਿਯੁਕਤ ਚੇਅਰਮੈਨ ਸ੍ਰੀ ਸਤੀਸ਼ ਕੁਮਾਰ ਦੇ ਪਰਿਵਾਰਕ ਮੈਂਬਰ ਵੀ ਮੌਜੂਦ ਰਹੇ।

ਭੰਮੇ ਕਲਾਂ ’ਚ ਲਾਸ਼ ਖੋਹਣ ਨੂੰ ਲੈ ਕੇ ਹੋਏ ਟਕਰਾਅ ਮਾਮਲੇ ’ਚ ਪੁਲਿਸ ਵੱਲੋਂ 40 ਅਣਪਛਾਤਿਆਂ ਖ਼ਿਲਾਫ਼ ਪਰਚਾ ਦਰਜ

ਮਾਨਸਾ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਮਾਨਸਾ ਜ਼ਿਲ੍ਹੇ ਦੇ ਪਿੰਡ ਭੰਮੇ ਕਲਾਂ ਵਿੱਚ ਦਿਲਜੀਤ ਸਿੰਘ ਦੀ ਮੌਤ ਨੂੰ ਲੈ ਕੇ ਚੱਲ ਰਹੇ ਵਿਵਾਦ ਦੌਰਾਨ ਪੁਲੀਸ ਅਤੇ ਪ੍ਰਦਰਸ਼ਨਕਾਰੀਆਂ ਵਿਚਾਲੇ ਹੋਏ ਟਕਰਾਅ ਦੇ ਮਾਮਲੇ ਵਿੱਚ ਪੁਲੀਸਨੇ ਕਾਰਵਾਈ ਕਰਦਿਆਂ 40 ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ।

ਜ਼ਿਕਰਯੋਗ ਹੈ ਕਿ ਦਿਲਜੀਤ ਸਿੰਘ ਦੀ ਮੌਤ ਨੂੰ ਉਸ ਦੇ ਪਰਿਵਾਰ ਵੱਲੋਂ ਨਸ਼ੇ ਦੀ ਓਵਰਡੋਜ਼ ਨਾਲ ਹੋਈ ਮੌਤ ਦੱਸਿਆ ਜਾ ਰਿਹਾ ਸੀ।

ਇਸ ਮਾਮਲੇ ਨੂੰ ਲੈ ਕੇ ਪਿਛਲੇ ਦਿਨੀਂ ਉਸ ਸਮੇਂ ਤਣਾਅਪੂਰਨ ਸਥਿਤੀ ਬਣ ਗਈ ਸੀ, ਜਦੋਂ ਮ੍ਰਿਤਕ ਦੀ ਲਾਸ਼ ਨੂੰ ਧਰਨੇ ਵਾਲੀ ਥਾਂ ’ਤੇ ਲਿਜਾਣ ਨੂੰ ਲੈ ਕੇ ਪੁਲੀਸਅਤੇ ਪ੍ਰਦਰਸ਼ਨਕਾਰੀਆਂ ਵਿਚਾਲੇ ਟਕਰਾਅ ਹੋ ਗਿਆ। ਇਸ ਘਟਨਾ ਦੌਰਾਨ ਕਈ ਪੁਲੀਸਮੁਲਾਜ਼ਮਾਂ ਦੇ ਜ਼ਖ਼ਮੀ ਹੋਣ ਦੀ ਖ਼ਬਰ ਸਾਹਮਣੇ ਆਈ ਸੀ।

ਹੁਣ ਪੁਲੀਸ ਵੱਲੋਂ ਇਸ ਮਾਮਲੇ ਵਿੱਚ 40 ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਮੁਲਜ਼ਮਾਂ ਖ਼ਿਲਾਫ਼ ਗੰਭੀਰ ਧਾਰਾਵਾਂ ਲਗਾਈਆਂ ਗਈਆਂ ਹਨ।

ਪੁਲੀਸ ਵੱਲੋਂ ਘਟਨਾ ਵਿੱਚ ਸ਼ਾਮਲ ਵਿਅਕਤੀਆਂ ਦੀ ਪਛਾਣ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਸੂਤਰਾਂ ਦੇ ਹਵਾਲੇ ਨਾਲ ਇਹ ਵੀ ਚਰਚਾ ਹੈ ਕਿ ਅੱਜ ਕੁਝ ਵਿਅਕਤੀਆਂ ਦੇ ਨਾਂ ਸਾਹਮਣੇ ਆਉਣ ਅਤੇ ਉਨ੍ਹਾਂ ਦੀਆਂ ਗ੍ਰਿਫ਼ਤਾਰੀਆਂ ਪਾਏ ਜਾਣ ਦੀ ਸੰਭਾਵਨਾ ਹੈ।

ਹਾਲਾਂਕਿ, ਇਸ ਸਬੰਧੀ ਪੁਲੀਸਵੱਲੋਂ ਅਜੇ ਤੱਕ ਕੋਈ ਅਧਿਕਾਰਤ ਪੁਸ਼ਟੀ ਨਹੀਂ ਕੀਤੀ ਗਈ।

ਪੁਲਿਸ ਹਿਰਾਸਤ ’ਚੋਂ ਰਿਹਾਅ ਹੋ ਕੇ ਧਰਨੇ ’ਚ ਪੁੱਜੀ ਅਰਵਿੰਦਰ ਕੌਰ ਦਾ ਸਨਮਾਨ

ਮਾਨਸਾ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਰਮਿੰਦਰ ਸਿੰਘ ਝੋਟਾ ਮਾਮਲੇ ਨੂੰ ਲੈ ਕੇ ਮਾਨਸਾ ਵਿਖੇ ਚੱਲ ਰਹੇ ਧਰਨੇ ਦੌਰਾਨ ਅੱਜ ਉਸ ਸਮੇਂ ਖ਼ਾਸ ਮਾਹੌਲ ਦੇਖਣ ਨੂੰ ਮਿਲਿਆ, ਜਦੋਂ ਪੁਲੀਸ ਹਿਰਾਸਤ ਵਿੱਚੋਂ ਰਿਹਾਅ ਹੋਣ ਤੋਂ ਬਾਅਦ ਅਰਵਿੰਦਰ ਕੌਰ ਮੁੜ ਧਰਨਾ ਸਥਾਨ ’ਤੇ ਪਹੁੰਚੀ। ਇਸ ਮੌਕੇ ਝੋਟਾ ਪਰਿਵਾਰ ਅਤੇ ਐਂਟੀ ਡਰੱਗ ਐਕਸ਼ਨ ਫੋਰਸ ਵੱਲੋਂ ਅਰਵਿੰਦਰ ਕੌਰ ਦਾ ਸਨਮਾਨ ਕੀਤਾ ਗਿਆ। ਉਨ੍ਹਾਂ ਨੂੰ ਸਿਰੋਪਾਓ ਪਾ ਕੇ ਅਤੇ ਨਕਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਅਰਵਿੰਦਰ ਕੌਰ ਪੀ.ਐੱਸ.ਯੂ. ਦੀ ਆਗੂ ਹੈ ਅਤੇ 13 ਤਾਰੀਖ਼ ਤੋਂ ਲਗਾਤਾਰ ਧਰਨੇ ’ਤੇ ਡਟੀ ਹੋਈ ਹੈ। ਬੀਤੇ ਦਿਨ ਦਲਜੀਤ ਸਿੰਘ ਮਾਮਲੇ ਨੂੰ ਲੈ ਕੇ ਪੁਲੀਸ ਵੱਲੋਂ ਉਸ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ। ਰਿਹਾਅ ਹੋਣ ਤੋਂ ਬਾਅਦ ਜਦੋਂ ਉਹ ਮੁੜ ਧਰਨਾ ਸਥਾਨ ’ਤੇ ਪਹੁੰਚੀ ਤਾਂ ਝੋਟਾ ਪਰਿਵਾਰ ਅਤੇ ਐਂਟੀ ਡਰੱਗ ਐਕਸ਼ਨ ਫੋਰਸ ਵੱਲੋਂ ਉਸ ਦਾ ਸਨਮਾਨ ਕੀਤਾ ਗਿਆ। ਇਸ ਦੌਰਾਨ ਪਰਵਿੰਦਰ ਸਿੰਘ ਝੋਟਾ ਦੇ ਪਿਤਾ ਬਾਪੂ ਭੀਮ ਸਿੰਘ ਨੇ ਸਪੱਸ਼ਟ ਕੀਤਾ ਕਿ ਜਦੋਂ ਤੱਕ ਪੁਲੀਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਉਨ੍ਹਾਂ ਦੇ ਸਾਰੇ ਸਾਥੀਆਂ ਨੂੰ ਰਿਹਾਅ ਨਹੀਂ ਕੀਤਾ ਜਾਂਦਾ, ਉਦੋਂ ਤੱਕ ਪਰਿਵਾਰ ਅਤੇ ਸੰਘਰਸ਼ ਕਰ ਰਹੇ ਲੋਕ ਪ੍ਰਸ਼ਾਸਨ ਜਾਂ ਸਰਕਾਰ ਨਾਲ ਕੋਈ ਮੀਟਿੰਗ ਨਹੀਂ ਕਰਨਗੇ।

ਪੰਜਾਬ ’ਚ ਨਿੱਤ ਹੋ ਰਹੇ ਕਤਲ, ਸਰਕਾਰ ਬੇਫ਼ਿਕਰ ਚਰਨਜੀਤ ਚੰਨੀ ਨੇ ਘੇਰੀ ਸਰਕਾਰ

ਧਰਮਕੋਟ, 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਸੂਬਾ ਚੋਣ ਕਮੇਟੀ ਦੇ ਚੇਅਰਮੈਨ ਚਰਨਜੀਤ ਸਿੰਘ ਚੰਨੀ ਲੰਘੀ ਦੇਰ ਸ਼ਾਮ ਹਲਕੇ ਦੇ ਸਾਬਕਾ ਵਿਧਾਇਕ ਸੁਖਜੀਤ ਸਿੰਘ ਕਾਕਾ ਲੋਹਗੜ੍ਹ ਦੇ ਨਿਵਾਸ ਸਥਾਨ ਪੁੱਜੇ, ਜਿੱਥੇ ਲੋਹਗੜ੍ਹ ਸਮਰਥਕਾਂ ਵੱਲੋਂ ਉਨ੍ਹਾਂ ਦਾ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਦੋਹਾਂ ਕਾਂਗਰਸੀ ਆਗੂਆਂ ਵਿਚਾਲੇ ਜ਼ਿਲ੍ਹੇ ਅੰਦਰ ਬਦਲ ਰਹੇ ਸਿਆਸੀ ਸਮੀਕਰਨਾਂ ਸਬੰਧੀ ਗੰਭੀਰਤਾ ਨਾਲ ਵਿਚਾਰ-ਚਰਚਾ ਹੋਈ।

ਇਸੇ ਦੌਰਾਨ ਚੰਨੀ ਵੱਲੋਂ ਨਗਰ ਕੌਂਸਲ ਧਰਮਕੋਟ ਦੇ ਸੱਤ ਵਾਰਡਾਂ ਵਿੱਚ ਫਿਰ ਤੋਂ ਹੋ ਰਹੀਆਂ ਚੋਣਾਂ ਦੀ ਤਿਆਰੀ ਬਾਰੇ ਜਾਣਕਾਰੀ ਪ੍ਰਾਪਤ ਕੀਤੀ ਗਈ ਅਤੇ ਪੂਰੇ ਜੋਸ਼ ਤੇ ਉਤਸ਼ਾਹ ਨਾਲ ਉਕਤ ਚੋਣ ਲੜਨ ਅਤੇ ਪਾਰਟੀ ਉਮੀਦਵਾਰਾਂ ਨੂੰ ਜੇਤੂ ਬਣਾਉਣ ਦੀ ਦਿਸ਼ਾ ਵੱਲ ਕੰਮ ਕਰਨ ਦੀ ਨਸੀਹਤ ਦਿੱਤੀ ਗਈ।

ਇਸ ਮੌਕੇ ਚਰਨਜੀਤ ਸਿੰਘ ਚੰਨੀ ਨੇ ਪੰਜਾਬ ਦੇ ਮੌਜੂਦਾ ਹਾਲਾਤ ਬਾਰੇ ਵਿਚਾਰ-ਚਰਚਾ ਕਰਦਿਆਂ ਕਿਹਾ ਕਿ ਸੂਬੇ ਦੇ ਹਾਲਾਤ ਬਦ ਤੋਂ ਬਦਤਰ ਬਣ ਚੁੱਕੇ ਹਨ। ਉਨ੍ਹਾਂ ਕਿਹਾ ਕਿ ਅੱਜ ਸੂਬੇ ਦੇ ਲੋਕ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ। ਪੰਜਾਬ ਵਿੱਚ ਨਿੱਤ ਦਿਨ ਕਤਲੋਗਾਰਤ ਅਤੇ ਮਾਰਧਾੜ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਨਸ਼ੇ ਸੂਬੇ ਅੰਦਰ ਅਮਰਵੇਲ ਦੀ ਤਰ੍ਹਾਂ ਵਧ-ਫੁੱਲ ਰਹੇ ਹਨ, ਪਰ ਸੱਤਾ ਸੰਭਾਲ ਰਹੀ ਪਾਰਟੀ ਨੂੰ ਇਸ ਦੀ ਭੋਰਾ ਫ਼ਿਕਰ ਦਿਖਾਈ ਨਹੀਂ ਦੇ ਰਹੀ।

ਅਕਾਲੀ ਸਰਕਾਰ ਆਉਣ ’ਤੇ ਪੰਜਾਬ ’ਚੋਂ ਨਸ਼ਾ ਤਸਕਰਾਂ ਤੇ ਗੈਂਗਸਟਰਾਂ ਦਾ ਕੀਤਾ ਜਾਵੇਗਾ ਸਫ਼ਾਇਆ: ਸੁਖਬੀਰ ਬਾਦਲ

ਤਪਾ ਮੰਡੀ (ਬਰਨਾਲਾ), 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਵੱਲੋਂ ਹਲਕਾ ਇੰਚਾਰਜ ਕੁਲਵੰਤ ਸਿੰਘ ਕੀਤੂ ਦੀ ਅਗਵਾਈ ਹੇਠ ਸਥਾਨਕ ਨਿੱਜੀ ਪੈਲੇਸ ਵਿੱਚ ਵਪਾਰੀਆਂ ਨਾਲ ਮਿਲਣੀ ਕੀਤੀ ਗਈ।

ਇਸ ਮੌਕੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਸ਼ੇਸ਼ ਤੌਰ ’ਤੇ ਪਹੁੰਚੇ। ਉਨ੍ਹਾਂ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ’ਤੇ ਸਵਾਲ ਚੁੱਕਦਿਆਂ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਬਣਨ ’ਤੇ ਸੂਬੇ ਵਿੱਚੋਂ ਨਸ਼ਾ ਤਸਕਰਾਂ ਅਤੇ ਗੈਂਗਸਟਰਾਂ ਦਾ ਸਫ਼ਾਇਆ ਕਰਨ ਲਈ ਸਖ਼ਤ ਕਦਮ ਚੁੱਕੇ ਜਾਣਗੇ।

ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਵਿੱਚ ਨਸ਼ਾ ਤਸਕਰਾਂ ਦੀ ਖ਼ੈਰ ਨਹੀਂ ਹੋਵੇਗੀ। ਨਸ਼ਾ ਤਸਕਰੀ ਰਾਹੀਂ ਬਣਾਈਆਂ ਗਈਆਂ ਜਾਇਦਾਦਾਂ ਕੁਰਕ ਕਰਨ ਲਈ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸੂਬੇ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣਾ ਬਹੁਤ ਜ਼ਰੂਰੀ ਹੈ ਅਤੇ ਇਸ ਲਈ ਸਰਕਾਰ ਨੂੰ ਗੰਭੀਰਤਾ ਨਾਲ ਕੰਮ ਕਰਨਾ ਚਾਹੀਦਾ ਹੈ।

ਗੈਂਗਸਟਰਵਾਦ ਦੇ ਮੁੱਦੇ ’ਤੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਸਰਕਾਰ ਬਣਨ ’ਤੇ ਪੰਜਾਬ ਵਿੱਚੋਂ ਗੈਂਗਸਟਰਵਾਦ ਦਾ ਖ਼ਾਤਮਾ ਕੀਤਾ ਜਾਵੇਗਾ। ਉਨ੍ਹਾਂ ਗੈਂਗਸਟਰਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦਾ ਦਾਅਵਾ ਕਰਦਿਆਂ ਕਿਹਾ ਕਿ ਸੂਬੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਮੁੜ ਬਹਾਲ ਕਰਨਾ ਉਨ੍ਹਾਂ ਦੀ ਤਰਜੀਹ ਹੋਵੇਗੀ। ਉਨ੍ਹਾਂ ਪਰਮਿੰਦਰ ਸਿੰਘ ਝੋਟਾ ਦੇ ਮਾਮਲੇ ਦਾ ਜ਼ਿਕਰ ਕਰਦਿਆਂ ਪੰਜਾਬ ਸਰਕਾਰ ਨੂੰ ਘੇਰਿਆ ਅਤੇ ਦੋਸ਼ ਲਾਇਆ ਕਿ ਸਰਕਾਰ ਹਰ ਫਰੰਟ ’ਤੇ ਫੇਲ੍ਹ ਸਾਬਤ ਹੋ ਰਹੀ ਹੈ।

ਵਪਾਰੀਆਂ ਦੀਆਂ ਸਮੱਸਿਆਵਾਂ ਦਾ ਹੱਲ ਪਹਿਲਵਪਾਰੀਆਂ ਨਾਲ ਤਾਲਮੇਲ ਦੀ ਮਹੱਤਤਾ ਬਾਰੇ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਵਪਾਰੀਆਂ ਦੀ ਤਰੱਕੀ ਨਾਲ ਹੀ ਰੁਜ਼ਗਾਰ ਦੇ ਮੌਕੇ ਵਧਣਗੇ ਅਤੇ ਸੂਬੇ ਦੀ ਆਰਥਿਕਤਾ ਮਜ਼ਬੂਤ ਹੋਵੇਗੀ। ਉਨ੍ਹਾਂ ਕਿਹਾ ਕਿ ਵਪਾਰੀਆਂ ਦੀਆਂ ਸਮੱਸਿਆਵਾਂ ਦਾ ਹੱਲ ਕਰਨਾ ਉਨ੍ਹਾਂ ਦੀ ਪਹਿਲੀ ਤਰਜੀਹ ਹੋਵੇਗੀ।

ਇਸ ਮੌਕੇ ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਸੰਸਦੀ ਸਕੱਤਰ ਬਲਵੀਰ ਸਿੰਘ ਘੁੰਨਸ, ਜ਼ਿਲ੍ਹਾ ਪ੍ਰਧਾਨ ਯਾਦਵਿੰਦਰ ਸਿੰਘ ਬਿੱਟੂ ਦੀਵਾਨਾ ਸਮੇਤ ਪਾਰਟੀ ਦੇ ਆਗੂ, ਵਰਕਰ ਅਤੇ ਵੱਡੀ ਗਿਣਤੀ ਵਿੱਚ ਵਪਾਰੀ ਹਾਜ਼ਰ ਸਨ।

ਸਰਕਾਰ ਨੇ ਖ਼ੁਦ ਮੰਨਿਆ ਪੰਜਾਬ ’ਚ ਵਿਗੜ ਚੁੱਕੀ ਹੈ ਕਾਨੂੰਨ ਵਿਵਸਥਾ : ਸੁਨੀਲ ਜਾਖੜ

ਰਾਜਪਾਲ ਨੂੰ ਪੱਤਰ ਲਿਖ ਕੇ ਪੰਜਾਬ ’ਚ ਤੁਰੰਤ ‘ਚੋਣ ਜ਼ਾਬਤਾ’ ਲਾਗੂ ਕਰਨ ਦੀ ਕੀਤੀ ਮੰਗ

ਚੰਡੀਗੜ੍ਹ 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਰਾਜਪਾਲ ਨੂੰ ਚੋਣ ਕਮਿਸ਼ਨ ਕੋਲ ਸਿਫ਼ਾਰਸ਼ ਕਰਨ ਲਈ ਕਿਹਾ ਹੈ ਕਿ ਸੂਬੇ ਵਿੱਚ ਜਲਦ ਤੋਂ ਜਲਦ ਮਾਡਲ ਚੋਣ ਜ਼ਾਬਤਾ ਲਾਗੂ ਕੀਤਾ ਜਾਵੇ, ਕਿਉਂਕਿ ਭਗਵੰਤ ਮਾਨ ਸਰਕਾਰ ਨੇ ਖ਼ੁਦ ਮੰਨਿਆ ਹੈ ਕਿ ਕਾਨੂੰਨ ਤੇ ਵਿਵਸਥਾ ਦੀ ਸਥਿਤੀ ਵਿਗੜ ਚੁੱਕੀ ਹੈ। ਲੋਕ ਭਵਨ ਵਿਖੇ ਰਾਜਪਾਲ ਨੂੰ ਲਿਖੇ ਪੱਤਰ ਵਿੱਚ ਜਾਖੜ ਨੇ ਅਬੋਹਰ ਵਿੱਚ ਸਾਲਾਨਾ ਐਂਟੀ-ਡਰੱਗ (ਨਸ਼ਾ ਵਿਰੋਧੀ) ਮੈਰਾਥਨ ਦੀ ਇਜਾਜ਼ਤ ਦੇਣ ਤੋਂ ਪ੍ਰਸ਼ਾਸਨ ਵੱਲੋਂ ਕੀਤੇ ਇਨਕਾਰ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਲਿਖਤੀ ਇਨਕਾਰ ਵਿੱਚ ਅਨੁਕੂਲ ਮਾਹੌਲ ਨਾ ਹੋਣ ਅਤੇ ਕਾਨੂੰਨ ਤੇ ਵਿਵਸਥਾ ਦੀ ਮਾੜੀ ਸਥਿਤੀ ਦਾ ਹਵਾਲਾ ਦਿੱਤਾ ਗਿਆ ਹੈ।

ਇਹ ਮੈਰਾਥਨ ਅਬੋਹਰ ਵਿੱਚ ਕਈ ਸਾਲਾਂ ਤੋਂ ਜਾਰੀ ਹੈ ਅਤੇ ਇਸ ਵਿੱਚ ਹਜ਼ਾਰਾਂ ਨੌਜਵਾਨ ਹਿੱਸਾ ਲੈਂਦੇ ਹਨ। ਜਾਖੜ ਨੇ ਆਪਣੀ ਬੇਨਤੀ ਨਾਲ ਪ੍ਰਸ਼ਾਸਨ ਦੇ ਪੱਤਰ ਦੀ ਕਾਪੀ ਵੀ ਨੱਥੀ ਕੀਤੀ ਹੈ।

ਜਾਖੜ ਨੇ ਲਿਖਿਆ, ਹਾਲਾਂਕਿ ਮੈਂ ਇਸ ਸਰਕਾਰ ਅਤੇ ਇਸ ਦੀਆਂ ਨੀਤੀਆਂ ਦਾ ਵਿਰੋਧ ਕਰਦਾ ਹਾਂ, ਪਰ ਮੈਂ ਪਹਿਲੀ ਵਾਰ ਸਰਕਾਰ ਵੱਲੋਂ ਕਬੂਲ ਕੀਤੀ ਗਈ ਇਸ ਕੌੜੀ ਸੱਚਾਈ ਨਾਲ ਸਹਿਮਤ ਹਾਂ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਕੋਈ ਵੀ ਸੁਰੱਖਿਅਤ ਨਹੀਂ ਹੈ ਅਤੇ ਨਸ਼ਿਆਂ ਖ਼ਿਲਾਫ਼ ਉੱਠਣ ਵਾਲੀਆਂ ਆਵਾਜ਼ਾਂ ਨੂੰ ਗੋਲੀਆਂ ਨਾਲ ਦਬਾਇਆ ਜਾ ਰਿਹਾ ਹੈ।

ਉਨ੍ਹਾਂ ਅੰਮ੍ਰਿਤਸਰ, ਤਰਨ ਤਾਰਨ, ਖੇਮਕਰਨ, ਗੁਰਦਾਸਪੁਰ, ਹਰਗੋਬਿੰਦਪੁਰ, ਮਾਨਸਾ, ਅਬੋਹਰ, ਸੰਗਰੂਰ ਅਤੇ ਲੁਧਿਆਣਾ ਵਰਗੀਆਂ ਥਾਵਾਂ ਦੀ ਸੂਚੀ ਦਿੱਤੀ, ਜਿੱਥੇ ਉਨ੍ਹਾਂ ਦਾਅਵਾ ਕੀਤਾ ਕਿ ਲੋਕਾਂ ਨੂੰ ਸ਼ਰੇਆਮ ਮਾਰਿਆ ਜਾ ਰਿਹਾ ਹੈ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਪੁਲੀਸ ਨਸ਼ਿਆਂ ਕਾਰਨ ਮਰੇ ਬੱਚਿਆਂ ਦੀਆਂ ਦੇਹਾਂ ਨੂੰ ਉਨ੍ਹਾਂ ਦੇ ਪਰਿਵਾਰਾਂ ਤੋਂ ਜ਼ਬਰਦਸਤੀ ਛੁਡਵਾ ਕੇ ਲੈ ਜਾ ਰਹੀ ਹੈ ਅਤੇ ਨਸ਼ਿਆਂ ਖ਼ਿਲਾਫ਼ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਪੁਲੀਸ ਜਬਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਾਂ ਉਨ੍ਹਾਂ ਨੂੰ ਖ਼ੁਦਕੁਸ਼ੀ ਲਈ ਮਜਬੂਰ ਕੀਤਾ ਜਾ ਰਿਹਾ ਹੈ।

ਜਾਖੜ ਨੇ ਇਸ ਸਥਿਤੀ ਲਈ ਆਮ ਆਦਮੀ ਪਾਰਟੀ ਸਰਕਾਰ ਦੀ ਕਥਿਤ ਸੋਚੀ-ਸਮਝੀ ਨੀਤੀ ਨੂੰ ਜ਼ਿੰਮੇਵਾਰ ਠਹਿਰਾਇਆ।

ਉਨ੍ਹਾਂ ‘ਆਪ’ ਦੇ ਸੀਨੀਅਰ ਆਗੂ ਮਨੀਸ਼ ਸਿਸੋਦੀਆ ਦੇ ਉਸ ਬਿਆਨ ਦਾ ਹਵਾਲਾ ਦਿੱਤਾ ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਪਾਰਟੀ ਚੋਣਾਂ ਜਿੱਤਣ ਲਈ ਹਰ ਹੱਥਕੰਡਾ ਅਪਣਾਏਗੀ। ਜਾਖੜ ਨੇ ਦਾਅਵਾ ਕੀਤਾ ਕਿ ਸਰਕਾਰ ਨੇ ਆਗਿਆਕਾਰੀ ਅਧਿਕਾਰੀਆਂ ਨੂੰ ਤਾਇਨਾਤ ਕੀਤਾ ਹੈ ਜਦਕਿ ਗੈਂਗਸਟਰਾਂ ਨੂੰ ਪਾਰਟੀ ਵਿੱਚ ਸ਼ਾਮਲ ਕੀਤਾ ਜਾ ਰਿਹਾ ਹੈ ਜਾਂ ਉਨ੍ਹਾਂ ਨੂੰ ਪਨਾਹ ਦਿੱਤੀ ਜਾ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਮੁੱਖ ਮੰਤਰੀ ਦਫ਼ਤਰ ਭ੍ਰਿਸ਼ਟਾਚਾਰ ਦਾ ਅੱਡਾ ਬਣ ਚੁੱਕਾ ਹੈ।

ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਜੇਲ੍ਹਾਂ ਤੋਂ ਨਸ਼ਿਆਂ ਅਤੇ ਹਥਿਆਰਾਂ ਦੀ ਤਸਕਰੀ ਚਲਾਈ ਜਾ ਰਹੀ ਹੈ ਅਤੇ ਤਸਕਰਾਂ ਤੇ ਕਾਤਲਾਂ ਨੂੰ ਪੈਰੋਲ ’ਤੇ ਰਿਹਾਅ ਕਰਕੇ ਵਿਦੇਸ਼ ਭੱਜਣ ’ਚ ਮਦਦ ਕੀਤੀ ਜਾ ਰਹੀ ਹੈ। ਉਨ੍ਹਾਂ ਅੱਗੇ ਦਾਅਵਾ ਕੀਤਾ ਕਿ ਔਰਤਾਂ ਵਿਰੁੱਧ ਜਿਨਸੀ ਸ਼ੋਸ਼ਣ ਦੇ ਮਾਮਲਿਆਂ ਨੂੰ ਦਬਾਉਣ ਲਈ ਕਰੋੜਾਂ ਰੁਪਏ ਦੇ ਲੈਣ-ਦੇਣ ਕੀਤੇ ਜਾ ਰਹੇ ਹਨ, ਅਤੇ ਦੋਸ਼ੀਆਂ ਨੂੰ ਦੇਸ਼ ਛੱਡਣ ਵਿੱਚ ਮਦਦ ਕੀਤੀ ਜਾ ਰਹੀ ਹੈ।

ਜਾਖੜ ਨੇ ਦੋਸ਼ ਲਾਇਆ ਕਿ 5 ਕਰੋੜ ਰੁਪਏ ਦੇ ਅਜਿਹੇ ਹੀ ਇੱਕ ਮਾਮਲੇ ਵਿੱਚ ਮੁੱਖ ਮੰਤਰੀ ਦੇ ਪਰਿਵਾਰ ਦਾ ਨਾਂ ਸਾਹਮਣੇ ਆਇਆ ਸੀ ਅਤੇ ਹਾਈ ਕੋਰਟ ਦੇ ਹੁਕਮਾਂ ਦੇ ਬਾਵਜੂਦ ਸਰਕਾਰ ਨੇ ਇਸ ਦੀ ਜਾਂਚ ਨਹੀਂ ਕਰਵਾਈ।

ਉਨ੍ਹਾਂ ਕਿਹਾ ਕਿ ਅਜਿਹੇ ਮਾਹੌਲ ਵਿੱਚ ਸਰਹੱਦੀ ਸੂਬੇ ’ਚ ਸੁਤੰਤਰ, ਨਿਰਪੱਖ ਅਤੇ ਅਮਨ-ਅਮਾਨ ਨਾਲ ਚੋਣਾਂ ਕਰਵਾਉਣਾ ਅਸੰਭਵ ਹੋ ਜਾਵੇਗਾ। ਉਨ੍ਹਾਂ ਦਾਅਵਾ ਕੀਤਾ ਕਿ ਵਿਧਾਨ ਸਭਾ ਚੋਣਾਂ ਆਉਣ ਤੱਕ ਸਰਕਾਰ ਅਜਿਹਾ ਖੌਫ਼ ਪੈਦਾ ਕਰ ਦੇਵੇਗੀ ਕਿ ਨਾਗਰਿਕ ਬਿਨਾਂ ਡਰ ਤੋਂ ਵੋਟ ਨਹੀਂ ਪਾ ਸਕਣਗੇ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਨੂੰ ਹੋਰ ਸਮਾਂ ਦੇਣਾ ਲੋਕਾਂ ਦੇ ਮੌਲਿਕ ਅਤੇ ਮਾਨਵ ਅਧਿਕਾਰਾਂ ਦੀ ਹੋਰ ਉਲੰਘਣਾ ਕਰਨ ਦੀ ਇਜਾਜ਼ਤ ਦੇਣ ਦੇ ਬਰਾਬਰ ਹੋਵੇਗਾ।

ਚੰਡੀਗੜ੍ਹ ਲੇਬਰ ਵੈਲਫੇਅਰ ਬੋਰਡ ਨੇ ਮਹਿਲਾ ਕਰਮਚਾਰੀਆਂ ਲਈ ਕਲਿਆਣਕਾਰੀ ਲਾਭ ਵਧਾਉਣ, ਪੈਨਸ਼ਨ ਦੁੱਗਣੀ ਕਰਨ ਅਤੇ ਵਿੱਦਿਅਕ ਸਹਾਇਤਾ ਯੋਜਨਾਵਾਂ ਦੇ ਵਿਸਤਾਰ ਨੂੰ ਦਿੱਤੀ ਮਨਜ਼ੂਰੀ

ਚੰਡੀਗੜ੍ਹ 30 ਅਕਤੂਬਰ
-ਕੌਮੀ ਪੱਤ੍ਰਿਕਾ ਬਿਊਰੋ-

ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸਮਾਜਿਕ ਸੁਰੱਖਿਆ ਨੂੰ ਮਜ਼ਬੂਤ ਕਰਨ ਅਤੇ ਉਨ੍ਹਾਂ ਦੇ ਕਲਿਆਣ ਨੂੰ ਹੁਲਾਰਾ ਦੇਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਉਠਾਉਂਦੇ ਹੋਏ ਚੰਡੀਗੜ੍ਹ ਲੇਬਰ ਵੈਲਫੇਅਰ ਬੋਰਡ (ਸੀਐੱਲਡਬਲਿਊਬੀ), ਯੂ.ਟੀ. ਚੰਡੀਗੜ੍ਹ ਨੇ ਆਪਣੀ 9ਵੀਂ ਮੀਟਿੰਗ ਵਿੱਚ ਵਿਭਿੰਨ ਕਲਿਆਣਕਾਰੀ ਯੋਜਨਾਵਾਂ ਵਿੱਚ ਮਹੱਤਵਪੂਰਨ ਸੰਸ਼ੋਧਨਾਂ ਅਤੇ ਨਵੀਆਂ ਪਹਿਲਾਂ ਨੂੰ ਮਨਜ਼ੂਰੀ ਦਿੱਤੀ।

ਮੀਟਿੰਗ ਦੇ ਦੌਰਾਨ ਬੋਰਡ ਨੇ ਮਹਿਲਾ ਕਰਮਚਾਰੀਆਂ ਨੂੰ ਆਰਥਿਕ ਤੌਰ ’ਤੇ ਸਸ਼ਕਤ ਬਣਾਉਣ, ਪਾਤਰ ਲਾਭਾਰਥੀਆਂ ਦੀ ਸਮਾਜਿਕ ਸੁਰੱਖਿਆ ਵਧਾਉਣ ਅਤੇ ਸਿੱਖਿਆ ਤੇ ਡਿਜੀਟਲ ਸੁਵਿਧਾਵਾਂ ਤੱਕ ਉਨ੍ਹਾਂ ਦੀ ਪਹੁੰਚ ਸੁਨਿਸ਼ਚਿਤ ਕਰਨ ਦੇ ਉਦੇਸ਼ ਨਾਲ ਕਈ ਮਹੱਤਵਪੂਰਨ ਕਲਿਆਣਕਾਰੀ ਪ੍ਰਸਤਾਵਾਂ ਨੂੰ ਸਵੀਕ੍ਰਿਤੀ ਪ੍ਰਦਾਨ ਕੀਤੀ।

ਕੰਨਿਆਦਾਨ ਯੋਜਨਾ ਦੇ ਤਹਿਤ ਬੋਰਡ ਨੇ ਅਣਵਿਆਹੀਆਂ ਮਹਿਲਾ ਕਰਮਚਾਰੀਆਂ ਨੂੰ ਖ਼ੁਦ ਦੇ ਵਿਆਹ ਲਈ ਵੀ ਵਿੱਤੀ ਸਹਾਇਤਾ ਪ੍ਰਦਾਨ ਕਰਨ ਦਾ ਪ੍ਰਾਵਧਾਨ ਸ਼ਾਮਲ ਕਰਨ ਨੂੰ ਮਨਜ਼ੂਰੀ ਦਿੱਤੀ ਹੈ। ਇਸ ਨਾਲ ਯੋਜਨਾ ਦਾ ਦਾਇਰਾ ਵਧੇਗਾ ਅਤੇ ਮਹਿਲਾ ਕਰਮਚਾਰੀਆਂ ਨੂੰ ਪ੍ਰਤੱਖ ਤੌਰ ’ਤੇ ਲਾਭ ਮਿਲ ਸਕੇਗਾ।

ਮਾਤ੍ਰਤਵ (ਜਣੇਪਾ) ਲਾਭ ਯੋਜਨਾ ਦੇ ਤਹਿਤ ਮਹਿਲਾ ਕਰਮਚਾਰੀਆਂ ਨੂੰ ਤਨਖਾਹ ਮੁਆਵਜ਼ਾ ਅਤੇ ਪੋਸ਼ਣ ਸਬੰਧੀ ਜ਼ਰੂਰਤਾਂ ਲਈ ?21,000 ਦੀ ਵਿੱਤੀ ਸਹਾਇਤਾ ਪ੍ਰਦਾਨ ਕਰਨ ਨੂੰ ਮਨਜ਼ੂਰੀ ਦਿੱਤੀ ਗਈ ਹੈ।

ਮਨ ਤਨ ਭਏ ਅਰੋਗਾ...



ਮੂੰਗਫਲੀ ਦੇ ਫ਼ਾਇਦੇ

ਸਰਦੀਆਂ ਦੇ ਮੌਸਮ 'ਚ ਮੂੰਗਫਲੀ ਖਾਣ ਦਾ ਮਜ਼ਾ ਹੀ ਅਲੱਗ ਹੁੰਦਾ ਹੈ। ਮੂੰਗਫਲੀ ਕੇਵਲ ਮੂੰਹ ਦਾ ਸੁਆਦ ਹੀ ਨਹੀਂ ਵਧਾਉਂਦੀ, ਬਲਕਿ ਸਿਹਤ ਲਈ ਵੀ ਫ਼ਾਇਦੇਮੰਦ ਹੈ।

ਪਿੱਤੇ ਦੀ ਪੱਥਰੀ

ਮੂੰਗਫਲੀ ਪਿੱਤੇ ਦੀ ਪੱਥਰੀ ਨੂੰ ਖ਼ਤਮ ਕਰਨ 'ਚ ਮਦਦ ਕਰਦੀ ਹੈ। ਇਕ ਖੋਜ ਅਨੁਸਾਰ ਹਫ਼ਤੇ 'ਚ ਇਕ ਔਂਸ ਮੂੰਗਫਲੀ ਦੇ ਬੀਜ ਤੇ ਇਸ ਦਾ ਮੱਖਣ (ਪੀਅਨੱਟ ਬਟਰ) ਲੈਣ ਨਾਲ ਪਿੱਤੇ ਦੀ ਪੱਥਰੀ ਹੋਣ ਦੇ ਖ਼ਤਰੇ ਨੂੰ 25 ਫ਼ੀਸਦੀ ਤਕ ਘੱਟ ਕਰਦਾ ਹੈ।

ਕੈਂਸਰ

ਮੂੰਗਫਲੀ ਸਰੀਰ 'ਚ ਟਿਊਮਰ ਬਣਨ ਤੋਂ ਰੋਕਦੀ ਹੈ। ਬੀਟਾ ਸੀਟੋਸਿਰੋਲ ਨਾਂ ਦਾ ਫਾਇਟੋਸਟੀਰਲ ਮੂੰਗਫਲੀ ਸਮੇਤ ਕਈ ਤਰ੍ਹਾਂ ਦੇ ਬੀਜਾਂ ਵਿਚ ਕਾਫ਼ੀ ਮਾਤਰਾ 'ਚ ਪਾਇਆ ਜਾਂਦਾ ਹੈ। ਮੂੰਗਫਲੀ ਦੇ ਸੇਵਨ ਨਾਲ ਮਿਹਦੇ ਦੇ ਕੈਂਸਰ ਨਾਲ ਲੜਿਆ ਜਾ ਸਕਦਾ ਹੈ।

ਭਾਰ ਘਟਾਉਣ ਦੀ ਸਮਰਥਾ

ਮੂੰਗਫਲੀ 'ਚ ਫਾਈਬਰ ਭਰਪੂਰ ਮਾਤਰਾ 'ਚ ਹੁੰਦਾ ਹੈ। ਇਸ ਲਈ ਖਾਣੇ ਤੋਂ ਪਹਿਲਾਂ ਮੂੰਗਫਲੀ ਖਾਣ ਨਾਲ ਪੇਟ ਭਰਿਆ ਰਹਿੰਦਾ ਹੈ, ਜਿਸ ਕਰਕੇ ਖਾਣਾ ਥੋੜ੍ਹਾ ਖਾਧਾ ਜਾਂਦਾ ਹੈ। ਇਸ ਨਾਲ ਖ਼ੂਬ ਐਨਰਜੀ ਮਿਲਦੀ ਹੈ ਅਤੇ ਸਰੀਰ ਦਾ ਮੈਟਾਬੋਲਿਕ ਰੇਟ ਵੀ ਵਧਦਾ ਹੈ।

ਯਾਦਦਾਸ਼ਤ ਵਧਾਏ

ਵਿਟਾਮਿਨ-ਬੀ ਨਾਲ ਭਰਪੂਰ ਮੂੰਗਫਲੀ ਯਾਦਦਾਸ਼ਤ ਤੇਜ਼ ਕਰਨ 'ਚ ਵੀ ਮਦਦ ਕਰਦੀ ਹੈ ਅਤੇ ਇਸ ਨਾਲ ਦਿਮਾਗ਼ ਤੇਜ਼ ਹੁੰਦਾ ਹੈ।

ਤਣਾਅ

ਦਿਮਾਗ਼ 'ਚ ਸੇਰੋਟੋਨਿਨ ਦੀ ਕਮੀ ਕਰਕੇ ਤਣਾਅ ਦੀ ਸਮੱਸਿਆ ਪੈਦਾ ਹੋਣ ਲੱਗਦੀ ਹੈ। ਮੂੰਗਫਲੀ 'ਚ ਟਰਾਈਪਟੋਫਨ ਨਾਂ ਦਾ ਤੱਤ ਪਾਇਆ ਜਾਂਦਾ ਹੈ, ਜੋ ਸੇਰੋਟੋਨਿਨ ਨੂੰ ਰਿਲੀਜ਼ ਕਰਨ 'ਚ ਮਦਦ ਕਰਦਾ ਹੈ, ਜਿਸ ਨਾਲ ਤਣਾਅ ਦੂਰ ਹੁੰਦਾ ਹੈ।

ਸੋਕੜਾ ਰੋਗ

ਸੋਕੜੇ ਦੇ ਰੋਗ ਤੋਂ ਪੀੜਤ ਬੱਚਿਆਂ ਨੂੰ ਖਾਣ ਵਾਸਤੇ ਦੇਣ ਲਈ ਮੂੰਗਫਲੀ ਨੂੰ ਰਾਤ ਵੇਲੇ ਭਿਓਂ ਦੇਵੋ। ਸਵੇਰ ਵੇਲੇ ਇਸ ਨੂੰ ਪੀਸ ਕੇ ਪਾਣੀ 'ਚ ਘੋਲ ਕੇ ਮਿਸ਼ਰੀ ਮਿਲਾ ਕੇ ਰੋਜ਼ਾਨਾ ਪੀਣ ਨਾਲ ਬੱਚਾ ਰਿਸ਼ਟ-ਪੁਸ਼ਟ ਹੋ ਜਾਵੇਗਾ। ਇਸ ਨੂੰ ਜੇਕਰ ਪੁੰਗਰਾਅ ਕੇ ਜਾਂ ਫੁਟਾਰਾ ਦੇ ਕੇ ਖਾਧਾ ਜਾਵੇ ਤਾਂ ਇਸ ਦੀ ਪੌਸ਼ਟਿਕਤਾ 'ਚ ਵਾਧਾ ਹੋ ਜਾਂਦਾ ਹੈ।ਕੱਚੀ ਮੂੰਗਫਲੀ ਖਾਣ ਨਾਲ ਬੱਚੇ ਨੂੰ ਦੁੱਧ ਪਿਲਾਉਣ ਵਾਲੀ ਮਾਂ ਦੇ ਦੁੱਧ 'ਚ ਵਾਧਾ ਹੁੰਦਾ ਹੈ ਤੇ ਪ੍ਰੋਟੀਨ ਦੀ ਕਮੀ ਦੂਰ ਹੁੰਦੀ ਹੈ।

ਪੋਲੀਓ ਖ਼ਿਲਾਫ਼ ਜੰਗ ਆਖ਼ਰੀ ਪੜਾਅ 'ਤੇ

ਲਾਲ ਚੰਦ ਸਿੰਘ
75894-27462

ਪੋਲੀਓ ਬੂੰਦਾਂ ਪਿਲਾਉਣ ਨਾਲ ਬੱਚੇ ਦੇ ਸਰੀਰ 'ਚ ਇਸ ਬਿਮਾਰੀ ਨੂੰ ਫੈਲਾਉਣ ਵਾਲੇ ਕੀਟਾਣੂਆਂ ਨਾਲ ਲੜਨ ਦੀ ਤਾਕਤ ਪੈਦਾ ਹੁੰਦੀ ਹੈ। ਇਹ ਬੂੰਦਾਂ ਬੱਚੇ ਦੇ ਸਰੀਰ 'ਚ ਪਹਿਲਾਂ ਤੋਂ ਮੌਜੂਦ ਪੋਲੀਓ ਦੇ ਹਾਨੀਕਾਰਕ ਕੀਟਾਣੂਆਂ ਨੂੰ ਖ਼ਤਮ ਕਰਦੀਆਂ ਹਨ...

24 ਅਕਤੂਬਰ ਲਈ ਵਿਸ਼ੇਸ਼

ਕੋਈ ਵੀ ਮਾਂ-ਪਿਓ ਇਹ ਨਹੀਂ ਚਾਹੁੰਦਾ ਕਿ ਉਨ੍ਹਾਂ ਦੇ ਬੱਚੇ ਕਮਜ਼ੋਰ ਜਾਂ ਬਿਮਾਰ ਹੋਣ। ਹਰ ਮਾਂ ਦੀ ਇੱਛਾ ਹੁੰਦੀ ਹੈ ਕਿ ਉਨ੍ਹਾਂ ਦੇ ਬੱਚੇ ਸਰੀਰਕ ਪੱਖੋਂ ਰਿਸ਼ਟ-ਪੁਸ਼ਟ ਤੇ ਤੰਦਰੁਸਤ ਹੋਣ। ਤੰਦਰੁਸਤ, ਨਿਰੋਗ ਤੇ ਰਿਸ਼ਟ-ਪੁਸ਼ਟ ਬੱਚੇ ਕਿਸੇ ਦੇਸ਼, ਕੌਮ ਤੇ ਸਮਾਜ ਦਾ ਸਰਮਾਇਆ ਹੁੰਦੇ ਹਨ। ਇਹੀ ਬੱਚੇ ਅੱਗੇ ਜਾ ਕੇ ਭਵਿੱਖ ਦੇ ਵਾਰਿਸ ਤੇ ਸਮਾਜ ਦੇ ਸਰਵਪੱਖੀ ਵਿਕਾਸ ਦਾ ਆਧਾਰ ਬਣਦੇ ਹਨ। ਬੱਚਿਆਂ ਦੀ ਸਿਹਤ ਦਾ ਧਿਆਨ ਰੱਖਣਾ ਹਰ ਮਾਂ-ਬਾਪ ਦਾ ਮੁੱਢਲਾ ਫਰਜ਼ ਹੁੰਦਾ ਹੈ ਕਿਉਂਕਿ ਜੇਕਰ ਬਚਪਨ 'ਚ ਹੀ ਬੱਚਾ ਕਿਸੇ ਬਿਮਾਰੀ ਦਾ ਸ਼ਿਕਾਰ ਹੋ ਜਾਵੇ ਤਾਂ ਵਧਦੀ ਹੋਈ ਉਮਰ ਨਾਲ ਕਈ ਹੋਰ ਬਿਮਾਰੀਆਂ ਲੱਗਣ ਦਾ ਡਰ ਬਣਿਆ ਰਹਿੰਦਾ ਹੈ। ਇਸੇ ਤਰ੍ਹਾਂ ਲਾ-ਇਲਾਜ ਰੋਗ ਪੋਲੀਓ, ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਲੱਗਣ ਵਾਲਾ ਘਾਤਕ ਰੋਗ ਹੈ। ਪੋਲੀਓ ਵਰਗੇ ਨਾ-ਮੁਰਾਦ ਰੋਗ ਦਾ ਕੋਈ ਇਲਾਜ ਨਹੀਂ। ਪੋਲੀਓ ਦਾ ਸ਼ਿਕਾਰ ਹੋਣ 'ਤੇ ਬੱਚਾ ਉਮਰ ਭਰ ਲਈ ਅੰਗਹੀਣ ਬਣ ਕੇ ਜਿਊਣ ਲਈ ਮਜਬੂਰ ਹੋ ਜਾਂਦਾ ਹੈ।

ਕੀ ਹੈ ਪੋਲੀਓ?

ਪੋਲੀਓ ਬਹੁਤ ਹੀ ਸੂਖਮ ਕਿਸਮ ਦੇ ਕੀਟਾਣੂਆਂ ਕਾਰਨ ਹੋਣ ਵਾਲਾ ਘਾਤਕ ਛੂਤ ਰੋਗ ਹੈ। ਪੋਲੀਓ ਦੇ ਕੀਟਾਣੂ ਤਿੰਨ ਕਿਸਮਾਂ (ਪੀ-1, ਪੀ-2, ਪੀ-3) ਦੇ ਹੁੰਦੇ ਹਨ, ਜੋ ਬਾਹਰੀ ਵਾਤਾਵਰਨ ਵਿਚ 48 ਘੰਟਿਆਂ ਤਕ ਜਿਊਂਦੇ ਰਹਿ ਸਕਦੇ ਹਨ। ਹੁਣ ਤਕ ਪੂਰੀ ਦੁਨੀਆ ਦੇ ਡਾਕਟਰੀ ਵਿਗਿਆਨ ਵਿਚ ਪੋਲੀਓ ਦਾ ਕੋਈ ਇਲਾਜ ਨਹੀਂ ਹੈ ਪਰ ਪੋਲੀਓ ਵਰਗੀ ਇਸ ਘਾਤਕ ਬਿਮਾਰੀ ਤੋਂ ਬੱਚੇ ਨੂੰ ਆਸਾਨੀ ਨਾਲ ਬਚਾਇਆ ਜਾ ਸਕਦਾ ਹੈ। ਇਸ ਲਈ ਜ਼ਰੂਰੀ ਹੈ ਕਿ ਨਵਜੰਮੇ ਬੱਚੇ ਨੂੰ ਪੋਲੀਓ ਬੂੰਦਾਂ ਦੀ ਪਹਿਲੀ ਖ਼ੁਰਾਕ ਜਨਮ ਤੋਂ ਕੁਝ ਸਮੇਂ ਬਾਅਦ, ਫਿਰ ਡੇਢ ਮਹੀਨੇ, ਢਾਈ ਮਹੀਨੇ ਤੇ ਸਾਢੇ ਤਿੰਨ ਮਹੀਨੇ ਦੀ ਉਮਰ 'ਚ ਇਕ-ਇਕ ਖ਼ੁਰਾਕ, ਫਿਰ 16 ਤੋਂ 24 ਮਹੀਨੇ ਉਮਰ ਵਿਚਕਾਰ ਇਕ ਖ਼ੁਰਾਕ ਅਤੇ ਸਾਢੇ ਤਿੰਨ ਤੋਂ ਸਾਢੇ ਚਾਰ ਸਾਲ ਦੀ ਉਮਰ 'ਚ ਇਕ-ਇਕ ਖ਼ੁਰਾਕ ਹੋਰ ਜ਼ਰੂਰ ਪਿਆਉਣੀ ਚਾਹੀਦੀ ਹੈ। ਇਥੇ ਜ਼ਿਕਰਯੋਗ ਹੈ ਕਿ ਪੋਲੀਓ ਬੂੰਦਾਂ ਦੀ ਤੀਜੀ ਖ਼ੁਰਾਕ ਨਾਲ ਹੁਣ (ਸਾਢੇ ਤਿੰਨ ਮਹੀਨੇ ਦੀ ਉਮਰ 'ਚ) ਪੋਲੀਓ ਦਾ ਟੀਕਾ (ਇਨਐਕਟੀਵੇਟਿਡ ਪੋਲੀਓ ਵਾਇਰਸ ਵੈਕਸੀਨ ਜਾਂ ਆਈਪੀਵੀ) ਵੀ ਲਾਇਆ ਜਾਂਦਾ ਹੈ, ਜੋ ਬੱਚੇ ਦੇ ਸਰੀਰ ਦੀ ਪੋਲੀਓ ਦੇ ਕੀਟਾਣੂਆਂ ਨਾਲ ਲੜਨ ਦੀ ਸ਼ਕਤੀ ਦੁੱਗਣੀ ਕਰਦਾ ਹੈ। ਇਹ ਪੋਲੀਓ ਬੂੰਦਾਂ ਸਾਰੀਆਂ ਸਰਕਾਰੀ ਪੇਂਡੂ/ਸ਼ਹਿਰੀ ਸਿਹਤ ਸੰਸਥਾਵਾਂ ਵਿਚ ਦਿਨ, ਸਮਾਂ ਅਤੇ ਸਥਾਨ ਨਿਸ਼ਚਿਤ ਕਰ ਕੇ ਮੁਫ਼ਤ ਪਿਆਈਆਂ ਜਾਂਦੀਆਂ ਹਨ।

ਪੋਲੀਓ ਦੇ ਕੀਟਾਣੂ ਪਾਣੀ ਆਦਿ ਨੂੰ ਦੂਸ਼ਿਤ ਕਰ ਕੇ ਮੂੰਹ ਰਾਹੀਂ ਬੱਚੇ ਦੇ ਹਿਰਦੇ 'ਚ ਪਹੁੰਚ ਜਾਂਦੇ ਹਨ ਤੇ ਬੱਚੇ ਦੀਆਂ ਅੰਤੜੀਆਂ 'ਚ ਵਧਦੇ-ਫੁਲਦੇ ਰਹਿੰਦੇ ਹਨ, ਜਿਸ ਦਾ ਆਖ਼ਰੀ ਨਤੀਜਾ ਇਹ ਹੁੰਦਾ ਹੈ ਕਿ ਪੋਲੀਓ ਦਾ ਸ਼ਿਕਾਰ ਹੋਣ ਉਪਰੰਤ ਬੱਚੇ ਦਾ ਕੋਈ ਅੰਗ (ਲੱਤ-ਬਾਂਹ ਜਾਂ ਫਿਰ ਦੋਵੇਂ ਲੱਤਾਂ-ਬਾਹਾਂ) ਚੱਲਣੋਂ ਰਹਿ ਜਾਂਦੀਆਂ ਹਨ। ਪੋਲੀਓ ਦੇ ਕੀਟਾਣੂ ਬੱਚੇ ਦੇ ਦਿਮਾਗ਼ 'ਤੇ ਹਮਲਾ ਕਰ ਕੇ ਸਰੀਰ ਦੇ ਪੱਠਿਆਂ ਨੂੰ ਕੰਟਰੋਲ ਕਰਨ ਵਾਲੀਆਂ ਨਸਾਂ ਦੇ ਕੰਮ ਕਰਨ ਦੀ ਤਾਕਤ ਘਟਾ ਦਿੰਦੇ ਹਨ, ਭਾਵ ਪੋਲੀਓ ਦਾ ਸ਼ਿਕਾਰ ਹੋਣ ਉਪਰੰਤ ਬੱਚੇ ਦੀਆਂ ਲੱਤਾਂ-ਬਾਹਾਂ ਸੁੱਕ ਜਾਂਦੀਆਂ ਹਨ। ਪੋਲੀਓ ਕਾਰਨ ਬੱਚੇ ਦੇ ਦਿਮਾਗ਼ 'ਤੇ ਮਾੜਾ ਅਸਰ ਪੈਣ ਤੋਂ ਇਲਾਵਾ ਸਾਹ ਕਿਰਿਆ ਫੇਲ੍ਹ ਹੋਣ ਕਰਕੇ ਬੱਚੇ ਦੀ ਮੌਤ ਵੀ ਹੋ ਸਕਦੀ ਹੈ।

ਲੱਛਣ

ਪੋਲੀਓ ਰੋਗ ਦਾ ਸ਼ਿਕਾਰ ਹੋਣ 'ਤੇ ਬੱਚਾ ਪਹਿਲੇ ਤਿੰਨ ਦਿਨਾਂ ਤੱਕ ਰੋਂਦਾ ਰਹਿੰਦਾ ਹੈ। ਉਸ ਨੂੰ ਲਗਾਤਾਰ ਬੁਖ਼ਾਰ ਚੜ੍ਹਿਆ ਰਹਿੰਦਾ ਹੈ ਤੇ ਤਿੰਨ ਤੋਂ ਪੰਜ ਦਿਨਾਂ ਤਕ ਬੱਚੇ ਦਾ ਸਿਰਦਰਦ ਰਹਿੰਦਾ ਹੈ ਅਤੇ ਗਰਦਨ ਆਕੜਨ ਤੋਂ ਇਲਾਵਾ ਲਗਾਤਾਰ ਪੱਠਿਆਂ ਵਿਚ ਦਰਦ ਰਹਿੰਦੀ ਹੈ। ਪੰਜਵੇਂ ਤੋਂ ਸੱਤਵੇਂ ਦਿਨ ਬੱਚੇ ਨੂੰ ਮਾਮੂਲੀ ਅਧਰੰਗ ਵੀ ਹੋ ਸਕਦਾ ਹੈ। ਅਜਿਹੇ ਲੱਛਣਾਂ ਵਾਲੇ ਕੇਸ ਵਿਚ ਟੈਸਟ ਜ਼ਰੂਰ ਕਰਵਾਓ ਤਾਂ ਕਿ ਪਤਾ ਲੱਗ ਸਕੇ ਕਿ ਉਸ ਦਾ ਕਾਰਨ ਪੋਲੀਓ ਰੋਗ ਤਾਂ ਨਹੀਂ। ਪੋਲੀਓ ਦਾ ਸ਼ਿਕਾਰ ਇਕ ਬੱਚਾ ਅੱਗੋਂ ਸੌ ਤੋਂ ਇਕ ਹਜ਼ਾਰ ਬੱਚਿਆਂ ਨੂੰ ਪੋਲੀਓ ਰੋਗ ਦੀ ਛੂਤ ਫੈਲਾਉਣ ਦਾ ਕਾਰਨ ਬਣਾ ਸਕਦਾ ਹੈ।

ਪ੍ਰਚਾਰ

ਦਵਾਈ ਪਿਲਾਉਣ ਤੋਂ ਪਹਿਲਾਂ ਪੋਲੀਓ ਬੂੰਦਾਂ ਵਾਲੀ ਸ਼ੀਸ਼ੀ ਦੇ ਲੇਬਲ 'ਤੇ ਲੱਗੇ ਵੈਕਸੀਨ ਵਾਇਲ ਮੌਨੀਟਰ (ਵੀਵੀਐੱਮ) ਨੂੰ ਵੀ ਚੰਗੀ ਤਰ੍ਹਾਂ ਪੜ੍ਹ ਲਿਆ ਜਾਵੇ। ਜੇ ਆਖ਼ਰੀ ਤਰੀਕ ਖ਼ਤਮ ਨਹੀਂ ਹੋਈ, ਜੇ ਵਰਗ ਗੋਲ ਅਕਾਰ ਨਾਲੋਂ ਫਿੱਕਾ ਹੈ ਤਾਂ ਵੈਕਸੀਨ ਵਰਤਣਯੋਗ ਹੈ। ਜੇਕਰ ਵਰਗ ਗੋਲ ਅਕਾਰ ਨਾਲ ਮੇਲ ਖਾਂਦਾ ਹੈ ਤਾਂ ਵੈਕਸੀਨ ਵਰਤਣੀ ਨਹੀਂ ਚਾਹੀਦੀ। ਜੇਕਰ ਵਰਗ ਗੋਲ ਅਕਾਰ ਨਾਲੋਂ ਗੂੜ੍ਹਾ ਹੋ ਗਿਆ ਹੋਵੇ ਤਦ ਵੀ ਇਸ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਹਰ ਤਰ੍ਹਾਂ ਦੇ ਸੰਚਾਰ ਮਾਧਿਅਮਾਂ ਰੇਡੀਓ, ਅਖ਼ਬਾਰਾਂ, ਟੀਵੀ ਆਦਿ ਤੋਂ ਇਲਾਵਾ ਸਰਕਾਰੀ ਤੇ ਗੈਰ-ਸਰਕਾਰੀ ਸੰਸਥਾਵਾਂ, ਪੰਚਾਇਤਾਂ ਤੇ ਨਗਰ ਪਾਲਿਕਾਵਾਂ, ਸਵੈਸੇਵੀ ਸੰਸਥਾਵਾਂ, ਹਰ ਤਰ੍ਹਾਂ ਦੀਆਂ ਸਿਆਸੀ ਪਾਰਟੀਆਂ, ਧਾਰਮਿਕ ਸੰਸਥਾਵਾਂ, ਸਕੂਲਾਂ, ਕਾਲਜਾਂ ਦੇ ਅਧਿਆਪਕਾਂ, ਵਿਦਿਆਰਥੀਆਂ, ਆਂਗਣਵਾੜੀ ਵਰਕਰਾਂ ਅਤੇ ਸਮਾਜ ਦੇ ਪੜ੍ਹੇ-ਲਿਖੇ ਸੂਝਵਾਨ ਲੋਕਾਂ ਵੱਲੋਂ ਇਸ ਮੁਹਿੰਮ ਬਾਰੇ ਵੱਧ ਤੋਂ ਵੱਧ ਪ੍ਰਚਾਰ ਕਰ ਕੇ ਇਸ ਨੂੰ ਲੋਕ ਲਹਿਰ ਬਣਾਇਆ ਜਾਣਾ ਅਜੋਕੇ ਸਮੇਂ ਅਤੇ ਸਮਾਜ ਦੀ ਮੁੱਖ ਲੋੜ ਹੈ।

ਵੈਕਸੀਨ ਨੂੰ ਮਾਨਤਾ

1953 'ਚ ਡਾ. ਜੋਨਾਸ ਸਾਲਕ ਨੇ ਸਭ ਤੋਂ ਪਹਿਲੀ ਵਾਰੀ ਪੋਲੀਓ ਵੈਕਸੀਨ ਤਿਆਰ ਕੀਤੀ ਸੀ, ਜਿਸ ਨੂੰ 1955 'ਚ ਮਾਨਤਾ ਮਿਲੀ। ਡਾ. ਸਾਲਕ ਦਾ ਜਨਮ 28 ਅਕਤੂਬਰ, 1914 ਨੂੰ ਅਮਰੀਕਾ ਦੇ ਨਿਊਯਾਰਕ ਸ਼ਹਿਰ 'ਚ ਹੋਇਆ ਸੀ। 80 ਸਾਲ ਦੀ ਉਮਰ 'ਚ ਦਿਲ ਦਾ ਦੌਰਾ ਪੈਣ ਕਾਰਨ ਉਨ੍ਹਾਂ ਦੀ ਮੌਤ ਹੋ ਗਈ ਸੀ। 13 ਜਨਵਰੀ 2011 ਨੂੰ ਪੋਲੀਓ ਦਾ ਆਖ਼ਰੀ ਮਾਮਲਾ ਪੱਛਮੀ ਬੰਗਾਲ ਦੇ ਹਾਵੜਾ ਜ਼ਿਲ੍ਹੇ 'ਚ ਸਾਹਮਣੇ ਆਇਆ ਸੀ। ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਇਸ ਅਣਗਹਿਲੀ ਲਈ ਦਰਅਸਲ ਬੱਚਿਆਂ ਦੀ ਤੰਦਰੁਸਤੀ, ਸਿਹਤ ਨਾਲ ਕੀਤੇ ਖਿਲਵਾੜ ਲਈ ਜ਼ਿੰਮੇਵਾਰ ਅਸਲ ਕਾਰਨਾਂ ਤੇ ਅਸਲ ਦੋਸ਼ੀਆਂ ਦੀ ਜਾਂਚ ਸਹੀ ਅਰਥਾਂ ਵਿਚ ਹੋਵੇਗੀ, ਤਾਂ ਜੋ ਭਵਿੱਖ 'ਚ ਅਜਿਹੀਆਂ ਘਟਨਾਵਾਂ ਨਾ ਵਾਪਰਨ। ਇਹ ਅਹਿਮ ਸਵਾਲ ਹੈ ਜੋ ਸਭ ਦੇ ਚਿੰਤਨ ਦਾ ਹਿੱਸਾ ਬਣਨਾ ਚਾਹੀਦਾ ਹੈ। ਸੱਚ ਤਾਂ ਇਹ ਹੈ ਕਿ ਪੋਲੀਓ ਦਾ ਜੜ੍ਹੋਂ ਖ਼ਾਤਮਾ ਸਾਡੇ ਸਭ ਦੇ ਹੱਥ ਵੱਸ ਹੈ। ਆਓ, ਅੰਤਰਰਾਸ਼ਟਰੀ ਮਹੱਤਵ ਦੀ ਤੇ ਆਖ਼ਰੀ ਦੌਰ 'ਚ ਪਹੁੰਚ ਚੁੱਕੀ ਪੋਲੀਓ ਵਿਰੋਧੀ ਜੰਗ 'ਚ ਸ਼ਾਮਲ ਹੋਈਏ ਤਾਂ ਜੋ ਪੋਲੀਓ ਦੇ ਕੀਟਾਣੂਆਂ ਦਾ ਜੜ੍ਹੋਂ ਖ਼ਾਤਮਾ ਹੋ ਸਕੇ ਤੇ ਭਵਿੱਖ 'ਚ ਕੋਈ ਵੀ ਬੱਚਾ ਪੋਲੀਓ ਦਾ ਸ਼ਿਕਾਰ ਹੋ ਕੇ ਉਮਰ ਭਰ ਲਈ ਅੰਗਹੀਣ ਬਣ ਕੇ ਜਿਊਂਣ ਲਈ ਮਜਬੂਰ ਨਾ ਹੋਵੇ। ਇਹੀ ਪੋਲੀਓ ਵੈਕਸੀਨ ਦੇ ਪਿਤਾਮਾ ਡਾ. ਜੋਨਾਸ ਸਾਲਕ ਨੂੰ ਸਹੀ ਅਰਥਾਂ 'ਚ ਸੱਚੀ ਸ਼ਰਧਾਂਜਲੀ ਹੋਵੇਗੀ। •

ਪੋਲੀਓ ਬੂੰਦਾਂ

ਪੋਲੀਓ ਬੂੰਦਾਂ ਪਿਲਾਉਣ ਨਾਲ ਬੱਚੇ ਦੇ ਸਰੀਰ 'ਚ ਪੋਲੀਓ ਦੀ ਬਿਮਾਰੀ ਫੈਲਾਉਣ ਵਾਲੇ ਕੀਟਾਣੂਆਂ ਨਾਲ ਲੜਨ ਦੀ ਤਾਕਤ ਪੈਦਾ ਹੋ ਜਾਂਦੀ ਹੈ। ਪੋਲੀਓ ਬੂੰਦਾਂ ਬੱਚੇ ਦੇ ਸਰੀਰ 'ਚ ਪਹਿਲਾਂ ਤੋਂ ਮੌਜੂਦ ਪੋਲੀਓ ਦੇ ਹਾਨੀਕਾਰਕ ਕੀਟਾਣੂਆਂ ਨੂੰ ਖ਼ਤਮ ਕਰ ਦਿੰਦੀਆਂ ਹਨ। 1995 ਤੋਂ ਆਲਮੀ ਸਿਹਤ ਸੰਸਥਾ ਵੱਲੋਂ ਦੁਨੀਆ ਦੇ ਸਾਰੇ ਦੇਸ਼ਾਂ ਦੀਆਂ ਸਰਕਾਰਾਂ, ਲਾਇਨਜ਼ ਇੰਟਰਨੈਸ਼ਨਲ, ਰੋਟਰੀ ਇੰਟਰਨੈਸ਼ਨਲ, ਯੂਨੀਸੈੱਫ ਤੇ ਹੋਰ ਸਵੈਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਵਿਸ਼ਵ ਪੱਧਰ 'ਤੇ ਪੋਲੀਓ ਦੇ ਕੀਟਾਣੂਆਂ ਦਾ ਮੁਕੰਮਲ ਸਫਾਇਆ ਕਰਨ ਲਈ ਆਖ਼ਰੀ ਲੜਾਈ ਵਜੋਂ 'ਪਲਸ ਪੋਲੀਓ ਮੁਹਿੰਮ' ਸ਼ੁਰੂ ਕੀਤੀ ਹੋਈ ਹੈ। ਇਸ ਤੋਂ ਪਹਿਲਾਂ ਦੁਨੀਆ ਭਰ ਦੇ ਕੁੱਲ ਪੋਲੀਓ ਦੇ ਕੇਸਾਂ 'ਚੋਂ 60 ਤੋਂ 70 ਫ਼ੀਸਦੀ ਕੇਸ ਭਾਰਤ 'ਚ ਹੁੰਦੇ ਸਨ। ਪਲਸ ਪੋਲੀਓ ਮੁਹਿੰਮ ਦੌਰਾਨ ਪਿਆਈਆਂ ਜਾਣ ਵਾਲੀਆਂ ਪੋਲੀਓ ਬੂੰਦਾਂ ਦਾ ਰੁਟੀਨ ਟੀਕਾਕਰਨ ਦੌਰਾਨ ਪਿਆਈਆਂ ਜਾਣ ਵਾਲੀਆਂ ਬੂੰਦਾਂ ਨਾਲ ਕੋਈ ਸਬੰਧ ਨਹੀਂ ਹੁੰਦਾ। ਭਾਵੇਂ ਕੋਈ ਬੱਚਾ ਪਹਿਲਾਂ ਕਿੰਨੀ ਵਾਰੀ ਵੀ ਪੋਲੀਓ ਬੂੰਦਾਂ ਪੀ ਚੁੱਕਾ ਹੋਵੇ, ਬੱਚਾ ਕਮਜ਼ੋਰ ਜਾਂ ਬਿਮਾਰ ਵੀ ਕਿਉਂ ਨਾ ਹੋਵੇ, ਬੱਚਾ ਸਫ਼ਰ ਕਰ ਰਿਹਾ ਹੋਵੇ ਤੇ ਜਾਂ ਫਿਰ ਕਿਸੇ ਬੱਚੇ ਦੇ ਜਨਮ ਨੂੰ ਅਜੇ ਇਕ ਮਿੰਟ ਹੋਇਆ ਹੋਵੇ, ਨੂੰ ਪੋਲੀਓ ਬੂੰਦਾਂ ਦੀ ਖ਼ੁਰਾਕ ਪਿਆਉਣੀ ਜ਼ਰੂਰੀ ਹੈ ਤਾਂ ਜੋ ਪੋਲੀਓ ਦੇ ਕੀਟਾਣੂਆਂ ਦਾ ਜੜ੍ਹੋਂ ਮੁਕੰਮਲ ਖ਼ਾਤਮਾ ਹੋ ਸਕੇ।

ਪੀ-2 ਦਾ ਖ਼ਾਤਮਾ

ਸਾਡੇ ਦੇਸ਼ ਵਿੱਚੋਂ 1999 ਵਿਚ ਪੋਲੀਓ ਵਾਇਰਸ ਦੀ ਕਿਸਮ ਪੀ-2 ਖ਼ਤਮ ਹੋ ਗਈ ਸੀ। ਇਸ ਨਾਲ 95 ਫ਼ੀਸਦੀ ਬੱਚਿਆਂ ਵਿਚ ਪੋਲੀਓ ਰੋਗ ਦੀ ਛੂਤ ਦੀ ਮਾਰ ਹੁੰਦੀ ਹੈ। 25 ਅਪ੍ਰੈਲ 2016 ਨੂੰ ਪੀ-2 ਕਿਸਮਾਂ ਵਾਲੀ ਪੋਲਿਓ ਵੈਕਸੀਨ (ਟ੍ਰਾਈਵੇਲੈਂਟ ਵੈਕਸੀਨ) ਨੂੰ ਬੰਦ ਜਾਂ ਨਸ਼ਟ ਕਰ ਦਿੱਤਾ ਗਿਆ ਸੀ, ਜਿਸ ਦੇ ਬਦਲ ਵਜੋਂ ਵਾਈਵੇਲੈਂਟ ਵੈਕਸੀਨ (ਪੋਲੀਓ ਵਾਇਰਸ ਦੀਆਂ ਪੀ-1 ਅਤੇ ਪੀ-3 ਕਿਸਮਾਂ ਵਾਲੀ) ਵੈਕਸੀਨ ਸ਼ੁਰੂ ਕੀਤੀ ਗਈ ਸੀ। ਸਿਰਫ਼ ਇਹੀ ਨਹੀਂ, ਨਵੰਬਰ 2015 ਵਿਚ ਪੰਜਾਬ ਸਮੇਤ ਅਸਾਮ, ਗੁਜਰਾਤ, ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਬਿਹਾਰ ਆਦਿ ਸੂਬਿਆਂ ਵਿਚ ਪੋਲੀਓ ਦਾ ਟੀਕਾ (ਆਈਪੀਵੀ) ਵੀ ਸ਼ੁਰੂ ਕੀਤਾ ਗਿਆ ਸੀ, ਜਿਸ ਨੂੰ ਬਾਅਦ 'ਚ ਰਾਜਸਥਾਨ ਸਮੇਤ 11 ਹੋਰ ਸੂਬਿਆਂ 'ਚ ਦੂਜੇ ਪੜਾਅ ਦੌਰਾਨ ਸ਼ੁਰੂ ਕੀਤਾ ਗਿਆ ਸੀ।

ਸਰਦੀਆਂ 'ਚ ਰੱਖੋ ਸਿਹਤ ਦਾ ਖ਼ਿਆਲ

ਸਰਦੀਆਂ ਸ਼ੁਰੂ ਹੁੰਦਿਆਂ ਹੀ ਵਿਅਕਤੀ ਕਈ ਬਿਮਾਰੀਆਂ ਦੀ ਗ੍ਰਿਫ਼ਤ 'ਚ ਆ ਜਾਂਦਾ ਹੈ। ਇਸ ਦੌਰਾਨ ਆਪਣੀ ਖ਼ੁਰਾਕ ਦਾ ਧਿਆਨ ਰੱਖ ਕੇ ਸਿਹਤ ਨੂੰ ਤੰਦਰੁਸਤ ਰੱਖਿਆ ਜਾ ਸਕਦਾ ਹੈ ...

ਸਰਦੀਆਂ ਸ਼ੁਰੂ ਹੁੰਦਿਆਂ ਹੀ ਸਿਹਤ ਦਾ ਖ਼ਿਆਲ ਰੱਖਣਾ ਜ਼ਰੂਰੀ ਹੋ ਜਾਂਦਾ ਹੈ, ਕਿਉਂਕਿ ਮੌਸਮ ਦੀ ਤਬਦੀਲੀ ਨਾਲ ਵਿਅਕਤੀ ਕਈ ਬਿਮਾਰੀਆਂ 'ਚ ਜਕੜ ਜਾਂਦਾ ਹੈ। ਅਜਿਹੇ 'ਚ ਸਰਦੀਆਂ ਦੇ ਮੌਸਮ ਦੌਰਾਨ ਆਪਣੀ ਖ਼ੁਰਾਕ ਦਾ ਖ਼ਾਸ ਖ਼ਿਆਲ ਰੱਖੋ। ਕਈ ਪ੍ਰਕਾਰ ਦੀਆਂ ਚੀਜ਼ਾਂ ਦੇ ਸੇਵਨ ਨਾਲ ਸਰਦੀਆਂ ਦੇ ਮੌਸਮ 'ਚ ਸਿਹਤ ਨੂੰ ਤੰਦਰੁਸਤ ਰੱਖਿਆ ਜਾ ਸਕਦਾ ਹੈ।

ਚੁਕੰਦਰ : ਚੁਕੰਦਰ 'ਚ ਲਾਭਦਾਇਕ ਫਾਈਟੋਕੈਮੀਕਲਜ਼ ਅਤੇ ਐਂਟੀ-ਆਕਸੀਡੈਂਟਸ ਭਰਪੂਰ ਮਾਤਰਾ 'ਚ ਹੁੰਦੇ ਹਨ। ਚੁਕੰਦਰ ਨਾਲ ਸਰੀਰ ਦਾ ਇਮਿਊਨ ਸਿਸਟਮ ਮਜ਼ਬੂਤ ਹੁੰਦਾ ਹੈ।

ਬਾਜਰਾ : ਸਰਦੀਆਂ 'ਚ ਬਾਜਰੇ ਦਾ ਸੇਵਨ ਕਾਫ਼ੀ ਫ਼ਾਇਦੇਮੰਦ ਹੁੰਦਾ ਹੈ। ਬਾਜਰੇ 'ਚ ਫਾਈਬਰ ਅਤੇ ਕੈਲਸ਼ੀਅਮ ਭਰਪੂਰ ਮਾਤਰਾ 'ਚ ਪਾਇਆ ਜਾਂਦਾ ਹੈ, ਜੋ ਕਬਜ਼, ਗੈਸ ਤੋਂ ਛੁਟਕਾਰਾ ਦਿਵਾ ਕੇ ਪਾਚਨ ਤੰਤਰ ਨੂੰ ਦਰੁੱਸਤ ਰੱਖਦਾ ਹੈ।

ਖਜੂਰ - ਖਜੂਰ 'ਚ ਵਿਟਾਮਿਨ-ਏ, ਵਿਟਾਮਿਨ-ਬੀ ਤੋਂ ਇਲਾਵਾ ਪੋਟਾਸ਼ੀਅਮ, ਮੈਗਨੀਸ਼ੀਅਮ ਜ਼ਿਆਦਾ ਹੁੰਦੇ ਹਨ। ਰੋਜ਼ਾਨਾ ਦੋ ਖਜੂਰਾ ਖਾਣ ਨਾਲ ਸਰੀਰ 'ਚ ਫਾਈਬਰ ਦੀ ਕਮੀ ਦੂਰ ਹੁੰਦੀ ਹੈ।

ਗੁੜ : ਗੁੜ ਖ਼ੂਨ ਦੀ ਕਮੀ ਨੂੰ ਦੂਰ ਕਰਦਾ ਹੈ। ਗੁੜ 'ਚ ਭਰਪੂਰ ਮਾਤਰਾ 'ਚ ਆਇਰਨ, ਫਾਸਫੋਰਸ, ਕਾਪਰ, ਮੈਗਨੀਸ਼ੀਅਮ, ਕੈਲਸ਼ੀਅਮ ਆਦਿ ਹੁੰਦੇ ਹਨ। ਗੁੜ ਸਰਦੀਆਂ ਦੇ ਮੌਸਮ 'ਚ ਸਭ ਤੋਂ ਫ਼ਾਇਦੇਮੰਦ ਹੁੰਦਾ ਹੈ।

ਤਿਲ : ਸਰਦੀਆਂ 'ਚ ਸਿਹਤਮੰਦ ਰਹਿਣ ਲਈ ਤਿਲ ਗੁਣਕਾਰੀ ਹੈ। ਤਿਲ ਵਿਚ ਮੋਨੋ-ਸੈਚੂਰੇਟਿਡ ਫੈਟੀ ਐਸਿਡ ਪਾਇਆ ਜਾਂਦਾ ਹੈ। ਤਿਲ ਸਰੀਰ 'ਚ ਕੋਲੈਸਟਰੋਲ ਘੱਟ ਕਰਨ ਲਈ ਵੀ ਸਹਾਈ ਹੁੰਦੇ ਹਨ।

ਗਾਜਰ : ਗਾਜਰ ਵਿਚ ਬੀਟਾ ਕੈਰੋਟੀਨ ਪਾਇਆ ਜਾਂਦਾ ਹੈ। ਗਾਜਰ ਸਰੀਰ ਦੀ ਪ੍ਰਤੀਰੋਧਕ ਪ੍ਰਣਾਲੀ ਨੂੰ ਮਜ਼ਬੂਤ ਕਰਦੀ ਹੈ। ਗਾਜਰ ਦਾ ਸੇਵਨ ਫ਼ੇਫੜਿਆਂ ਨੂੰ ਸਿਹਤਮੰਦ ਰੱਖ ਕੇ ਸਾਹ ਦੀਆਂ ਬਿਮਾਰੀਆਂ ਲਈ ਫ਼ਾਇਦੇਮੰਦ ਹੈ। •

ਗੁਣਕਾਰੀ ਹੈ ਅਲਸੀ

ਇਸ਼ਟ ਪਾਲ ਵਿੱਕੀ

ਉਂਜ ਤਾਂ ਸਾਰਾ ਬਾਜ਼ਾਰ ਤਰ੍ਹਾਂ-ਤਰ੍ਹਾਂ ਦੀਆਂ ਦਵਾਈਆਂ ਨਾਲ ਭਰਿਆ ਪਿਆ ਹੈ ਪਰ ਅੱਜ ਜ਼ਿਆਦਾਤਰ ਲੋਕ ਅੰਗਰੇਜ਼ੀ ਦਵਾਈਆਂ ਨੂੰ ਛੱਡ ਕੇ ਆਯੁਰਵੇਦ ਅਤੇ ਯੋਗ ਵੱਲ ਧਿਆਨ ਦੇਣ ਲੱਗ ਪਏ ਹਨ। ਆਯੁਰਵੈਦਿਕ ਦਵਾਈਆਂ ਵਿੱਚੋਂ ਅਲਸੀ ਬੇਹੱਦ ਗੁਣਾਂ ਨਾਲ ਭਰਪੂਰ ਹੈ। ਇਹ ਸਸਤੀ ਅਤੇ ਪਿੰਡਾਂ-ਸ਼ਹਿਰਾਂ 'ਚੋਂ ਪੰਸਾਰੀ ਕੋਲੋਂ ਆਮ ਮਿਲ ਜਾਂਦੀ ਹੈ। ਅਲਸੀ ਦੀ ਤਾਸੀਰ ਗਰਮ ਹੁੰਦੀ ਹੈ। ਇਸ ਲਈ ਸਰਦੀਆਂ ਵਿਚ ਇਸ ਦੀ ਵਰਤੋਂ ਕਰਨ ਨਾਲ ਕਾਫ਼ੀ ਫ਼ਾਇਦੇ ਮਿਲਦੇ ਹਨ। ਅਲਸੀ ਨਾਲ ਕਈ ਰੋਗ ਠੀਕ ਹੁੰਦੇ ਹਨ। ਆਓ ਜਾਣੀਏ, ਅਲਸੀ ਦੇ ਫ਼ਾਇਦਿਆਂ ਬਾਰੇ :

ਪਾਊਡਰ ਬਣਾਉਣ ਦੀ ਵਿਧੀ : ਇਕ ਕਿੱਲੋ ਅਲਸੀ ਨੂੰ ਕੜਾਹੀ ਵਿਚ ਪਾ ਕੇ 3 ਤੋਂ 4 ਮਿੰਟ ਤਕ ਹਲਕਾ ਗਰਮ ਕਰੋ। ਇਸ ਤਰ੍ਹਾਂ ਕਰਨ ਨਾਲ ਅਲਸੀ ਦਾ ਰੰਗ ਥੋੜ੍ਹਾ ਗੂੜ੍ਹਾ ਹੋ ਜਾਵੇਗਾ ਅਤੇ ਅਲਸੀ ਥੋੜ੍ਹੀ ਜਿਹੀ ਫੁੱਲ ਜਾਵੇਗੀ। ਅਲਸੀ ਨੂੰ ਠੰਡਾ ਹੋਣ ਦਿਓ। ਇਸ ਤੋਂ ਬਾਅਦ ਉਸ ਨੂੰ ਮਿਕਸੀ 'ਚ ਪਾ ਕੇ ਪੀਸ ਲਵੋ ਤੇ ਪਾਊਡਰ ਬਣਾ ਲਵੋ। ਅਲਸੀ ਪਾਊਡਰ ਨੂੰ ਕਿਸੇ ਬੰਦ ਡੱਬੇ 'ਚ ਪਾ ਕੇ ਰੱਖ ਲਉ, ਜਿਸ 'ਚ ਹਵਾ ਨਾ ਲੱਗੇ।

ਪ੍ਰਯੋਗ ਕਰਨ ਦੀ ਵਿਧੀ : ਸਵੇਰ ਜਾਂ ਰਾਤ ਦਾ ਖਾਣਾ ਖਾਣ ਤੋਂ ਇਕ ਘੰਟਾ ਪਹਿਲਾਂ ਇਕ ਚਮਚ ਅਲਸੀ ਪਾਊਡਰ ਨੂੰ ਕੋਸੇ ਪਾਣੀ ਨਾਲ ਲਵੋ। •

98725-65003

ਲਾਭ

- ਮੋਟਾਪਾ ਤੇਜ਼ੀ ਨਾਲ ਘਟਦਾ ਹੈ।
- ਸ਼ੂਗਰ ਰੋਗ 'ਚ ਲਾਭਕਾਰੀ ਹੈ।
- ਵਾਲ ਝੜਨੇ ਬੰਦ ਹੋ ਜਾਂਦੇ ਹਨ।
- ਥਾਇਰਾਇਡ ਦੇ ਰੋਗੀਆਂ ਲਈ ਲਾਭਕਾਰੀ ਹੈ।
- ਮਾਨਸਿਕ ਤਣਾਅ ਘੱਟ ਕਰਦੀ ਹੈ।
- ਪਾਚਨ ਸ਼ਕਤੀ ਠੀਕ ਹੁੰਦੀ ਹੈ।
- ਗੈਸ ਅਤੇ ਤੇਜ਼ਾਬ ਨੂੰ ਦੂਰ ਕਰਦੀ ਹੈ।
- ਦਿਲ ਦੇ ਰੋਗਾਂ ਤੇ ਬਲੱਡ ਪ੍ਰੈਸ਼ਰ ਲਈ ਗੁਣਕਾਰੀ ਹੈ।

ਸਿਹਤ ਲਈ ਲਾਹੇਵੰਦ ਕਰੇਲਾ

ਪ੍ਰਿੰਸ ਅਰੋੜਾ

ਕਰੇਲਾ ਅਜਿਹੀ ਸਬਜ਼ੀ ਹੈ, ਜਿਸ ਦੇ ਬਹੁਤ ਲਾਭ ਹਨ ਪਰ ਜ਼ਿਆਦਾਤਰ ਲੋਕ ਇਸ ਦੇ ਕੌੜੇ ਸੁਆਦ ਕਾਰਨ ਇਸ ਨੂੰ ਖਾਣਾ ਪਸੰਦ ਨਹੀਂ ਕਰਦੇ। ਕਰੇਲੇ ਵਿਚ ਜਿੰਨੇ ਗੁਣ ਹਨ, ਓਨੇ ਕਿਸੇ ਵੀ ਹੋਰ ਸਬਜ਼ੀ 'ਚ ਨਹੀਂ। ਹਰੇ ਰੰਗ ਦੇ ਦਿਸਣ ਵਾਲੇ ਕਰੇਲੇ 'ਤੇ ਛੋਟੇ-ਛੋਟੇ ਕੰਢੇ ਜਿਹੇ ਹੁੰਦੇ ਹਨ ਤੇ ਇਸ ਅੰਦਰ ਚਿੱਟੇ ਰੰਗ ਦੇ ਬੀਜ ਹੁੰਦੇ ਹਨ।

ਗੁਣਾਂ ਨਾਲ ਭਰਪੂਰ ਕਰੇਲਾ ਕਿਸੇ ਵੀ ਪ੍ਰਕਾਰ ਦੀ ਬਿਮਾਰੀ 'ਚ ਫ਼ਾਇਦੇਮੰਦ ਸਾਬਿਤ ਹੋ ਸਕਦਾ ਹੈ। ਖ਼ਾਸ ਤੌਰ 'ਤੇ ਸ਼ੂਗਰ ਦੇ ਮਰੀਜ਼ਾਂ ਲਈ ਇਹ ਰਾਮਬਾਣ ਹੈ। ਕਰੇਲੇ ਵਿਚ ਵੱਡੀ ਮਾਤਰਾ 'ਚ ਐਂਟੀਆਕਸੀਡੈਂਟਸ ਹੁੰਦੇ ਹਨ ਅਤੇ ਇਸ ਵਿਚ ਵਿਟਾਮਿਨ-ਏ, 'ਬੀ' ਤੇ 'ਸੀ' ਪਾਇਆ ਜਾਂਦਾ ਹੈ। ਇਸ ਦਾ ਸੇਵਨ ਸਰੀਰ ਅੰਦਰਲੇ ਜ਼ਹਿਰੀਲੇ ਤੱਤਾਂ ਨੂੰ ਬਾਹਰ ਕੱਢਣ 'ਚ ਮਦਦ ਕਰਦਾ ਹੈ।

ਲਾਭ

- ਇਸ ਦੇ ਸੇਵਨ ਨਾਲ ਖ਼ੂਨ ਸਾਫ਼ ਹੁੰਦਾ ਹੈ ਤੇ ਇਹ ਹੀਮੋਗਲੋਬਿਨ ਵਧਾਉਣ 'ਚ ਮਦਦ ਮਿਲਦੀ ਹੈ।
- ਕਰੇਲੇ ਦਾ ਲਗਾਤਾਰ ਸੇਵਨ ਕਰਨ ਨਾਲ ਸ਼ੂਗਰ ਕੰਟਰੋਲ 'ਚ ਰਹਿੰਦੀ ਹੈ।
- ਅਸਥਮਾ ਜਾਂ ਦਮੇ ਦੇ ਮਰੀਜ਼ਾਂ ਲਈ ਕਰੇਲੇ ਦੀ ਸਬਜ਼ੀ ਕਾਫ਼ੀ ਫ਼ਾਇਦੇਮੰਦ ਹੁੰਦੀ ਹੈ।
- ਕਰੇਲਾ ਪੇਟ ਦੀ ਗਰਮੀ ਖ਼ਤਮ ਕਰਦਾ ਹੈ ਤੇ ਪਾਚਨ ਪ੍ਰਣਾਲੀ ਨੂੰ ਠੀਕ ਰੱਖਦਾ ਹੈ।
- ਕਰੇਲੇ ਦੀਆਂ ਪੱਤੀਆਂ ਦਾ ਲੇਪ ਜੋੜਾਂ 'ਤੇ ਲਗਾ ਕੇ ਦਰਦ ਤੋਂ ਆਰਾਮ ਮਿਲਦਾ ਹੈ।
- ਹੱਥਾਂ-ਪੈਰਾਂ ਉੱਤੇ ਜਲਣ ਹੋਣ 'ਤੇ ਕਰੇਲੇ ਦੇ ਰਸ ਨਾਲ ਮਾਲਿਸ਼ ਕਰਨ ਨਾਲ ਫ਼ਾਇਦਾ ਹੁੰਦਾ ਹੈ।
- ਕਰੇਲੇ ਦਾ ਰਸ ਨਿੰਬੂ 'ਚ ਮਿਲਾ ਕੇ ਪੀਣ ਨਾਲ ਸਰੀਰ ਦਾ ਭਾਰ ਘੱਟ ਹੁੰਦਾ ਹੈ।
- ਜ਼ਿਗਰ ਸਬੰਧੀ ਰੋਗਾਂ 'ਚ ਕਰੇਲਾ ਖਾਣ ਨਾਲ ਰਾਹਤ ਮਿਲਦੀ ਹੈ। ਇਸ ਗੁਣਕਾਰੀ ਸਬਜ਼ੀ ਨੂੰ ਭੋਜਨ 'ਚ ਵਰਤ ਕੇ ਸਿਹਤ ਨੂੰ ਕਾਫ਼ੀ ਤੰਦਰੁਸਤ ਰੱਖਿਆ ਜਾ ਸਕਦਾ ਹੈ। •

98554-83000

ਦਰਦ ਨਿਵਾਰਕ ਹੈ ਜ਼ੀਰਾ

ਡਾ. ਹਰਿੰਦਰਪਾਲ ਸਿੰਘ

ਜਦੋਂ ਕੋਈ ਵਿਅਕਤੀ ਜੋੜਾਂ ਦੀ ਸੋਜ਼ਿਸ਼, ਦਰਦ ਜਾਂ ਜਕੜਨ ਤੋਂ ਪਰੇਸ਼ਾਨ ਹੋਵੇ ਤਾਂ ਅਜਿਹੀ ਸਥਿਤੀ 'ਚ ਉਹ ਇਨ੍ਹਾਂ ਤੋਂ ਨਿਜਾਤ ਪਾਉਣ ਲਈ ਕੋਈ ਵੀ ਉਪਾਅ ਕਰਨ ਲਈ ਤਿਆਰ ਹੋ ਜਾਂਦਾ ਹੈ ਪਰ ਡਾਕਟਰ ਵੱਲੋਂ ਦਿੱਤੀਆਂ ਦਵਾਈਆਂ ਹੱਲ ਦੇ ਨਾਲ-ਨਾਲ ਹੋਰ ਸਮੱਸਿਆਵਾਂ ਪੈਦਾ ਕਰ ਦਿੰਦੀਆਂ ਹਨ। ਕੋਈ ਵੀ ਅਜਿਹਾ ਨਹੀਂ ਚਾਹੁੰਦਾ ਕਿ ਜੋ ਦਵਾਈ ਖਾਈਏ, ਉਸ ਨਾਲ ਪਹਿਲੇ ਦਰਦ ਨਾਲੋਂ ਵੀ ਮਾੜਾ ਹਾਲ ਹੋਵੇ। ਉਥੇ ਹੀ ਸਾਡੇ ਭੋਜਨ ਵਿਚ ਅਜਿਹਾ ਬਹੁਤ ਕੁਝ ਮੌਜੂਦ ਹੈ, ਜੋ ਕੁਦਰਤੀ ਤੌਰ 'ਤੇ ਸਾਨੂੰ ਦਰਦ ਤੋਂ ਨਿਜਾਤ ਦਿਵਾ ਸਕਦਾ ਹੈ। ਗੱਲ ਕਰਦੇ ਹਾਂ, ਸਦੀਆਂ ਪੁਰਾਣੇ ਦਰਦ ਨਿਵਾਰਕ ਨੁਸਖ਼ੇ ਬਾਰੇ, ਜਿਸ ਬਾਰੇ ਬਹੁਤੇ ਲੋਕ ਨਹੀਂ ਜਾਣਦੇ। ਇਹ ਇਕ ਸੁਰੱਖਿਅਤ ਇਲਾਜ ਹੈ, ਜੋ ਘਰ ਵਿਚ ਹੀ ਕੀਤਾ ਜਾ ਸਕਦਾ ਹੈ। ਜਿਸ ਬੀਜ ਬਾਰੇ ਅਸੀਂ ਗੱਲ ਕਰਨ ਜਾ ਰਹੇ ਹਾਂ, ਉਹ ਹੈ 'ਜ਼ੀਰਾ'। ਇਸ ਨੂੰ ਆਮ ਤੌਰ 'ਤੇ ਅਸੀਂ ਇਕ ਮਸਾਲੇ ਵਜੋਂ ਜਾਣਦੇ ਹਾਂ।

ਗੁਣ

ਭਾਰਤ ਅਤੇ ਏਸ਼ਿਆਈ ਦੇਸ਼ਾਂ ਵਿਚ ਜ਼ੀਰੇ ਨੂੰ ਭੋਜਨ ਤਿਆਰ ਕਰਨ ਲਈ ਸਦੀਆਂ ਤੋਂ ਇਸਤੇਮਾਲ ਕੀਤਾ ਜਾ ਰਿਹਾ ਹੈ। ਜ਼ੀਰਾ ਅਤੇ ਜ਼ੀਰੇ ਦੇ ਬੀਜਾਂ ਤੋਂ ਕੱਢਿਆ ਗਿਆ ਤੇਲ, ਜਿਸ ਨੂੰ 'ਨਿਜੈਲਾ ਸਟਾਈਵਾ' ਆਖਦੇ ਹਨ, ਦਰਦ ਨਿਵਾਰਕ ਗੁਣਾਂ ਨਾਲ ਭਰਪੂਰ ਹੈ। ਇਹ ਤੇਲ ਗਰਮੀ ਦੇਣ ਦੇ ਨਾਲ-ਨਾਲ ਪੱਠਿਆਂ ਅਤੇ ਜੋੜਾਂ ਦੇ ਦਰਦ ਨੂੰ ਠੀਕ ਕਰਨ 'ਚ ਸਹਾਈ ਹੁੰਦਾ ਹੈ। ਇਹ ਸਾਡੇ ਨਰਵਸ ਸਿਸਟਮ ਨੂੰ ਮਜ਼ਬੂਤ ਬਣਾਉਂਦਾ ਹੈ। ਸਰੀਰ ਦੀਆਂ ਦਰਦਾਂ ਦੇ ਨਾਲ-ਨਾਲ ਇਹ ਮਾਈਗ੍ਰੇਨ (ਅੱਧੇ ਸਿਰ ਦੀ ਦਰਦ) ਨੂੰ ਵੀ ਠੀਕ ਕਰਦਾ ਹੈ। ਨਵੀਂ ਖੋਜ ਅਨੁਸਾਰ ਇਹ ਸਰੀਰ ਵਿਚ ਹੋਣ ਵਾਲੀ ਕਿਸੇ ਵੀ ਤਰ੍ਹਾਂ ਦੀ ਇਨਫੈਕਸ਼ਨ, ਸੱਟ ਲੱਗਣ 'ਤੇ ਹੋਣ ਵਾਲੀ ਲਾਗ ਤੇ ਜਲਣ ਨੂੰ ਠੀਕ ਕਰਦਾ ਹੈ। ਖੋਜਾਂ ਤੋਂ ਸਿੱਧ ਹੋਇਆ ਹੈ ਕਿ ਇਸ ਵਿਚ ਇਕ ਅਜਿਹਾ ਯੌਗਿਕ ਪਾਇਆ ਜਾਂਦਾ ਹੈ, ਜੋ 36 ਸਾਲ ਤਕ ਸਟੋਰ ਕਰ ਕੇ ਰੱਖਣ ਤੋਂ ਬਾਅਦ ਵੀ ਮਾਈਕ੍ਰੋਬਜ਼, ਬੈਕਟੀਰੀਆ ਅਤੇ ਫੰਗਸ ਨੂੰ ਖ਼ਤਮ ਕਰਨ ਦੀ ਸਮਰਥਾ ਰੱਖਦਾ ਹੈ। ਜ਼ੀਰੇ ਦੇ ਬੀਜਾਂ ਨੂੰ ਭੁੰਨ ਕੇ ਇਸ ਦਾ ਪਾਊਡਰ ਬਣਾ ਕੇ 1000 ਮਿਲੀਗ੍ਰਾਮ ਤਕ ਲੈਣਾ ਚਾਹੀਦਾ ਹੈ। ਜ਼ੀਰੇ ਵਿਚ ਵਿਟਾਮਿਨਜ਼, ਖਣਿਜ, ਜ਼ਰੂਰੀ ਫੈਟੀ ਐਸਿਡ ਤੋਂ ਇਲਾਵਾ ਮੈਗਨੀਜ਼ ਅਤੇ ਮੈਗਨੀਸ਼ੀਅਮ ਵੀ ਭਰਪੂਰ ਮਾਤਰਾ 'ਚ ਹੁੰਦੇ ਹਨ।

ਕਿਸਮਾਂ

ਜ਼ੀਰਾ ਦੋ ਪ੍ਰਕਾਰ ਦਾ ਹੁੰਦਾ ਹੈ- ਸਫ਼ੈਦ ਅਤੇ ਕਾਲਾ। ਸਫ਼ੈਦ ਜ਼ੀਰੇ ਦਾ ਇਸਤੇਮਾਲ ਜ਼ਿਆਦਾਤਰ ਸਬਜ਼ੀ ਆਦਿ 'ਚ ਕੀਤਾ ਜਾਂਦਾ ਹੈ, ਜਦਕਿ ਕਾਲੇ ਜ਼ੀਰੇ 'ਚ ਦਵਾਈਆਂ ਵਾਲੇ ਗੁਣ ਜ਼ਿਆਦਾ ਹੁੰਦੇ ਹਨ। ਇਹ ਜ਼ਿਆਦਾਤਰ ਗੁਜਰਾਤ 'ਚ ਬੀਜਿਆ ਜਾਂਦਾ ਹੈ। ਦਰਦ ਨਿਵਾਰਕ ਹੋਣ ਦੇ ਨਾਲ-ਨਾਲ ਇਹ ਪਾਚਕ ਵੀ ਹੁੰਦਾ ਹੈ। ਜ਼ੀਰੇ ਨੂੰ ਉਬਾਲ ਕੇ ਉਸ ਪਾਣੀ ਨਾਲ ਮੂੰਹ ਧੋਣ ਨਾਲ ਚਿਹਰੇ 'ਤੇ ਨਿਖਾਰ ਆਉਂਦਾ ਹੈ। ਜ਼ੀਰਾ ਬਾਦੀ ਤੇ ਖ਼ੂਨੀ ਬਵਾਸੀਰ, ਪੁਰਾਣੇ ਬੁਖ਼ਾਰ, ਰੁਕ-ਰੁਕ ਕੇ ਚੜ੍ਹਨ ਵਾਲੇ ਬੁਖ਼ਾਰ, ਮਲੇਰੀਆ, ਜਲਣ, ਪੱਥਰੀ, ਪਿਸ਼ਾਬ ਦੀ ਰੁਕਾਵਟ, ਗੈਸ, ਲਿਊਕੋਰੀਆ, ਗਰਭ ਅਵਸਥਾ 'ਚ ਉਲਟੀਆਂ ਦੀ ਸ਼ਿਕਾਇਤ, ਮਾਂ ਦੇ ਦੁੱਧ ਦੀ ਕਮੀ ਨੂੰ ਦੂਰ ਕਰਨ, ਖਾਰਸ਼ ਤੇ ਦਸਤ ਆਦਿ ਰੋਗਾਂ 'ਚ ਵੀ ਲਾਭਦਾਇਕ ਹੈ। ਇਹ ਇਕ ਉੱਤਮ ਐਂਟੀਆਕਸੀਡੈਂਟ, ਐਂਟੀਸੈਪਟਿਕ, ਐਂਟੀਪਾਰਾਸਾਈਟਿਕ ਹੈ। ਜ਼ੀਰਾ ਸਰੀਰ ਅੰਦਰ ਰੋਗਾਂ ਨਾਲ ਲੜਨ ਦੀ ਸ਼ਕਤੀ ਨੂੰ ਵਧਾਉਂਦਾ ਹੈ ਅਤੇ ਥਕਾਵਟ ਦੂਰ ਕਰਦਾ ਹੈ। ਪਾਚਨ ਸ਼ਕਤੀ ਨੂੰ ਵਧਾ ਕੇ ਸਰੀਰ 'ਚ ਨਵੀਂ ਊਰਜਾ ਦਾ ਸੰਚਾਰ ਕਰਦਾ ਹੈ। ਵਧੇ ਹੋਏ ਬਲੱਡ ਪ੍ਰੈਸ਼ਰ ਨੂੰ ਘੱਟ ਕਰਦਾ ਹੈ। ਇਸ ਤੋਂ ਇਲਾਵਾ ਇਹ ਆਮ ਕੈਂਸਰ, ਪੈਨਕਰੀਆਜ਼ ਜਾਂ ਤਿੱਲੀ ਦੇ ਕੈਂਸਰ, ਗੁਰਦਿਆਂ ਦੇ ਰੋਗ, ਦਮਾ, ਨੀਂਦ ਨਾ ਅਉਣਾ ਤੇ ਜੋੜਾਂ ਦੇ ਦਰਦ 'ਚ ਵੀ ਅਸਰਦਾਇਕ ਸਿੱਧ ਹੋਇਆ ਹੈ। ਜ਼ੀਰੇ ਦਾ ਇਸਤੇਮਾਲ ਕਿਸੇ ਵੀ ਰੋਗ ਲਈ ਜੜ੍ਹੀ-ਬੂਟੀ ਮਾਹਿਰ ਜਾਂ ਕਿਸੇ ਯੋਗ ਨੈਚੁਰੋਪੈਥ ਡਾਕਟਰ ਦੀ ਸਲਾਹ ਨਾਲ ਹੀ ਕਰਨਾ ਚਾਹੀਦਾ ਹੈ। •

98148-13674

ਔਸਟੀਓਪੋਰੋਸਿਸ ਲੱਛਣ ਤੇ ਬਚਾਅ

ਗੋਬਿੰਦਰ ਸਿੰਘ ਢੀਂਡਸਾ

20 ਅਕਤੂਬਰ 'ਤੇ ਵਿਸ਼ੇਸ਼

ਦੁਨੀਆ ਵਿਚ ਹਰ ਸਾਲ 20 ਅਕਤੂਬਰ ਨੂੰ ਵਿਸ਼ਵ ਔਸਟੀਓਪੋਰੋਸਿਸ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਸਵਿਟਜ਼ਰਲੈਂਡ ਸਥਿਤ ਅੰਤਰਰਾਸ਼ਟਰੀ ਔਸਟੀਓਪੋਰੋਸਿਸ ਫਾਊਂਡੇਸ਼ਨ ਵੱਲੋਂ ਇਹ ਦਿਵਸ ਮਨਾਇਆ ਜਾਂਦਾ ਹੈ। ਇਹ ਦਿਵਸ ਔਸਟੀਓਪੋਰੋਸਿਸ ਸਬੰਧੀ ਲੋਕਾਂ ਅੰਦਰ ਜਾਗਰੂਕਤਾ ਵਧਾਉਣ ਦੇ ਉਦੇਸ਼ ਨਾਲ ਇਹ ਦਿਨ ਮਨਾਇਆ ਜਾਂਦਾ ਹੈ।

ਕੀ ਹੈ ਔਸਟੀਓਪੋਰੋਸਿਸ ?

ਔਸਟੀਓਪੋਰੋਸਿਸ ਇਕ ਹੱਡੀਆਂ ਦਾ ਰੋਗ ਹੈ ਜਿਸ ਨਾਲ ਫਰੈਕਚਰ ਹੋਣ ਦਾ ਖ਼ਤਰਾ ਵਧ ਜਾਂਦਾ ਹੈ। ਇਸ ਰੋਗ ਕਰਕੇ ਹੱਡੀਆਂ ਕਮਜ਼ੋਰ ਤੇ ਨਾਜ਼ੁਕ ਹੋ ਜਾਂਦੀਆਂ ਹਨ, ਜਿਸ ਕਰਕੇ ਰੀੜ੍ਹ ਦੀ ਹੱਡੀ, ਖ਼ਾਸ ਕਰਕੇ ਚੂਲ੍ਹੇ ਅਤੇ ਗੁੱਟ ਦੇ ਫਰੈਕਚਰ ਹੋਣ ਦਾ ਖ਼ਤਰਾ ਵਧ ਜਾਂਦਾ ਹੈ। ਔਸਟੀਓਪੋਰੋਸਿਸ ਦੌਰਾਨ ਹੱਡੀਆਂ ਖੋਖਲੀਆਂ ਤੇ ਕਮਜ਼ੋਰ ਹੋ ਜਾਂਦੀਆਂ ਹਨ ਅਤੇ ਹਲਕਾ ਦਬਾਅ ਪੈਣ 'ਤੇ ਹੀ ਟੁੱਟ ਜਾਂਦੀਆਂ ਹਨ। ਇਸ ਸਥਿਤੀ ਵਿਚ ਹੱਡੀ ਦਾ ਫਿਰ ਤੋਂ ਜੁੜਨਾ ਮੁਸ਼ਕਿਲ ਹੋ ਜਾਂਦਾ ਹੈ। ਔਸਟਿਓ-ਅਰਥਰਾਈਟਿਸ 'ਚ ਕਾਰਟਲੇਜ਼ ਆਪਣਾ ਲਚਕੀਲਾਪਣ ਗੁਆ ਦਿੰਦਾ ਹੈ। ਔਸਟੀਓਪੋਰੋਸਿਸ ਦੌਰਾਨ ਹੱਡੀਆਂ ਦੀ ਮਜ਼ਬੂਤੀ ਲਗਾਤਾਰ ਘਟਦੀ ਜਾਂਦੀ ਹੈ ਅਤੇ ਫਰੈਕਚਰ ਜ਼ਿਆਦਾ ਹੁੰਦੇ ਜਾਂਦੇ ਹਨ, ਇੱਥੋਂ ਤਕ ਕਿ ਛਿੱਕ ਮਾਰਨ 'ਤੇ ਵੀ ਪਸਲੀ ਫਰੈਕਚਰ ਹੋ ਸਕਦੀ ਹੈ।

ਉਮਰ

ਹੱਡੀ ਇਕ ਜੀਵਤ ਅੰਗ ਹੈ, ਜੀਵਨ ਭਰ ਪੁਰਾਣੀ ਹੱਡੀ ਗਲਦੀ ਜਾਂਦੀ ਹੈ ਅਤੇ ਨਵੀਂ ਬਣਦੀ ਜਾਂਦੀ ਹੈ। ਵੀਹ ਸਾਲ ਦੀ ਉਮਰ ਤਕ ਨਵੀਂ ਹੱਡੀ ਬਣਨ ਦੀ ਰਫ਼ਤਾਰ ਜ਼ਿਆਦਾ ਹੁੰਦੀ ਹੈ ਅਤੇ ਪੁਰਾਣੀ ਹੱਡੀ ਗਲਣ ਦੀ ਘੱਟ, ਜਿਸ ਕਰਕੇ ਹੱਡੀਆਂ ਦੀ ਘਣਤਾ ਜ਼ਿਆਦਾ ਹੁੰਦੀ ਹੈ ਅਤੇ ਉਹ ਮਜ਼ਬੂਤ ਹੁੰਦੀਆਂ ਹਨ। 30 ਸਾਲ ਦੀ ਉਮਰ ਤਕ ਆਉਂਦਿਆਂ-ਆਉਂਦਿਆਂ ਹੱਡੀਆਂ ਦਾ ਗਲਣਾ ਵਧਣ ਲੱਗਦਾ ਹੈ ਅਤੇ ਨਵੀਂ ਹੱਡੀ ਬਣਨ ਦੀ ਗਤੀ ਘੱਟ ਹੋਣ ਲੱਗਦੀ ਹੈ। ਇਹ ਵਧਦੀ ਉਮਰ ਦੀ ਨਿਯਮਿਤ ਪ੍ਰਕਿਰਿਆ ਹੈ।

ਲੱਛਣ

ਔਸਟੀਓਪੋਰੋਸਿਸ ਹੌਲੀ-ਹੌਲੀ ਕਈ ਮਹੀਨੇ-ਸਾਲਾਂ 'ਚ ਵਿਅਕਤੀ ਨੂੰ ਆਪਣੀ ਗ੍ਰਿਫ਼ਤ ਵਿਚ ਲੈਂਦਾ ਹੈ ਅਤੇ ਇਸ ਸਮੱਸਿਆ ਦਾ ਪਤਾ ਕਾਫ਼ੀ ਦੇਰ ਬਾਅਦ ਲੱਗਦਾ ਹੈ। ਜੋੜਾਂ ਵਿਚ ਦਰਦ, ਸਿੱਧੇ ਬੈਠਣ ਵਿਚ ਔਖਿਆਈ ਅਤੇ ਖੜ੍ਹੇ ਹੋਣ ਵਿਚ ਤਕਲੀਫ਼ ਆਦਿ ਇਸ ਦੇ ਮੁੱਖ ਲੱਛਣ ਹਨ। ਬਜ਼ੁਰਗਾਂ ਵਿਚ ਅਕਸਰ ਦੇਖੀ ਜਾਣ ਵਾਲੀ ਸਰੀਰ ਦੀ ਝੁਕੀ ਹੋਈ ਸਥਿਤੀ ਸੰਭਾਵਿਤ ਔਸਟੀਓਪੋਰੋਸਿਸ ਦਾ ਪ੍ਰਤੱਖ ਸੰਕੇਤ ਹਨ। ਪੰਜਾਹ ਸਾਲ ਤੋਂ ਉੱਪਰ ਦੀਆਂ ਤਿੰਨ ਔਰਤਾਂ ਵਿੱਚੋਂ ਇਕ ਔਰਤ ਤੇ ਪੰਜ ਪੁਰਸ਼ਾਂ ਵਿੱਚੋਂ ਇਕ ਪੁਰਸ਼ ਇਸ ਤੋਂ ਪ੍ਰਭਾਵਿਤ ਹੈ। ਔਰਤਾਂ ਵਿਚ ਪੁਰਸ਼ਾਂ ਦੇ ਮੁਕਾਬਲੇ ਔਸਟੀਓਪੋਰੋਸਿਸ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ। ਉਮਰ ਦੇ ਨਾਲ-ਨਾਲ ਔਰਤਾਂ ਦੇ ਸਰੀਰ ਵਿਚ ਐਸਟ੍ਰੋਜਨ ਹਾਰਮੋਨ ਦਾ ਪੱਧਰ ਘਟਦਾ ਜਾਂਦਾ ਹੈ ਅਤੇ ਉਨ੍ਹਾਂ ਵਿਚ ਔਸਟੀਓਪੋਰੋਸਿਸ ਦੀ ਜ਼ਿਆਦਾ ਸੰਭਾਵਨਾ ਹੋ ਜਾਂਦੀ ਹੈ। 50 ਸਾਲ ਦੀ ਉਮਰ ਤੋਂ ਬਾਅਦ ਚੂਲ੍ਹੇ ਅਤੇ ਰੀੜ੍ਹ ਦੀ ਹੱਡੀ ਦੇ ਫਰੈਕਚਰ ਦੀ ਸੰਭਾਵਨਾ 54 ਫ਼ੀਸਦੀ ਵਧ ਜਾਂਦੀ ਹੈ। ਸਰਵੇ ਦੱਸਦੇ ਹਨ ਕਿ ਮੀਨੋਪੌਜ਼ ਤੋਂ ਬਾਅਦ 10 ਵਿੱਚੋਂ ਹਰ ਤੀਜੀ ਔਰਤ ਨੂੰ ਇਹ ਰੋਗ ਹੋ ਸਕਦਾ ਹੈ। ਭਾਰਤ ਵਿਚ 2 ਵਿੱਚੋਂ ਇਕ ਔਰਤ ਜੋ 45 ਸਾਲ ਤੋਂ ਉੱਪਰ ਹੈ, ਉਹ ਔਸਟੀਓਪੋਰੋਸਿਸ ਤੋਂ ਪੀੜਤ ਹੈ।

ਕਾਰਨ

ਔਸਟੀਓਪੋਰੋਸਿਸ ਦੇ ਮੁੱਖ ਕਾਰਨਾਂ ਵਿਚ ਸਰੀਰ ਵਿਚ ਕੈਲਸ਼ੀਅਮ ਦੀ ਘਾਟ ਹੋਣਾ ਹੈ ਤੇ ਹੋਰ ਕਾਰਨਾਂ ਵਿਚ ਹਾਰਮੋਨ ਸਬੰਧੀ ਸਮੱਸਿਆਵਾਂ, ਪੋਸ਼ਣ ਰਹਿਤ ਭੋਜਨ, ਜ਼ਿਆਦਾ ਸਿਗਰਟਨੋਸ਼ੀ ਅਤੇ ਸ਼ਰਾਬ ਦਾ ਸੇਵਨ ਆਦਿ ਆ ਜਾਂਦਾ ਹੈ।

ਬਚਾਅ

ਸਿਹਤਮੰਦ ਸਰੀਰ ਲਈ ਜ਼ਰੂਰੀ ਹੈ ਕਿ ਸੰਤੁਲਿਤ ਭੋਜਨ ਨੂੰ ਪਹਿਲ ਦਿੱਤੀ ਜਾਵੇ। ਇਸ ਬਿਮਾਰੀ ਤੋਂ ਬਚਾਅ ਲਈ ਕੈਲਸ਼ੀਅਮ ਅਤੇ ਵਿਟਾਮਿਨ-ਡੀ ਭਰਪੂਰ ਖ਼ੁਰਾਕੀ ਪਦਾਰਥ, ਜਿਵੇਂ ਦੁੱਧ, ਦਹੀਂ, ਆਂਡੇ, ਸੋਇਆਬੀਨ ਤੇ ਹਰੀਆਂ ਪੱਤੇਦਾਰ ਸਬਜ਼ੀਆਂ ਦੀ ਵਰਤੋਂ ਕਰ ਕੇ ਇਸ ਬਿਮਾਰ ਤੋਂ ਬਚਾਅ ਕੀਤਾ ਜਾ ਸਕਦਾ ਹੈ। •

ਚੰਡੀਗੜ੍ਹ ’ਚ ਅਹਿਮ ਬੈਠਕ, ’ਵੰਦੇ ਮਾਤਰਮ’ ਦੇ ਮੁੱਦੇ ’ਤੇ ਸਿੱਖ ਤੇ ਮੁਸਲਿਮ ਬੁੱਧੀਜੀਵੀਆਂ ਨੇ ਪ੍ਰਗਟਾਈ ਧਰਮ ਨਿਰਪੱਖਤਾ ਨੂੰ ਲੈ ਕੇ ਚਿੰਤਾ

ਕੌਮੀ ਪਤ੍ਰਿਕਾ

ਜਲੰਧਰ 30 ਅਕਤੂਬਰ। ਵੰਦੇ ਮਾਤਰਮ ਦੇ ਮੁੱਦੇ ਨੂੰ ਲੈ ਕੇ ਦੇਸ਼ ਦੀ ਧਰਮ ਨਿਰਪੱਖਤਾ, ਸੰਵਿਧਾਨਕ ਕਦਰਾਂ-ਕੀਮਤਾਂ ਅਤੇ ਘੱਟ ਗਿਣਤੀਆਂ ਦੇ ਅਧਿਕਾਰਾਂ ਬਾਰੇ ਉੱਠ ਰਹੇ ਸਵਾਲਾਂ ’ਤੇ ਵਿਚਾਰ ਕਰਨ ਲਈ 26 ਸਤੰਬਰ 2026 ਨੂੰ ਕੇਂਦਰੀ ਸਿੰਘ ਸਭਾ, ਚੰਡੀਗੜ੍ਹ ਦੇ ਵਿਹੜੇ ਵਿੱਚ ਵਿਸ਼ੇਸ਼ ਵਿਚਾਰ-ਚਰਚਾ ਕੀਤੀ ਗਈ। ਇਸ ਵਿੱਚ ਸਿੱਖ ਅਤੇ ਮੁਸਲਿਮ ਬੁੱਧੀਜੀਵੀਆਂ ਸਮੇਤ ਕਈ ਸਮਾਜਿਕ ਅਤੇ ਰਾਜਨੀਤਕ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਚਰਚਾ ਦਾ ਮੁੱਖ ਉਦੇਸ਼ ਵੰਦੇ ਮਾਤਰਮ ਨਾਲ ਜੁੜੇ ਵਿਵਾਦ ਅਤੇ ਇਸ ਦੇ ਸੰਵਿਧਾਨਕ ਤੇ ਸਮਾਜਿਕ ਪ੍ਰਭਾਵਾਂ ਬਾਰੇ ਲੋਕਾਂ ਵਿੱਚ ਜਾਗਰੂਕਤਾ ਪੈਦਾ ਕਰਨਾ ਸੀ। ਇਸ ਵਿਚਾਰ-ਚਰਚਾ ਵਿੱਚ ਸਾਬਕਾ ਰਾਜ ਸਭਾ ਮੈਂਬਰ ਅਤੇ ਆਈ ਐਮ ਸੀ ਆਰ ਦੇ ਚੇਅਰਮੈਨ ਮੁਹੰਮਦ ਅਦੀਬ, ਪਟਨਾ ਹਾਈ ਕੋਰਟ ਦੇ ਸਾਬਕਾ ਮੁੱਖ ਜੱਜ ਇਕਬਾਲ ਅੰਸਾਰੀ ਅਤੇ ਸਾਬਕਾ ਜਸਟਿਸ ਰਣਜੀਤ ਸਿੰਘ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਹਿੱਸਾ ਲਿਆ। ਬੁਲਾਰਿਆਂ ਨੇ ਵੰਦੇ ਮਾਤਰਮ ਦੇ ਮੁੱਦੇ ਨੂੰ ਦੇਸ਼ ਦੀ ਧਰਮ ਨਿਰਪੱਖਤਾ ਅਤੇ ਸੰਵਿਧਾਨ ਦੇ ਮੂਲ ਸਿਧਾਂਤਾਂ ਦੇ ਸੰਦਰਭ ਵਿੱਚ ਵਿਚਾਰਨ ਦੀ ਲੋੜ ’ਤੇ ਜ਼ੋਰ ਦਿੱਤਾ। ਭਾਰਤ ਦੀ ਰਾਜਨੀਤੀ ਵਿੱਚ ਧਰਮ, ਘੱਟ ਗਿਣਤੀਆਂ ਦੇ ਅਧਿਕਾਰਾਂ ਅਤੇ ਕੌਮੀ ਪ੍ਰਤੀਕਾਂ ਦੀ ਭੂਮਿਕਾ ਨੂੰ ਲੈ ਕੇ ਲੰਮੇ ਸਮੇਂ ਤੋਂ ਬਹਿਸ ਚੱਲਦੀ

ਆ ਰਹੀ ਹੈ। ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਸਰਕਾਰ ਦੇ ਕਾਰਜਕਾਲ, ਸੱਚਰ ਕਮੇਟੀ ਦੀ ਰਿਪੋਰਟ ਅਤੇ ਮੁਸਲਿਮ ਭਾਈਚਾਰੇ ਦੀ ਸਮਾਜਿਕ-ਆਰਥਿਕ ਸਥਿਤੀ ਦਾ ਜ਼ਿਕਰ ਕਰਦਿਆਂ ਕਿਹਾ ਗਿਆ ਕਿ ਘੱਟ ਗਿਣਤੀਆਂ ਦੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਉਨ੍ਹਾਂ ਦੀ ਨੁਮਾਇੰਦਗੀ ਨੂੰ ਨੀਤੀ-ਨਿਰਮਾਣ ਦੀ ਮੁੱਖ ਧਾਰਾ ਵਿੱਚ ਲਿਆਉਣ ਲਈ ਠੋਸ ਯਤਨਾਂ ਦੀ ਲੋੜ ਹੈ। ਭਾਰਤੀ ਜਨਤਾ ਪਾਰਟੀ ਅਤੇ ਰਾਸ਼ਟਰੀ ਸਵੈਮ ਸੇਵਕ ਸੰਘ ਦੀ ਰਾਜਨੀਤਕ ਵਿਚਾਰਧਾਰਾ ਦੀ ਵੀ ਆਲੋਚਨਾ ਕੀਤੀ ਗਈ। ਇਸ ਵਿੱਚ 1984 ਦੇ ਸਿੱਖ ਵਿਰੋਧੀ ਹਿੰਸਕ ਘਟਨਾਕ੍ਰਮ, ਬਾਬਰੀ ਮਸਜਿਦ ਨਾਲ ਜੁੜੇ ਵਿਵਾਦ ਅਤੇ ਸਿੱਖ ਨੌਜਵਾਨਾਂ ਨਾਲ ਹੋਏ ਕਥਿਤ ਅਨਿਆਂ ਵਰਗੇ ਇਤਿਹਾਸਕ ਮੁੱਦਿਆਂ ਦਾ ਹਵਾਲਾ ਦਿੰਦਿਆਂ ਇਨ੍ਹਾਂ ਮਾਮਲਿਆਂ ਦੀ ਨਿਰਪੱਖ ਜਾਂਚ ਅਤੇ ਇਤਿਹਾਸਕ ਘਟਨਾਵਾਂ ਦਾ ਤੱਥਾਂ ਦੇ ਆਧਾਰ ’ਤੇ ਮੁਲਾਂਕਣ ਕਰਨ ਦੀ ਲੋੜ ਉਠਾਈ ਗਈ। ਸਾਲ 2014 ਦੀਆਂ ਲੋਕ ਸਭਾ ਚੋਣਾਂ ਅਤੇ ਉਸ ਤੋਂ ਬਾਅਦ ਦੇ ਰਾਜਨੀਤਕ ਘਟਨਾਕ੍ਰਮ ਦਾ ਜ਼ਿਕਰ ਕਰਦਿਆਂ ਦਾਅਵਾ ਕੀਤਾ ਗਿਆ ਕਿ ਧਾਰਮਿਕ ਪਛਾਣ ਨਾਲ ਜੁੜੀ ਰਾਜਨੀਤੀ ਨੇ ਘੱਟ ਗਿਣਤੀ ਭਾਈਚਾਰਿਆਂ ਵਿੱਚ ਚਿੰਤਾਵਾਂ ਪੈਦਾ ਕੀਤੀਆਂ ਹਨ। ਇਸੇ ਸੰਦਰਭ ਵਿੱਚ ਵੰਦੇ ਮਾਤਰਮ ਦੇ ਪੂਰੇ ਗੀਤ ਨੂੰ ਸੰਸਦ ਵਿੱਚ ਗਾਉਣ ਅਤੇ ਇਸ ਮੁੱਦੇ ਨਾਲ ਜੁੜੇ ਕਾਨੂੰਨੀ ਪ੍ਰਬੰਧਾਂ ਬਾਰੇ ਵੀ ਸਵਾਲ ਉਠਾਏ ਗਏ। ਬੁਲਾਰਿਆਂ ਦੀ ਚਿੰਤਾ ਸੀ ਕਿ ਦੇਸ਼ ਭਗਤੀ ਦੇ ਪ੍ਰਗਟਾਵੇ ਨੂੰ ਕਿਸੇ ਇੱਕ ਧਾਰਮਿਕ ਪਛਾਣ ਨਾਲ ਜੋੜ ਕੇ ਦੇਖਣ ਦੀ ਬਜਾਏ ਭਾਰਤ ਦੀ ਬਹੁ-ਧਾਰਮਿਕ ਅਤੇ ਬਹੁ-ਸੱਭਿਆਚਾਰਕ ਵਿਰਾਸਤ ਨੂੰ ਧਿਆਨ ਵਿੱਚ ਰੱਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਅਨੁਸਾਰ, ਭਾਰਤੀ ਸੰਵਿਧਾਨ ਦੀ ਧਰਮ ਨਿਰਪੱਖਤਾ, ਧਾਰਮਿਕ ਆਜ਼ਾਦੀ ਅਤੇ ਸਾਰੇ ਨਾਗਰਿਕਾਂ ਦੀ ਬਰਾਬਰੀ ਵਰਗੀਆਂ ਕਦਰਾਂ-ਕੀਮਤਾਂ ਦੀ ਰੱਖਿਆ ਕਰਨਾ ਲੋਕਤੰਤਰ ਲਈ ਬਹੁਤ ਮਹੱਤਵਪੂਰਨ ਹੈ। ਵਿਚਾਰ-ਚਰਚਾ ਦੇ ਅੰਤ ਵਿੱਚ ਇਸ ਮੁੱਦੇ ’ਤੇ ਲੋਕਾਂ ਨੂੰ ਜਾਗਰੂਕ ਕਰਨ ਅਤੇ ਭਵਿੱਖ ਵਿੱਚ ਅਗਲੀ ਰਣਨੀਤੀ ਤੈਅ ਕਰਨ ਲਈ ਹੋਰ ਵਿਚਾਰ-ਵਟਾਂਦਰਾ ਕਰਨ ਦੀ ਲੋੜ ’ਤੇ ਜ਼ੋਰ ਦਿੱਤਾ ਗਿਆ।

ਦਿੱਲੀ ਪੁਲਸ ਨੇ 60 ਕਰੋੜ ਰੁਪਏ ਦਾ ਨਸ਼ੀਲਾ ਪਦਾਰਥ ਕੀਤਾ ਜ਼ਬਤ, 7 ਗ੍ਰਿਫ਼ਤਾਰ

ਨਵੀਂ ਦਿੱਲੀ 30 ਅਕਤੂਬਰ। ਦਿੱਲੀ ਪੁਲਸ ਨੇ ਰਾਸ਼ਟਰੀ ਰਾਜਧਾਨੀ ਦਿੱਲੀ, ਹਰਿਆਣਾ, ਉੱਤਰ ਪ੍ਰਦੇਸ਼ ਅਤੇ ਝਾਰਖੰਡ ਵਿਚ ਫੈਲੇ ਇਕ ਕਥਿਤ ਅੰਤਰਰਾਜੀ ਹੈਰੋਇਨ ਨਿਰਮਾਣ ਅਤੇ ਸਪਲਾਈ ਗਿਰੋਹ ਦਾ ਪਰਦਾਫਾਸ਼ ਕਰ ਕੇ 7 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ 8 ਕਿੱਲੋਗ੍ਰਾਮ ਤੋਂ ਵੱਧ ਨਸ਼ੀਲਾ ਪਦਾਰਥ ਜ਼ਬਤ ਕੀਤਾ ਹੈ, ਜਿਸ ਦੀ ਅੰਤਰਰਾਸ਼ਟਰੀ ਬਾਜ਼ਾਰ ਵਿਚ ਕੀਮਤ ਲੱਗਭਗ 60 ਕਰੋੜ ਰੁਪਏ ਹੈ। ਅਧਿਕਾਰੀਆਂ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਝਾਰਖੰਡ ਦੇ ਨਕਸਲ ਪ੍ਰਭਾਵਿਤ ਚਤਰਾ ਜ਼ਿਲੇ ਤੋਂ ਕੱਚੀ ਅਫ਼ੀਮ ਦੇ ਕਥਿਤ ਸਪਲਾਇਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜੋ ਆਪਣੀ ਖੇਤੀਯੋਗ ਜ਼ਮੀਨ ’ਤੇ ਅਫ਼ੀਮ ਦੀ ਗ਼ੈਰ-ਕਾਨੂੰਨੀ ਖੇਤੀ ਵਿਚ ਸ਼ਾਮਲ ਸੀ। ਪੁਲਸ ਨੇ ਹੈਰੋਇਨ ਨਿਰਮਾਣ ਵਿਚ ਵਰਤੇ ਜਾਣ ਵਾਲੇ ਲੱਗਭਗ 3.3 ਕਿੱਲੋਗ੍ਰਾਮ ਰਸਾਇਣ ਅਤੇ ਹੋਰ ਕੱਚਾ ਮਾਲ, 12.81 ਲੱਖ ਰੁਪਏ ਨਕਦ, 3 ਐੱਸ. ਯੂ. ਵੀ. ਕਾਰਾਂ, ਇਕ ਮੋਟਰਸਾਈਕਲ ਅਤੇ ਇਸ ਪਾਬੰਦੀਸ਼ੁਦਾ ਸਮੱਗਰੀ ਦੇ ਉਤਪਾਦਨ ਵਿਚ ਕਥਿਤ ਤੌਰ ’ਤੇ ਵਰਤੇ ਜਾਣ ਵਾਲੇ ਉਪਕਰਨ ਵੀ ਜ਼ਬਤ ਕੀਤੇ ਹਨ। ਰੋਹਿਣੀ ਦੇ ਡਿਪਟੀ ਕਮਿਸ਼ਨਰ ਆਫ ਪੁਲਸ (ਡੀ. ਸੀ. ਪੀ.) ਸ਼ਸ਼ਾਂਕ ਜੈਸਵਾਲ ਨੇ ਕਿਹਾ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਝਾਰਖੰਡ ਅਤੇ ਉੱਤਰ ਪ੍ਰਦੇਸ਼ ਤੋਂ ਕੱਚੀ ਅਫ਼ੀਮ ਮੰਗਵਾਈ ਜਾਂਦੀ ਸੀ, ਲਖਨਊ ਵਿਚ ਇਕ ਗ਼ੈਰ-ਕਾਨੂੰਨੀ ਨਿਰਮਾਣ ਯੂਨਿਟ ਵਿਚ ਉਸ ਨੂੰ ਪ੍ਰੋਸੈਸ ਕਰ ਕੇ ਹੈਰੋਇਨ ਵਿਚ ਬਦਲਿਆ ਜਾਂਦਾ ਸੀ ਅਤੇ ਦਿੱਲੀ-ਐੱਨ. ਸੀ. ਆਰ. ਅਤੇ ਹੋਰ ਸੂਬਿਆਂ ਵਿਚ ਗਿਰੋਹ ਦੇ ਸਰਗਰਮ ਮੈਂਬਰਾਂ ਰਾਹੀਂ ਸਪਲਾਈ ਕੀਤੀ ਜਾਂਦੀ ਸੀ। ਇਹ ਮੁਹਿੰਮ 16 ਸਤੰਬਰ ਨੂੰ ਸ਼ੁਰੂ ਹੋਈ ਜਦੋਂ ਦਿੱਲੀ ਪੁਲਸ ਦੀ ਇਕ ਟੀਮ ਨੇ ਖ਼ਾਸ ਜਾਣਕਾਰੀ ਦੇ ਆਧਾਰ ’ਤੇ ਦਿੱਲੀ ਦੇ ਉੱਤਰ-ਪੱਛਮੀ ਜ਼ਿਲੇ ਦੇ ਬੇਗਮਪੁਰ ਦੇ ਸੈਕਟਰ 32 ਵਿਚ ਇਕ ਐੱਸ. ਯੂ. ਵੀ. ਨੂੰ ਰੋਕਿਆ ਅਤੇ 58 ਸਾਲਾ ਲਕਸ਼ਮਣ ਹੁੱਡਾ ਨੂੰ ਫੜਿਆ, ਜੋ ਕਥਿਤ ਤੌਰ ’ਤੇ ਹੈਰੋਇਨ ਦੀ ਇਕ ਖੇਪ ਪਹੁੰਚਾਉਣ ਆਇਆ ਸੀ।

ਪਟਾਕਾ ਫੈਕਟਰੀ ’ਚ ਜ਼ਬਰਦਸਤ ਧਮਾਕੇ ਨਾਲ ਛੱਤ ਉੱਡੀ, ਕਈ ਮੌਤਾਂ ਦਾ ਖ਼ਦਸ਼ਾ

ਨੈਸ਼ਨਲ ਡੈਸਕ 30 ਅਕਤੂਬਰ। ਬਿਹਾਰ ਦੇ ਸੀਵਾਨ ਜ਼ਿਲ੍ਹੇ ਵਿੱਚ ਸ਼ੁੱਕਰਵਾਰ ਨੂੰ ਪਟਾਕਿਆਂ ਦੇ ਨਿਰਮਾਣ ਦੌਰਾਨ ਹੋਏ ਇੱਕ ਵੱਡੇ ਧਮਾਕੇ ਨਾਲ ਵਿਆਪਕ ਦਹਿਸ਼ਤ ਫੈਲ ਗਈ। ਇਹ ਘਟਨਾ ਜਾਮੋ ਥਾਣਾ ਖੇਤਰ ਦੇ ਅਧੀਨ ਆਲਮਪੁਰ ਪਿੰਡ ਵਿੱਚ ਵਾਪਰੀ, ਜਿੱਥੇ ਅਮਰੂਦੀਨ ਮੀਆਂ ਦੇ ਘਰ ਵਿੱਚ ਇੱਕ ਸ਼ਕਤੀਸ਼ਾਲੀ ਧਮਾਕਾ ਹੋਇਆ। ਇਸ ਘਟਨਾ ਵਿੱਚ ਛੇ ਲੋਕਾਂ ਦੀ ਮੌਤ ਹੋਣ ਦੀ ਖ਼ਬਰ ਹੈ। ਹਾਲਾਂਕਿ ਅਜੇ ਤੱਕ ਕੁੱਲ ਮੌਤਾਂ ਦੀ ਅਧਿਕਾਰਤ ਤੌਰ ’ਤੇ ਪੁਸ਼ਟੀ ਨਹੀਂ ਹੋਈ ਹੈ। ਸਥਾਨਕ ਲੋਕਾਂ ਦੇ ਅਨੁਸਾਰ ਅਮਰੂਦੀਨ ਮੀਆਂ ਦੇ ਘਰ ਵਿੱਚ ਪੀੜ੍ਹੀਆਂ ਤੋਂ ਪਟਾਕੇ ਬਣਾਉਣ ਦਾ ਕੰਮ ਚੱਲ ਰਿਹਾ ਹੈ। ਸ਼ੁੱਕਰਵਾਰ ਨੂੰ ਘਰ ਵਿੱਚ ਪਟਾਕੇ ਬਣਾਏ ਜਾ ਰਹੇ ਸਨ ਜਦੋਂ ਅਚਾਨਕ ਧਮਾਕਾ ਹੋਇਆ। ਧਮਾਕਾ ਇੰਨਾ ਸ਼ਕਤੀਸ਼ਾਲੀ ਸੀ ਕਿ

ਆਲੇ ਦੁਆਲੇ ਦੇ ਇਲਾਕੇ ਵਿੱਚ ਦਹਿਸ਼ਤ ਫੈਲ ਗਈ ਅਤੇ ਘਟਨਾ ਸਥਾਨ ’ਤੇ ਭੀੜ ਇਕੱਠੀ ਹੋ ਗਈ। ਸਥਾਨਕ ਲੋਕਾਂ ਦੇ ਅਨੁਸਾਰ, ਮਰਨ ਵਾਲਿਆਂ ਵਿੱਚ ਅਮਰੂਦੀਨ ਮੀਆਂ ਦੇ ਪਰਿਵਾਰ ਦੇ ਚਾਰ ਮੈਂਬਰ ਅਤੇ ਦੋ ਹੋਰ ਮਜ਼ਦੂਰ ਸ਼ਾਮਲ ਹਨ। ਹਾਲਾਂਕਿ, ਪ੍ਰਸ਼ਾਸਨ ਵੱਲੋਂ ਅਜੇ ਤੱਕ ਇਸ ਅੰਕੜੇ ਦੀ ਪੁਸ਼ਟੀ ਨਹੀਂ ਕੀਤੀ ਗਈ ਹੈ। ਘਟਨਾ ਦੀ ਜਾਣਕਾਰੀ ਮਿਲਣ ’ਤੇ ਸਦਰ ਐਸਡੀਓ ਆਸ਼ੂਤੋਸ਼ ਕੁਮਾਰ ਗੁਪਤਾ ਅਤੇ ਐਸਡੀਪੀਓ ਮੌਕੇ ’ਤੇ ਪਹੁੰਚੇ। ਪ੍ਰਸ਼ਾਸਨ ਦੀ ਨਿਗਰਾਨੀ ਹੇਠ ਰਾਹਤ ਅਤੇ ਬਚਾਅ ਕਾਰਜ ਚੱਲ ਰਹੇ ਹਨ। ਸਦਰ ਦੇ ਐਸਡੀਓ ਆਸ਼ੂਤੋਸ਼ ਕੁਮਾਰ ਗੁਪਤਾ ਨੇ ਦੱਸਿਆ ਕਿ ਹੁਣ ਤੱਕ ਘਟਨਾ ਸਥਾਨ ਤੋਂ ਦੋ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ। ਬਚਾਅ ਕਾਰਜ ਜਾਰੀ ਹਨ, ਇਸ ਲਈ ਡਰ ਹੈ ਕਿ ਹੋਰ ਲੋਕ ਮਲਬੇ ਵਿੱਚ ਫਸ ਸਕਦੇ ਹਨ। ਧਮਾਕੇ ਦੀਆਂ ਰਿਪੋਰਟਾਂ ਤੋਂ ਬਾਅਦ, ਸਿਵਲ ਸਰਜਨ ਦੀ ਅਗਵਾਈ ਵਿੱਚ ਸਿਹਤ ਵਿਭਾਗ ਦੀ ਇੱਕ ਟੀਮ ਵੀ ਮੌਕੇ ’ਤੇ ਪਹੁੰਚੀ। ਅਧਿਕਾਰੀਆਂ ਦੀ ਮੌਜੂਦਗੀ ਵਿੱਚ ਰਾਹਤ ਅਤੇ ਬਚਾਅ ਕਾਰਜ ਜਾਰੀ ਹਨ। ਸਥਾਨਕ ਨਿਵਾਸੀਆਂ ਦੇ ਅਨੁਸਾਰ ਘਟਨਾ ਸਥਾਨ ’ਤੇ ਲਗਾਤਾਰ ਧਮਾਕਿਆਂ ਦੀਆਂ ਰਿਪੋਰਟਾਂ ਬਚਾਅ ਕਾਰਜਾਂ ਵਿੱਚ ਰੁਕਾਵਟ ਪਾ ਰਹੀਆਂ ਹਨ। ਘਟਨਾ ਤੋਂ ਬਾਅਦ, ਪੂਰੇ ਪਿੰਡ ਵਿੱਚ ਦਹਿਸ਼ਤ ਦਾ ਮਾਹੌਲ ਹੈ।

ਰਾਜਬੀਰ ਘੁੰਮਣ ਮਾਮਲੇ ’ਚ ਵੱਡਾ ਮੋੜ ! ਸੁਪਰੀਮ ਕੋਰਟ ਤੋਂ ਰਾਹਤ ਮਿਲਣ ਮਗਰੋਂ ਹੁਣ 54 ਦੀ ਐਂਟਰੀ

ਜਲੰਧਰ 30 ਅਕਤੂਬਰ। ਓਐਸਡੀ ਰਾਜਬੀਰ ਘੁੰਮਣ ਮਾਮਲੇ ਸਬੰਧੀ ਮਹੱਤਵਪੂਰਨ ਖ਼ਬਰ ਸਾਹਮਣੇ ਆਈ ਹੈ। ਜਾਣਕਾਰੀ ਅਨੁਸਾਰ, ਸੁਪਰੀਮ ਕੋਰਟ ਤੋਂ ਰਾਹਤ ਮਿਲਣ ਤੋਂ ਬਾਅਦ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਇਸ ਮਾਮਲੇ ’ਚ ਐਂਟਰੀ ਕੀਤੀ ਹੈ। ਈਡੀ ਦੇ ਜਲੰਧਰ ਦਫ਼ਤਰ ਨੇ ਇਸ ਮਾਮਲੇ ’ਚ ਕੇਸ ਦਰਜ ਕੀਤਾ ਹੈ। ਇਸ ਘਟਨਾਤੋਂ ਬਾਅਦ ਕੇਂਦਰੀ ਜਾਂਚ ਏਜੰਸੀ ਦੀ ਭੂਮਿਕਾ ਮਹੱਤਵਪੂਰਨ ਹੋ ਗਈ ਹੈ। ਈਡੀ ਹੁਣ ਇਸ ਮਾਮਲੇ ’ਚ ਵਿੱਤੀ ਬੇਨਿਯਮੀਆਂ, ਮਨੀ ਲਾਂਡਰਿੰਗ ਅਤੇ ਵਿੱਤੀ ਲੈਣ-ਦੇਣ ਦੀ ਜਾਂਚ ਕਰਨ ਦੀ ਤਿਆਰੀ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਨੇ ਕੱਲ੍ਹ ਰਾਜਬੀਰ ਘੁੰਮਣ ਨੂੰ ਮਹੱਤਵਪੂਰਨ ਰਾਹਤ ਦਿੱਤੀ ਸੀ, ਜਿਸ ਨਾਲ ਉਨ੍ਹਾਂ ਦੀ ਗ੍ਰਿਫ਼ਤਾਰੀ ਅਤੇ ਕਿਸੇ ਵੀ ਸਖ਼ਤ ਕਾਰਵਾਈ ’ਤੇ ਰੋਕ ਲਗਾਈ ਗਈ। ਅਦਾਲਤ ਨੇ ਸੀਬੀਆਈ ਵੱਲੋਂ ਮਾਮਲੇ ਵਿੱਚ ਦਰਜ ਐਫਆਈਆਰ ’ਤੇ ਰੋਕ ਲਗਾਉਣ ਤੋਂ ਇਨਕਾਰ ਕਰ ਦਿੱਤਾ ਸੀ

ਦੀਵਾਲੀ ਦਾ ਤੋਹ.ਫ਼ਾ : ਸਰਕਾਰ ਨੇ ਬਦਲੀ ਖੰਡ ਦੀ ਦਰਾਮਦ ਨੀਤੀ, 31 ਦਸੰਬਰ ਤੱਕ ਵਪਾਰੀਆਂ ਨੂੰ ਮਿਲੇਗੀ ਵੱਡੀ ਰਾਹਤ

ਕੌਮੀ ਪਤ੍ਰਿਕਾ

ਨਵੀਂ ਦਿੱਲੀ 30 ਅਕਤੂਬਰ। ਅਗਸਤ ਤੋਂ ਬਾਅਦ ਦੇਸ਼ ਵਿੱਚ ਖੰਡ ਦੀਆਂ ਵਧੀਆਂ ਕੀਮਤਾਂ ਨੇ ਆਮ ਖਪਤਕਾਰਾਂ ਦੀ ਜੇਬ ’ਤੇ ਅਸਰ ਪਾਇਆ ਹੈ। ਖੰਡ ਦੀ ਸਪਲਾਈ ਅਤੇ ਪ੍ਰਚੂਨ ਕੀਮਤਾਂ ਨੂੰ ਲੈ ਕੇ ਖਪਤਕਾਰਾਂ ਦੇ ਨਾਲ-ਨਾਲ ਸਰਕਾਰ ਦੀ ਚਿੰਤਾ ਵੀ ਵਧ ਗਈ ਹੈ। ਦੀਵਾਲੀ ਤੋਂ ਠੀਕ ਪਹਿਲਾਂ ਖੰਡ ਦੀ ਸਪਲਾਈ ਯਕੀਨੀ ਬਣਾਉਣ ਅਤੇ ਪ੍ਰਚੂਨ ਕੀਮਤਾਂ ਨੂੰ ਕਾਬੂ ਵਿੱਚ ਰੱਖਣ ਲਈ ਸਰਕਾਰ ਨੇ ਵੱਡਾ ਕਦਮ ਚੁੱਕਿਆ ਹੈ। ਭਾਰਤ ਸਰਕਾਰ ਨੇ ਟੈਰਿਫ ਰੇਟ ਕੋਟਾ ਯੋਜਨਾ ਤਹਿਤ 10 ਲੱਖ ਮੀਟ੍ਰਿਕ ਟਨ ਕੱਚੀ ਖੰਡ ਦੀ ਡਿਊਟੀ-ਮੁਕਤ ਦਰਾਮਦ ਕਰਨ ਦੀ ਸਮਾਂ-ਸੀਮਾ ਦੋ ਮਹੀਨੇ ਵਧਾ ਕੇ 31 ਦਸੰਬਰ 2026 ਕਰ ਦਿੱਤੀ ਹੈ। ਇਸ ਫ਼ੈਸਲੇ ਨਾਲ ਦਰਾਮਦਕਾਰਾਂ ਨੂੰ ਨਿਰਧਾਰਤ ਮਾਤਰਾ ਵਿੱਚ ਖੰਡ ਮੰਗਵਾਉਣ ਲਈ ਦੋ ਮਹੀਨੇ ਦਾ ਵਾਧੂ ਸਮਾਂ ਮਿਲੇਗਾ। ਵਣਜ ਅਤੇ ਉਦਯੋਗ ਮੰਤਰਾਲੇ ਅਧੀਨ ਵਿਦੇਸ਼ ਵਪਾਰ ਦੇ ਡਾਇਰੈਕਟੋਰੇਟ ਜਨਰਲ ਨੇ 19 ਅਕਤੂਬਰ 2026 ਨੂੰ ਨੋਟੀਫਿਕੇਸ਼ਨ ਨੰਬਰ 45/2026-27 ਰਾਹੀਂ ਸਮਾਂ-ਸੀਮਾ ਵਧਾਉਣ ਦਾ ਐਲਾਨ ਕੀਤਾ। ਦਰਾਮਦ ਨੀਤੀ ਵਿੱਚ ਸੋਧ ਤਹਿਤ ਐਕਸਿਮ ਕੋਡ 170114 ਅਧੀਨ ਆਉਣ ਵਾਲੀ ਕੱਚੀ ਖੰਡ ਦੀ ਦਰਾਮਦ

ਦੀ ਆਖ਼ਰੀ ਤਾਰੀਖ਼ 31 ਅਕਤੂਬਰ 2026 ਸੀ, ਜਿਸ ਨੂੰ ਵਧਾ ਕੇ ਹੁਣ 31 ਦਸੰਬਰ 2026 ਕਰ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸਰਕਾਰ ਨੇ 20 ਅਗਸਤ 2026 ਨੂੰ ਨੋਟੀਫਿਕੇਸ਼ਨ ਨੰਬਰ 31/2025-26 ਰਾਹੀਂ TRQ ਯੋਜਨਾ ਤਹਿਤ 10 ਲੱਖ ਮੀਟ੍ਰਿਕ ਟਨ ਕੱਚੀ ਖੰਡ ਦੀ ਡਿਊਟੀ-ਮੁਕਤ ਦਰਾਮਦ ਦੀ ਇਜਾਜ਼ਤ ਦਿੱਤੀ ਸੀ। ਨਵੇਂ ਨੋਟੀਫਿਕੇਸ਼ਨ ਰਾਹੀਂ ਮੌਜੂਦਾ ਦਰਾਮਦ ਨੀਤੀ ਦੀਆਂ ਸ਼ਰਤਾਂ ਵਿੱਚ ਸੋਧ ਕਰਦਿਆਂ ਡਿਊਟੀ-ਮੁਕਤ ਦਰਾਮਦ ਦੀ ਮਿਆਦ ਵਧਾ ਦਿੱਤੀ ਗਈ ਹੈ। ਹਾਲਾਂਕਿ, ਅਗਸਤ ਵਿੱਚ ਜਾਰੀ ਨੋਟੀਫਿਕੇਸ਼ਨ ਦੀਆਂ ਹੋਰ ਸਾਰੀਆਂ ਸ਼ਰਤਾਂ ਪਹਿਲਾਂ ਵਾਂਗ ਹੀ ਲਾਗੂ ਰਹਿਣਗੀਆਂ। ਡਿਊਟੀ-ਮੁਕਤ ਦਰਾਮਦ ਦੀ ਕੁੱਲ ਹੱਦ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ ਹੈ। ਇਹ ਪਹਿਲਾਂ ਵਾਂਗ ਹੀ 10 ਲੱਖ ਮੀਟ੍ਰਿਕ ਟਨ ਰਹੇਗੀ। ਇਸ ਫ਼ੈਸਲੇ ਨਾਲ ਦਰਾਮਦਕਾਰਾਂ ਨੂੰ ਕੱਚੀ ਖੰਡ ਦੀ ਨਿਰਧਾਰਤ ਮਾਤਰਾ ਮੰਗਵਾਉਣ ਲਈ ਵਾਧੂ ਸਮਾਂ ਮਿਲੇਗਾ, ਜਦਕਿ ਕੁੱਲ ਦਰਾਮਦ ਦੀ ਹੱਦ ਪਹਿਲਾਂ ਜਿੰਨੀ ਹੀ ਰਹੇਗੀ। ਅਗਸਤ ਮਹੀਨੇ ਵਿੱਚ ਰੱਖੜੀ ਦੇ ਤਿਉਹਾਰ ਦੌਰਾਨ ਖੰਡ ਦੀਆਂ ਕੀਮਤਾਂ ਕਾਫ਼ੀ ਉੱਚੇ ਪੱਧਰ ’ਤੇ ਪਹੁੰਚ ਗਈਆਂ ਸਨ। ਇਸ ਦੇ ਨਾਲ ਹੀ ਆਉਣ ਵਾਲੇ ਦਿਨਾਂ ਵਿੱਚ ਖੰਡ ਦੀ ਉਪਲਬਧਤਾ ਅਤੇ ਬਾਜ਼ਾਰ ਦੀ ਮੰਗ ਵਿਚਕਾਰ ਸੰਤੁਲਨ ਨੂੰ ਲੈ ਕੇ ਵੀ ਚਿੰਤਾਵਾਂ ਵਧਣ ਲੱਗੀਆਂ ਸਨ। ਇਸ ਸਥਿਤੀ ਨੂੰ ਦੇਖਦਿਆਂ ਸਰਕਾਰ ਨੇ 31 ਅਕਤੂਬਰ ਤੱਕ ਖੰਡ ਦੀ ਦਰਾਮਦ ਦੀ ਇਜਾਜ਼ਤ ਦਿੱਤੀ ਸੀ। ਹੁਣ ਦੀਵਾਲੀ ਤੋਂ ਲੈ ਕੇ ਨਵੇਂ ਸਾਲ ਤੱਕ ਖੰਡ ਦੀ ਵਧਦੀ ਮੰਗ ਨੂੰ ਪੂਰਾ ਕਰਨ ਅਤੇ ਪ੍ਰਚੂਨ ਕੀਮਤਾਂ ਨੂੰ ਕਾਬੂ ਵਿੱਚ ਰੱਖਣ ਲਈ ਦਰਾਮਦ ਦੀ ਸਮਾਂ-ਸੀਮਾ ਦੋ ਮਹੀਨੇ ਵਧਾ ਦਿੱਤੀ ਗਈ ਹੈ। ਸਰਕਾਰ ਦੇ ਇਸ ਕਦਮ ਨਾਲ ਬਾਜ਼ਾਰ ਵਿੱਚ ਖੰਡ ਦੀ ਸਪਲਾਈ ਬਣਾਈ ਰੱਖਣ ਵਿੱਚ ਮਦਦ ਮਿਲ ਸਕਦੀ ਹੈ। ਇਸ ਨਾਲ ਆਮ ਖਪਤਕਾਰਾਂ ਨੂੰ ਖੰਡ ਦੀਆਂ ਵਧਦੀਆਂ ਕੀਮਤਾਂ ਤੋਂ ਰਾਹਤ ਮਿਲਣ ਦੀ ਉਮੀਦ ਹੈ। ਹਾਲਾਂਕਿ, ਕੀਮਤਾਂ ਵਿੱਚ ਅਸਲ ਕਮੀ ਬਾਜ਼ਾਰ ਵਿੱਚ ਸਪਲਾਈ ਅਤੇ ਮੰਗ ’ਤੇ ਨਿਰਭਰ ਕਰੇਗੀ।

ਫੈਕਟਰੀ ਮਾਲਕ ਤੋਂ 2 ਲੱਖ ਦੀ ਰਿਸ਼ਵਤ ਲੈਂਦੇ 2 ਪੁਲਸ ਕਾਂਸਟੇਬਲ ਰੰਗੇ ਹੱਥੀਂ ਗ੍ਰਿਫ਼ਤਾਰ

ਜੈਪੁਰ 30 ਅਕਤੂਬਰ। ਰਾਜਸਥਾਨ ਭ੍ਰਿਸ਼ਟਾਚਾਰ ਵਿਰੋਧੀ ਬਿਊਰੋ (ਏ.ਸੀ.ਬੀ.) ਨੇ ਸ਼ੁੱਕਰਵਾਰ ਨੂੰ ਖੈਰਥਲ-ਤਿਜਾਰਾ ਜ਼ਿਲੇ ’ਚ ਦੋ ਪੁਲਸ ਕਾਂਸਟੇਬਲਾਂ ਨੂੰ ਇਕ ਫੈਕਟਰੀ ਮਾਲਕ ਤੋਂ 2 ਲੱਖ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ’ਚ ਗ੍ਰਿਫ਼ਤਾਰ ਕੀਤਾ, ਜਿਸ ਦੀ ਜਾਣਕਾਰੀ ਅਧਿਕਾਰੀ ਨੇ ਦਿੱਤੀ। ਮੁਲਜ਼ਮਾਂ ਦੀ ਪਛਾਣ ਕਾਂਸਟੇਬਲ ਬ੍ਰਿਜੇਸ਼ ਅਤੇ ਈਸ਼ਵਰ ਸਿੰਘ ਵਜੋਂ ਹੋਈ ਹੈ। ਇਕ ਬਿਆਨ ’ਚ, ਏ.ਸੀ.ਬੀ. ਦੇ ਡਾਇਰੈਕਟਰ ਜਨਰਲ ਗੋਵਿੰਦ ਗੁਪਤਾ ਨੇ ਕਿਹਾ ਕਿ ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਹੈ ਕਿ ਜ਼ਿਲਾ ਵਿਸ਼ੇਸ਼ ਟੀਮ (ਡੀ.ਐੱਸ.ਟੀ.) ’ਚ ਤਾਇਨਾਤ ਦੋ ਕਾਂਸਟੇਬਲ, ਡੀ.ਐੱਸ.ਟੀ. ਇੰਚਾਰਜ ਗੌਰਵ ਦੇ ਨਾਲ, 21 ਅਕਤੂਬਰ ਨੂੰ ਉਸਦੀ ਫੈਕਟਰੀ ਦਾ ਦੌਰਾ ਕੀਤਾ ਅਤੇ ਉਸ ’ਤੇ ਮਿਲਾਵਟੀ ਕਾਲਾਕੰਦ ਬਣਾਉਣ ਦਾ ਦੋਸ਼ ਲਗਾਇਆ। ਸ਼ਿਕਾਇਤਕਰਤਾ ਦੇ ਅਨੁਸਾਰ, ਦੋ ਕਾਂਸਟੇਬਲਾਂ ਨੇ ਉਸਦੀ ਫੈਕਟਰੀ ਨੂੰ ਸੀਲ ਨਾ ਕਰਨ, ਉੱਥੇ ਮੌਜੂਦ ਉਤਪਾਦਾਂ ਨੂੰ ਨਸ਼ਟ ਨਾ ਕਰਨ ਅਤੇ ਉਸ ਨਾਲ ਜੁੜੇ ਹੋਰ ਕਾਰੋਬਾਰੀਆਂ ਵਿਰੁੱਧ ਕਾਰਵਾਈ ਨਾ ਕਰਨ ਦੇ ਬਦਲੇ ਰਿਸ਼ਵਤ ਦੀ ਮੰਗ ਕੀਤੀ। ਸ਼ਿਕਾਇਤ ਦੀ ਪੜਤਾਲ ਦੌਰਾਨ, ਏ.ਸੀ.ਬੀ. ਨੂੰ ਪਤਾ ਲੱਗਾ ਕਿ ਮੁਲਜ਼ਮ ਨੇ ਕੁੱਲ 220,000 ਦੀ ਰਿਸ਼ਵਤ ਮੰਗੀ ਸੀ। ਅਧਿਕਾਰੀਆਂ ਨੇ ਦੱਸਿਆ ਕਿ ਡਿਪਟੀ ਸੁਪਰਡੈਂਟ ਆਫ਼ ਪੁਲਸ ਸ਼ਬੀਰ ਖਾਨ ਦੀ ਅਗਵਾਈ ਵਾਲੀ ਏ.ਸੀ.ਬੀ. ਟੀਮ ਨੇ ਸ਼ੁੱਕਰਵਾਰ ਨੂੰ ਜਾਲ ਵਿਛਾਇਆ ਅਤੇ ਦੋ ਕਾਂਸਟੇਬਲਾਂ ਨੂੰ ਸ਼ਿਕਾਇਤਕਰਤਾ ਤੋਂ ਕਥਿਤ ਤੌਰ ’ਤੇ 2 ਲੱਖ ਰੁਪਏ ਦੀ ਰਿਸ਼ਵਤ ਲੈਂਦੇ ਹੋਏ ਫੜ ਲਿਆ। ਉਨ੍ਹਾਂ ਤੋਂ ਰਿਸ਼ਵਤ ਦੀ ਰਕਮ ਬਰਾਮਦ ਕਰ ਲਈ ਗਈ। ਅਧਿਕਾਰੀਆਂ ਅਨੁਸਾਰ ਦੋਸ਼ੀਆਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਵਿਰੁੱਧ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਤਹਿਤ ਮਾਮਲਾ ਦਰਜ ਕੀਤਾ ਜਾਵੇਗਾ।

ਸੜਕ ਹਾਦਸੇ ’ਚ ਗੱਡੀ ਦਾ ਬੀਮਾ ਨਾ ਹੋਣ ’ਤੇ ਮੁਆਵਜ਼ਾ ਕਿਉਂ ਨਹੀਂ? ਸੁਪਰੀਮ ਕੋਰਟ ਨੇ ਕੇਂਦਰ ਤੋਂ ਮੰਗਿਆ ਜਵਾਬ

ਨਵੀਂ ਦਿੱਲੀ 30 ਅਕਤੂਬਰ। ਦੇਸ਼ ਵਿੱਚ ਸੜਕ ਹਾਦਸਿਆਂ ਦੇ ਕਾਰਨ ਕਈ ਲੋਕਾਂ ਦੀ ਜਾਨ ਚਲੀ ਜਾਂਦੀ ਹੈ। ਕੇਂਦਰ ਸਰਕਾਰ ਅਜਿਹੇ ਹੀ ਪਰਿਵਾਰਾਂ ਨੂੰ ਵਿੱਤੀ ਮਦਦ ਲਈ ਮੁਆਵਜ਼ਾ ਦੇਣ ਦੀ ਯੋਜਨਾ ਬਣਾ ਰਹੀ ਹੈ। ਸਰਕਾਰ ਦੀ ਇਹ ਯੋਜਨਾ ਸਿਰਫ਼ ਉਨ੍ਹਾਂ ਹਾਦਸਿਆਂ ਲਈ ਹੈ ਜਿਨ੍ਹਾਂ ਵਿੱਚ ਬੀਮੇ ਵਾਲੇ ਵਾਹਨ ਸ਼ਾਮਲ ਹਨ। ਇਸ ’ਤੇ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਤੋਂ ਸਪੱਸ਼ਟੀਕਰਨ ਮੰਗਿਆ ਹੈ ਕਿ ਇਹ ਯੋਜਨਾ ਬਿਨਾਂ ਬੀਮੇ ਵਾਲੇ ਵਾਹਨਾਂ ਲਈ ਕਿਉਂ ਨਹੀਂ ਰੱਖੀ ਜਾ ਰਹੀ। ਕੇਂਦਰ ਸਰਕਾਰ ਸੜਕ ਹਾਦਸਿਆਂ ਵਿੱਚ ਜਾਨ ਗਵਾਉਣ ਵਾਲਿਆਂ ਦੇ ਪਰਿਵਾਰਾਂ ਨੂੰ 2 ਲੱਖ ਰੁਪਏ ਅਤੇ ਗੰਭੀਰ ਰੂਪ ਵਿੱਚ ਜ਼ਖ਼ਮੀ ਲੋਕਾਂ ਨੂੰ 1 ਲੱਖ ਰੁਪਏ ਦੀ ਅੰਤਰਿਮ ਵਿੱਤੀ ਸਹਾਇਤਾ ਦੇਣ ਦੀ ਯੋਜਨਾ ਬਣਾ ਰਹੀ ਹੈ। ਸੁਪਰੀਮ ਕੋਰਟ ਦੇ ਇਸ ਸਵਾਲ ’ਤੇ ਕਿ ਇਸ ਯੋਜਨਾ ’ਚ ਸਿਰਫ਼ ਬੀਮੇ ਵਾਲੇ ਵਾਹਨ ਹੀ ਕਿਉਂ ਸ਼ਾਮਲ ਹਨ, ਅਧਿਕਾਰੀਆਂ ਨੇ ਕਿਹਾ ਕਿ ਇਸ ਨੂੰ ਮੋਟਰ ਵਾਹਨ ਐਕਟ ਦੇ ਉਨ੍ਹਾਂ ਉਪਬੰਧਾਂ ਤਹਿਤ ਤਿਆਰ ਕੀਤਾ ਗਿਆ ਹੈ ਜੋ ਬੀਮੇ ਵਾਲੇ ਵਾਹਨਾਂ ਨਾਲ ਸਬੰਧਤ ਹਨ। ਜੇਕਰ ਦੋਸ਼ੀ ਦਾ ਵਾਹਨ ਬਿਨਾਂ ਬੀਮੇ ਵਾਲਾ ਹੈ ਤਾਂ ਮਾਮਲਾ ’ਮੋਟਰ ਹਾਦਸਾ ਦਾਅਵਾ ਟ੍ਰਿਬਿਊਨਲ’ ਕੋਲ ਜਾਵੇਗਾ। ਸੁਪਰੀਮ ਕੋਰਟ ਦੇ ਬੈਂਚ ਨੇ ਯੋਜਨਾ ਦੀ ਧਾਰਾ 6 ਦੀ ਸਮੀਖਿਆ ਕੀਤੀ। ਇਸ ਵਿੱਚ ਦੱਸਿਆ ਗਿਆ ਹੈ ਕਿ ਪੀੜਤ ਜਾਂ ਮ੍ਰਿਤਕ ਦੇ ਕਾਨੂੰਨੀ ਵਾਰਸ ਇੱਕ ਤੈਅਸ਼ੁਦਾ ਆਨਲਾਈਨ ਪੋਰਟਲ ਰਾਹੀਂ ਅਰਜ਼ੀ ਦੇ ਸਕਦੇ ਹਨ। ਉਨ੍ਹਾਂ ਨੂੰ MACT ਵਿੱਚ ਦਾਇਰ ਕੀਤੇ ਗਏ ਜਾਂ ਪੈਂਡਿੰਗ ਦਾਅਵਿਆਂ ਦਾ ਵੇਰਵਾ ਦੇਣਾ ਹੋਵੇਗਾ। ਜਸਟਿਸ ਜੇ.ਬੀ. ਪਾਰਦੀਵਾਲਾ ਅਤੇ ਜਸਟਿਸ ਕੇ.ਵੀ. ਵਿਸ਼ਵਨਾਥਨ ਦੇ ਬੈਂਚ ਨੇ ਸਰਕਾਰ ਨੂੰ ਨਿਰਦੇਸ਼ ਦਿੱਤਾ ਕਿ ਉਹ ਲੋਕਾਂ ਨੂੰ ਜਾਗਰੂਕ ਕਰਨ ਲਈ ਇਸ ਦਾ ਪ੍ਰਚਾਰ-ਪ੍ਰਸਾਰ ਕਰੇ। ਅਦਾਲਤ ਨੇ ਕਿਹਾ ਕਿ ਲੋਕਾਂ ਨੂੰ ਅੰਤਰਿਮ ਮੁਆਵਜ਼ੇ ਦੀ ਮੰਗ ਕਰਨ ਦੇ ਆਪਣੇ ਅਧਿਕਾਰ ਬਾਰੇ ਪਤਾ ਹੋਣਾ ਚਾਹੀਦੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਐਕਟ ਦੀ ਧਾਰਾ 164, ਜੋ ਮੌਤ ਜਾਂ ਗੰਭੀਰ ਸੱਟ ਦੇ ਮਾਮਲਿਆਂ ਵਿੱਚ ਮੁਆਵਜ਼ੇ ਨਾਲ ਸਬੰਧਤ ਹੈ, ਦੇ ਤਹਿਤ ’ਨੋ-ਫਾਲਟ ਲਾਇਬਿਲਟੀ’ (ਬਿਨਾਂ ਗਲਤੀ ਦੇ ਦੇਣਦਾਰੀ) ਦਾ ਉਪਬੰਧ ਹੈ। ਇਸ ਦੇ ਅਨੁਸਾਰ, ਵਾਹਨ ਮਾਲਕ ਜਾਂ ਬੀਮਾ ਕੰਪਨੀ ਨੂੰ ਮੌਤ ਦੇ ਮਾਮਲੇ ਵਿੱਚ 5 ਲੱਖ ਰੁਪਏ ਅਤੇ ਗੰਭੀਰ ਸੱਟ ਦੇ ਮਾਮਲੇ ਵਿੱਚ 2.5 ਲੱਖ ਰੁਪਏ ਦਾ ਭੁਗਤਾਨ ਕਰਨਾ ਹੁੰਦਾ ਹੈ। ਇਸ ਤਹਿਤ ਦਾਅਵਾ ਕਰਨ ਵਾਲੇ ਨੂੰ ਇਹ ਸਾਬਤ ਕਰਨ ਦੀ ਲੋੜ ਨਹੀਂ ਹੈ ਕਿ ਮੌਤ ਜਾਂ ਸੱਟ, ਵਾਹਨ ਮਾਲਕ ਦੀ ਕਿਸੇ ਗਲਤੀ, ਲਾਪਰਵਾਹੀ ਜਾਂ ਭੁੱਲ ਦੇ ਕਾਰਨ ਹੋਈ ਹੈ। ਇੱਕ ਅਧਿਕਾਰੀ ਨੇ ਕਿਹਾ, ’ਇਸ ਲਈ, ਤੁਰੰਤ ਰਾਹਤ ਵਜੋਂ ਮੌਤ ਲਈ 2 ਲੱਖ ਰੁਪਏ ਅਤੇ ਗੰਭੀਰ ਸੱਟ ਲਈ 1 ਲੱਖ ਰੁਪਏ ਦੀ ਅੰਤਰਿਮ ਸਹਾਇਤਾ ਤੈਅ ਕੀਤੀ ਗਈ ਹੈ। MACT ਦੇ ਹੁਕਮ ਦੇ ਆਧਾਰ ’ਤੇ ਅੰਤਿਮ ਮੁਆਵਜ਼ਾ ਇਸ ਤੋਂ ਵੱਧ ਹੋ ਸਕਦਾ ਹੈ।’ ਕੇਂਦਰੀ ਸੜਕ ਟ?ਰਾਂਸਪੋਰਟ ਮੰਤਰਾਲੇ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਸ ਯੋਜਨਾ ਨੂੰ ’ਕੇਂਦਰੀ ਮੋਟਰ ਵਾਹਨ

ਐਕਟ’ ਦੇ ਉਪਬੰਧਾਂ ਤਹਿਤ ਨੋਟੀਫਾਈ ਕੀਤਾ ਜਾਵੇਗਾ। ਸਰਕਾਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਮੰਤਰਾਲੇ ਨੇ 23 ਫਰਵਰੀ ਨੂੰ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨਾਲ ਇਸ ਯੋਜਨਾ ਨੂੰ ਸਾਂਝਾ ਕੀਤਾ ਸੀ। ਸੁਪਰੀਮ ਕੋਰਟ ਨੇ ਅਪ੍ਰੈਲ 2025 ਵਿੱਚ ਹੀ ਮੰਤਰਾਲੇ ਨੂੰ ਇਹ ਯੋਜਨਾ ਤਿਆਰ ਕਰਨ ਦਾ ਨਿਰਦੇਸ਼ ਦਿੱਤਾ ਸੀ।

ਇਕ ਦੀਵੇ ਤੋਂ ਕਮਲ ਤੱਕ, ਰਾਸ਼ਟਰਵਾਦ ਦੀ ਅਖੰਡ ਯਾਤਰਾ: ਤਰੁਣ ਚੁੱਘ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 30 ਅਕਤੂਬਰ। 21 ਅਕਤੂਬਰ 1951 ਨੂੰ ਦਿੱਲੀ ’ਚ ਇਕ ਦੀਵਾ ਜਲਾਇਆ ਗਿਆ ਸੀ। ਉਸ ਦਿਨ ਘੱਟ ਹੀ ਲੋਕਾਂ ਨੇ ਸੋਚਿਆ ਹੋਵੇਗਾ ਕਿ ਇੰਨਾ ਛੋਟਾ ਦੀਵਾ ਇਕ ਦਿਨ ਪੂਰੇ ਦੇਸ਼ ਦੀ ਰਾਜਨੀਤੀ ਨੂੰ ਰੋਸ਼ਨ ਕਰ ਦੇਵੇਗਾ। ਅੱਜ, ਠੀਕ 75 ਸਾਲ ਬਾਅਦ, ਉਹੀ ਦੀਵਾ ਕਮਲ ਬਣ ਕੇ ਦੇਸ਼ ਦੇ ਕੋਨੇ-ਕੋਨੇ ’ਚ ਖਿੜ ਰਿਹਾ ਹੈ। ਭਾਰਤੀ ਜਨਤਾ ਪਾਰਟੀ ਅੱਜ ਦੁਨੀਆ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ ਹੈ। ਕੇਂਦਰ ’ਚ ਲਗਾਤਾਰ ਤੀਜੀ ਵਾਰ ਸਾਡੀ ਸਰਕਾਰ ਹੈ ਅਤੇ ਦੇਸ਼ ਦੇ ਅਨੇਕਾਂ ਸੂਬਿਆਂ ’ਚ ਸ਼ਾਸਨ ਦੀ ਜ਼ਿੰਮੇਵਾਰੀ ਸਾਡੇ ਮੋਢਿਆਂ ’ਤੇ ਹੈ ਪਰ ਇੰਨੇ ਵਿਸਤਾਰ ਅਤੇ ਇੰਨੀਆਂ ਪ੍ਰਾਪਤੀਆਂ ਦੇ ਦਰਮਿਆਨ ਵੀ ਅਸੀਂ ਆਪਣੀਆਂ ਜੜ੍ਹਾਂ ਨੂੰ ਨਹੀਂ ਭੁੱਲੇ ਹਾਂ। ਭਾਰਤੀ ਜਨਸੰਘ ਦੀ ਹੀਰਕ ਜਯੰਤੀ ਸਾਡੇ ਲਈ ਸਿਰਫ ਯਾਦ ਕਰਨ ਦਾ ਮੌਕਾ ਨਹੀਂ ਹੈ। ਇਹ ਮਾਣ ਦਾ, ਆਤਮ-ਚਿੰਤਨ ਦਾ ਅਤੇ ਨਵੇਂ ਸੰਕਲਪ ਦਾ ਮੌਕਾ ਹੈ। ਜਨਸੰਘ ਦੀ ਸਥਾਪਨਾ ਕਿਸੇ ਵਿਅਕਤੀ ਦੀ ਇੱਛਾ ਨਾਲ ਨਹੀਂ ਹੋਈ ਸੀ। ਇਹ ਉਸ ਬੇਚੈਨੀ ਤੋਂ ਜਨਮੀ ਸੀ ਜੋ ਆਜ਼ਾਦੀ ਤੋਂ ਤੁਰੰਤ ਬਾਅਦ ਹਰ ਰਾਸ਼ਟਰਵਾਦੀ ਦੇ ਮਨ ’ਚ ਸੀ। ਦੇਸ਼ ਨੂੰ ਆਜ਼ਾਦ ਹੋਏ ਚਾਰ ਸਾਲ ਹੀ ਹੋਏ ਸਨ। ਲੱਖਾਂ ਲੋਕਾਂ ਦੀ ਕੁਰਬਾਨੀ ਨਾਲ ਮਿਲੀ ਆਜ਼ਾਦੀ ਤੋਂ ਬਾਅਦ ਉਮੀਦ ਸੀ ਕਿ ਦੇਸ਼ ਆਪਣੀਆਂ ਸੱਭਿਅਤਾਵਾਂ, ਆਪਣੀ ਪ੍ਰੰਪਰਾ ਅਤੇ ਆਪਣੇ ਸਵਾਭਿਮਾਨ ਦੇ ਆਧਾਰ ’ਤੇ ਅੱਗੇ ਵਧੇਗਾ ਪਰ ਤਤਕਾਲੀ ਕਾਂਗਰਸ ਸਰਕਾਰ ਨੇ ਰਾਸ਼ਟਰੀ ਹਿੱਤਾਂ ਦੀ ਥਾਂ ਨਿੱਜੀ ਹੰਕਾਰ ਅਤੇ ਵਿਚਾਰਿਕ ਆਯਾਤ ਨੂੰ ਪਹਿਲ ਦਿੱਤੀ। ਸਰਹੱਦਾਂ ਦੀ ਸੁਰੱਖਿਆ ’ਚ ਢਿੱਲ ਵਰਤੀ ਗਈ, ਵੰਡ ਦੀ ਤ੍ਰਾਸਦੀ ਹੰਢਾ ਕੇ ਆਏ ਸ਼ਰਨਾਰਥੀਆਂ ਦੀ ਪੀੜ ਅਣਸੁਣੀ ਕੀਤੀ ਗਈ ਅਤੇ ਵਿਦੇਸ਼ ਨੀਤੀ ’ਚ ਭਾਰਤ ਨੂੰ ਇਕ ਕਮਜ਼ੋਰ, ਝੁਕੇ ਹੋਏ ਦੇਸ਼ ਵਾਂਗ ਪੇਸ਼ ਕੀਤਾ ਗਿਆ। ਅਜਿਹੇ ਸਮੇਂ ’ਚ ਰਾਸ਼ਟਰੀ ਸਵੈਮਸੇਵਕ ਸੰਘ ਦੇ ਦੂਜੇ ਸਰਸੰਘਚਾਲਕ ਮਾਧਵ ਸਦਾਸ਼ਿਵ ਗੋਲਵਲਕਰ ਦੇ ਮਸ਼ਵਰੇ ਨਾਲ ਅਤੇ ਡਾ. ਸ਼ਿਆਮਾ ਪ੍ਰਸਾਦ ਮੁਖਰਜੀ ਦੀ ਅਗਵਾਈ ’ਚ ਭਾਰਤੀ ਜਨਸੰਘ ਦੀ ਨੀਂਹ ਰੱਖੀ ਗਈ। ਉਦੇਸ਼ ਸਪੱਸ਼ਟ ਸੀ : ਇਕ ਅਜਿਹੀ ਰਾਜਨੀਤਕ ਪਾਰਟੀ ਜੋ ਭਾਰਤੀਆਂ ਦੇ ਮਨ ’ਚ ਰਾਸ਼ਟਰਵਾਦ ਦੀ ਭਾਵਨਾ ਜਗਾਏ, ਦੇਸ਼ ਨੂੰ ਆਤਮ-ਨਿਰਭਰ ਬਣਾਏ ਅਤੇ ਭਾਰਤ ਦੀ ਮੂਲ ਸੱਭਿਆਚਾਰਕ ਪਛਾਣ ਨੂੰ ਰਾਜਨੀਤੀ ਦੇ ਕੇਂਦਰ ’ਚ ਸਥਾਪਤ ਕਰੇ। ਵਿਚਾਰ ਦੇ ਪੱਧਰ ’ਤੇ ਜਨਸੰਘ ਭਾਰਤ ਦੀ ਸਨਾਤਨ ਸੱਭਿਆਚਾਰਕ ਚੇਤਨਾ ਨਾਲ

ਜੁੜਿਆ ਸੀ ਅਤੇ ਕਾਰਜ ਪ੍ਰਣਾਲੀ ਦੇ ਪੱਧਰ ’ਤੇ ਪੂਰਨ ਤੌਰ ’ਤੇ ਲੋਕਤੰਤਰਿਕ ਸੀ। ਡਾ. ਮੁਖਰਜੀ ਦਾ ਜੀਵਨ ਆਪਣੇ ਆਪ ’ਚ ਇਕ ਸੰਦੇਸ਼ ਹੈ। ਉਹ ਨਹਿਰੂ ਮੰਤਰੀ ਮੰਡਲ ’ਚ ਉਦਯੋਗ ਮੰਤਰੀ ਸਨ। ਸੱਤਾ ਦਾ ਸੁਖ ਉਨ੍ਹਾਂ ਦੇ ਕੋਲ ਸੀ ਪਰ ਜਦੋਂ ਉਨ੍ਹਾਂ ਨੇ ਦੇਖਿਆ ਕਿ ਧਰਮ-ਨਿਰਪੱਖਤਾ ਦੇ ਨਾਂ ’ਤੇ ਤੁਸ਼ਟੀਕਰਨ ਦੀ ਨੀਤੀ ਚਲਾਈ ਜਾ ਰਹੀ ਹੈ, ਪੂਰਬੀ ਪਾਕਿਸਤਾਨ ’ਚ ਹਿੰਦੂਆਂ ’ਤੇ ਅੱਤਿਆਚਾਰ ਹੋ ਰਹੇ ਹਨ ਅਤੇ ਇਸ ਦੇ ਬਾਵਜੂਦ ਨਹਿਰੂ-ਲਿਆਕਤ ਸਮਝੌਤੇ ਰਾਹੀਂ ਪਾਕਿਸਤਾਨ ਨੂੰ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ, ਤਾਂ ਉਨ੍ਹਾਂ ਨੇ ਅਪ੍ਰੈਲ 1950 ’ਚ ਬਿਨਾਂ ਇਕ ਪਲ ਗੁਆਏ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ। ਸੰਸਦ ’ਚ ਆਪਣੇ ਅਸਤੀਫ਼ੇ ’ਤੇ ਬਿਆਨ ਦਿੰਦੇ ਹੋਏ ਉਨ੍ਹਾਂ ਨੇ ਪੂਰੇ ਦੇਸ਼ ਦੇ ਸਾਹਮਣੇ ਸਾਫ਼ ਕਿਹਾ ਕਿ ਸਰਕਾਰ ਪਾਕਿਸਤਾਨ ਤੋਂ ਆਏ ਹਿੰਦੂ ਸ਼ਰਨਾਰਥੀਆਂ ਦੀ ਰੱਖਿਆ ਕਰਨ ’ਚ ਅਸਫ਼ਲ ਰਹੀ ਹੈ। ਇਹ ਭਾਰਤੀ ਰਾਜਨੀਤੀ ’ਚ ਸਿਧਾਂਤ ਲਈ ਸੱਤਾ ਛੱਡਣ ਦੀ ਦੁਰਲੱਭ ਉਦਾਹਰਣ ਸੀ, ਅਤੇ ਇਹ ਪ੍ਰੰਪਰਾ ਅੱਗੇ ਚੱਲ ਕੇ ਸਾਡੀ ਪਛਾਣ ਬਣੀ। ਡਾ. ਮੁਖਰਜੀ ਨੇ ਇਹ ਵੀ ਦੇਖਿਆ ਕਿ ਨਹਿਰੂ ਸਰਕਾਰ ਭਾਰਤ ਦੀਆਂ ਸਥਿਤੀਆਂ ਨੂੰ ਸਮਝੇ ਬਿਨਾਂ ਵਿਦੇਸ਼ੀ ਸਮਾਜਵਾਦੀ ਮਾਡਲ ਠੋਸ ਰਹੀ ਹੈ, ਇਕਸਾਰ ਸਿਵਲ ਕੋਡ ਵਰਗੇ ਰਾਸ਼ਟਰੀ ਏਕਤਾ ਦੇ ਸਵਾਲਾਂ ਤੋਂ ਕਤਰਾ ਰਹੀ ਹੈ ਅਤੇ ਜੰਮੂ-ਕਸ਼ਮੀਰ ਦੇ ਭਾਰਤ ’ਚ ਪੂਰਨ ਏਕੀਕਰਨ ਪ੍ਰਤੀ ਉਦਾਸੀਨ ਹੈ। ਇਕ ਪਰਿਵਾਰ ਨੂੰ ਸੰਤੁਸ਼ਟ ਕਰਨ ਲਈ ਰਾਜ ਨੂੰ ਵਿਸ਼ੇਸ਼ ਦਰਜਾ ਦਿੱਤਾ ਜਾ ਰਿਹਾ ਸੀ। ਇਸ ਦੇ ਵਿਰੁੱਧ ਉਨ੍ਹਾਂ ਨੇ ਉਹ ਇਤਿਹਾਸਕ ਨਾਅਰਾ ਦਿੱਤਾ ਜੋ ਅੱਜ ਵੀ ਹਰ ਰਾਸ਼ਟਰਵਾਦੀ ਦੇ ਹਿਰਦੇ ’ਚ ਗੂੰਜਦਾ ਹੈ: “ਇਕ ਦੇਸ਼ ’ਚ ਦੋ ਵਿਧਾਨ, ਦੋ ਪ੍ਰਧਾਨ ਅਤੇ ਦੋ ਨਿਸ਼ਾਨ ਨਹੀਂ ਚੱਲਣਗੇ।” ਪੰਜਾਬ ਲਈ ਇਹ ਇਤਿਹਾਸ ਹੋਰ ਵੀ ਨੇੜੇ ਦਾ ਹੈ। ਮਈ 1953 ’ਚ ਪਰਮਿਟ ਪ੍ਰਣਾਲੀ ਨੂੰ ਚੁਣੌਤੀ ਦੇਣ ਲਈ ਡਾ. ਮੁਖਰਜੀ ਪੰਜਾਬ ਦੀ ਧਰਤੀ ਤੋਂ ਹੋ ਕੇ ਹੀ ਜੰਮੂ-ਕਸ਼ਮੀਰ ਵੱਲ ਵਧੇ ਸਨ। ਮਾਧੋਪੁਰ ਤੋਂ ਰਾਵੀ ਪਾਰ ਕਰ ਕੇ ਲਖਨਪੁਰ ਪਹੁੰਚਦੇ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। 23 ਜੂਨ 1953 ਨੂੰ ਹਿਰਾਸਤ ’ਚ ਹੀ ਰਹੱਸਮਈ ਹਾਲਾਤ ’ਚ ਉਨ੍ਹਾਂ ਦੀ ਸ਼ਹਾਦਤ ਹੋ ਗਈ। ਉਨ੍ਹਾਂ ਦੀ ਮੌਤ ਦੀ ਨਿਰਪੱਖ ਜਾਂਚ ਦੀ ਮੰਗ ਨੂੰ ਕਾਂਗਰਸ ਸਰਕਾਰ ਨੇ ਠੁਕਰਾ ਦਿੱਤਾ ਪਰ ਉਨ੍ਹਾਂ ਦੀ ਕੁਰਬਾਨੀ ਅਜਾਈਂ ਨਹੀਂ ਗਈ। 5 ਅਗਸਤ 2019 ਨੂੰ ਜਦੋਂ ਧਾਰਾ 370 ਅਤੇ 351 ਸਮਾਪਤ ਹੋਏ, ਤਦ ਹਰ ਭਾਜਪਾ ਕਾਰਜਕਰਤਾ ਨੇ ਮਹਿਸੂਸ ਕੀਤਾ ਕਿ ਡਾ. ਮੁਖਰਜੀ ਦਾ ਅਧੂਰਾ ਸੁਪਨਾ 66 ਸਾਲ ਬਾਅਦ ਪੂਰਾ ਹੋਇਆ ਹੈ। ਪੰਜਾਬ ਅਤੇ ਦਿੱਲੀ ’ਚ ਜਨਸੰਘ ਦੀਆਂ ਮੁੱਢਲੀਆਂ ਇਕਾਈਆਂ ਰਾਸ਼ਟਰੀ ਸਥਾਪਨਾ ਤੋਂ ਪਹਿਲਾਂ ਹੀ ਆਕਾਰ ਲੈਣ ਲੱਗੀਆਂ ਸਨ ਅਤੇ ਵੰਡ ਦਾ ਦਰਦ ਹੰਢਾ ਚੁੱਕੇ ਪੰਜਾਬ ਦੇ ਲੱਖਾਂ ਪਰਿਵਾਰਾਂ ਨੇ ਜਨਸੰਘ ਦੇ ਰਾਸ਼ਟਰਵਾਦ ’ਚ ਆਪਣੀ ਆਵਾਜ਼ ਪਛਾਣੀ। ਜਨਸੰਘ ਇਸ ਲਈ ਵੀ ਵਿਲੱਖਣ ਹੈ ਕਿ ਇਹ ਦੇਸ਼ ਦਾ ਪਹਿਲਾ ਸ਼ੁੱਧ ਸਵਦੇਸ਼ੀ ਰਾਜਨੀਤਕ ਬਦਲ ਸੀ। ਇਸ ਦੀ ਸਥਾਪਨਾ ਨਾ ਕਿਸੇ ਵਿਦੇਸ਼ੀ ਵਿਅਕਤੀ ਦੇ ਹੱਥੋਂ ਹੋਈ ਅਤੇ ਨਾ ਇਸ ’ਤੇ ਕਿਸੇ ਵਿਦੇਸ਼ੀ ਵਿਚਾਰਧਾਰਾ ਦੀ ਛਾਂ ਪਈ। ਦੇਸ਼ ਜਿਨ੍ਹਾਂ ਸਮੱਸਿਆਵਾਂ ਨਾਲ ਜੂਝ ਰਿਹਾ ਸੀ, ਉਨ੍ਹਾਂ ਦਾ ਹੱਲ ਆਪਣੇ ਸਰੋਤਾਂ, ਆਪਣੇ ਸਿਧਾਂਤਾਂ ਅਤੇ ਆਪਣੀਆਂ ਪ੍ਰੰਪਰਾਵਾਂ ’ਚ ਲੱਭਣ ਦਾ ਇਹ ਪਹਿਲਾ ਸੰਗਠਿਤ ਯਤਨ ਸੀ। ਸੱਭਿਆਚਾਰਕ ਰੂਪ ’ਚ ਅਖੰਡ ਭਾਰਤ ਦੀ ਕਲਪਨਾ, ਪਾਕਿਸਤਾਨ ਨਾਲ ਬਰਾਬਰੀ ਦਾ ਵਿਵਹਾਰ, ਰਾਸ਼ਟਰਹਿਤ ’ਚ ਆਧਾਰਤ ਆਜ਼ਾਦ ਵਿਦੇਸ਼ ਨੀਤੀ, ਉਤਪਾਦਨ ’ਚ ਵਾਧਾ ਅਤੇ ਉਦਯੋਗਾਂ ਦਾ ਵਿਕੇਂਦਰੀਕਰਨ, ਜਾਤ, ਭਾਈਚਾਰੇ ਜਾਂ ਪੰਥ ਤੋਂ ਉੱਪਰ ਉੱਠ ਕੇ ਹਰ ਨਾਗਰਿਕ ਨੂੰ ਬਰਾਬਰ ਅਧਿਕਾਰ ਅਤੇ ਪੱਛੜੇ ਵਰਗਾਂ ਦੇ ਜੀਵਨ-ਪੱਧਰ ’ਚ ਸੁਧਾਰ, ਇਹ ਉਹ ਮਾਰਗਦਰਸ਼ਕ ਸੂਤਰ ਸਨ ਜੋ ਉਸ ਸਮੇਂ ਤੈਅ ਕੀਤੇ ਗਏ। ਅੱਜ 75 ਸਾਲ ਬਾਅਦ ਵੀ ਇਹ ਸੂਤਰ ਸਾਡੇ ਲਈ ਆਦਰਸ਼ ਹਨ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ’ਚ ਐੱਨ. ਡੀ. ਏ. ਸਰਕਾਰ ਇਨ੍ਹਾਂ ਹੀ ਸੰਕਲਪਾਂ ਨੂੰ ਇਕ-ਇਕ ਕਰ ਕੇ ਸਾਕਾਰ ਕਰ ਰਹੀ ਹੈ। ਡਾ. ਮੁਖਰਜੀ ਦੀ ਕੁਰਬਾਨੀ ਤੋਂ ਬਾਅਦ ਜਨਸੰਘ ਦੇ ਸਾਹਮਣੇ ਵਜੂਦ ਦਾ ਸੰਕਟ ਸੀ ਪਰ ਪੰਡਿਤ ਦੀਨਦਿਆਲ ਉਪਾਧਿਆਏ ਨੇ ਉਸ ਸੰਕਟ ਨੂੰ ਮੌਕੇ ’ਚ ਬਦਲ ਦਿੱਤਾ। ਜਨਰਲ ਸਕੱਤਰ ਦੇ ਰੂਪ ’ਚ ਉਨ੍ਹਾਂ ਨੇ ਦੇਸ਼ ਭਰ ’ਚ ਪ੍ਰਵਾਸ ਕੀਤਾ, ਪੂਰਨਕਾਲੀ ਸੰਗਠਨਕਰਤਾ ਤਿਆਰ ਕੀਤੇ, ਸਥਾਨਕ ਲੀਡਰਸ਼ਿਪ ਖੜ੍ਹੀ ਕੀਤੀ ਅਤੇ ਸੰਗਠਨ ਦੇ ਤਾਲਮੇਲ ਲਈ ਟੋਲੀ ਬਣਾਉਣ ਦੀ ਪ੍ਰੰਪਰਾ ਪਾਈ। ਦੇਖਦੇ ਹੀ ਦੇਖਦੇ ਸਥਾਨਕ ਕਮੇਟੀਆਂ, ਮੰਡਲਾਂ, ਜ਼ਿਲਾ ਇਕਾਈਆਂ ਅਤੇ ਪ੍ਰਦੇਸ਼ ਸੰਗਠਨਾਂ ਦਾ ਅਜਿਹਾ ਢਾਂਚਾ ਖੜ੍ਹਾ ਹੋ ਗਿਆ ਜਿਸ ’ਤੇ ਅੱਜ ਭਾਜਪਾ ਦਾ ਵਿਸ਼ਾਲ ਸੰਗਠਨ ਟਿਕਿਆ ਹੈ। 1965 ’ਚ ਵਿਜੇਵਾੜਾ ਇਜਲਾਸ ’ਚ ਉਨ੍ਹਾਂ ਦਾ ‘ਏਕਾਤਮ ਮਾਨਵਦਰਸ਼ਨ’ ਪਾਰਟੀ ਦਾ ਮਾਰਗਦਰਸ਼ਕ ਦਰਸ਼ਨ ਬਣਿਆ। ਇਹ ਪੱਛਮ ਦੇ ਪੂੰਜੀਵਾਦ ਅਤੇ ਸਾਮਵਾਦ, ਦੋਵਾਂ ਦਾ ਭਾਰਤੀ ਉੱਤਰ ਸੀ, ਜਿਸ ’ਚ ਵਿਅਕਤੀ, ਸਮਾਜ, ਕੁਦਰਤ ਅਤੇ ਰਾਸ਼ਟਰ ਨੂੰ ਇਕ ਸਮੁੱਚੀ ਇਕਾਈ ਦੇ ਰੂਪ ’ਚ ਦੇਖਿਆ ਗਿਆ। ਅੰਤੋਦਿਆ ਦਾ ਜੋ ਵਿਚਾਰ ਉਨ੍ਹਾਂ ਨੇ ਦਿੱਤਾ, ਯਾਨੀ ਕਤਾਰ ’ਚ ਖੜ੍ਹੇ ਅੰਤਿਮ ਵਿਅਕਤੀ ਦਾ ਉੱਥਾਨ, ਉਹੀ ਅੱਜ ਉੱਜਵਲਾ, ਜਨਧਨ, ਆਯੁਸ਼ਮਾਨ ਭਾਰਤ ਅਤੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਦੀ ਆਤਮਾ ਹੈ। ਪਰ ਜਦੋਂ ਦੋਹਰੀ ਮੈਂਬਰਸ਼ਿਪ ਦੇ ਨਾਂ ’ਤੇ ਸਾਡੀ ਵਿਚਾਰਿਕ ਨਿਸ਼ਠਾ ’ਤੇ ਸਵਾਲ ਚੁੱਕੇ ਗਏ, ਤਾਂ ਅਸੀਂ ਵਿਚਾਰਧਾਰਾ ਨਾਲ ਸਮਝੌਤਾ ਕਰਨ ਦੀ ਬਜਾਏ ਨਵਾਂ ਰਾਹ ਚੁਣਿਆ। 6 ਅਪ੍ਰੈਲ 1980 ਨੂੰ ਭਾਰਤੀ ਜਨਤਾ ਪਾਰਟੀ ਦਾ ਜਨਮ ਹੋਇਆ। ਮੁੰਬਈ ਦੇ ਪਹਿਲੇ ਰਾਸ਼ਟਰੀ ਇਜਲਾਸ ’ਚ ਅਟਲ ਜੀ ਨੇ ਕਿਹਾ ਸੀ: “ਅੰਧੇਰਾ ਛਟੇਗਾ, ਸੂਰਜ ਨਿਕਲੇਗਾ, ਕਮਲ ਖਿੜੇਗਾ।” ਅੱਜ ਉਹ ਭਵਿੱਖਬਾਣੀ ਇਤਿਹਾਸ ਬਣ ਚੁੱਕੀ ਹੈ। ਅਸੀਂ ਸਾਰੇ ਭਾਜਪਾ ਕਾਰਜਕਰਤਾ ਖ਼ੁਸ਼ਨਸੀਬ ਹਾਂ ਕਿ ਸਾਨੂੰ ਇੰਨੀ ਗੌਰਵਸ਼ਾਲੀ ਵਿਰਾਸਤ ਮਿਲੀ ਹੈ। ਸਾਡੇ ਵਡੇਰਿਆਂ ਨੇ ਤਿਆਗ, ਤਪੱਸਿਆ ਅਤੇ ਕੁਰਬਾਨੀ ਨਾਲ ਜੋ ਦੀਵਾ ਜਲਾਇਆ ਸੀ, ਉਸ ਦੀ ਲਾਟ ਅੱਜ ਵੀ ਸਾਡਾ ਮਾਰਗ ਰੋਸ਼ਨ ਕਰ ਰਹੀ ਹੈ। ਟੀਚਾ ਸਪੱਸ਼ਟ ਹੈ: 2047 ਤੱਕ ਵਿਕਸਤ ਭਾਰਤ। ਰਸਤਾ ਵੀ ਸਪੱਸ਼ਟ ਹੈ